ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 19 | Issue 98 | 22 Nov. to 28 Nov., 2023 | Ph.: (510) 240-5949 | Email: asrtimes@gmail.com


# ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

## ਵੱਲੋਂ ਸੰਸਾਰ ਭਰ ਵਿੱਚ ਬੈਠੇ ਨਾਨਕ ਨਾਮਲੇਵਾ ਸੰਗਤਾਂ ਨੂੰ ਅਕਾਲ ਜੋਤ, ਬ੍ਰਹਿਮੰਡੀ ਧੁਨ ਦੇ ਮਾਲਕ ਸ਼੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ।






# ਪਰਾਲ਼ੀ ਸਾੜਨ ਦੇ ਮਾਮਲੇ 'ਚ ਸਰਕਾਰ ਨੂੰ ਸਵਾਲ ਕਰਨ ਦੀ ਬਜਾਏ ਕਿਸਾਨ ਕਟਹਿਰੇ 'ਚ ਕਿਓਂ ?

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ, ਹਰਿਆਣਾ ਅਤੇ ਦਿੱਲੀ ਦੀਆਂ ਸਰਕਾਰਾਂ ਇੱਕ ਦੂਜੇ ਦੇ ਉੱਤੇ ਵੱਧ ਚੜ੍ਹ ਕੇ ਦੋਸ਼ ਲਗਾਉਣ ਦੀ ਖੇਡ, ਖੇਡ ਰਹੀਆਂ ਨੇ, ਪਰ ਫਿਰ ਵੀ ਕਿਤੇ ਨਾ ਕਿਤੇ ਪੰਜਾਬ ਨੂੰ ਠਿੱਬੀ ਲਗਾਉਂਦੀਆਂ ਨਜ਼ਰ ਆਉਂਦੀਆਂ ਨੇ। ਮਸਲਾ ਇਹ ਹੈ ਕਿ ਪੰਜਾਬ ਦੇ ਕਿਸਾਨ ਪਰਾਲੀ ਫੂਕਦੇ ਨੇ, ਤੇ ਸਾਹ ਦਿੱਲੀ ਅਤੇ ਹਰਿਆਣਾ ਦਾ ਘੁੱਟਦਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕਰਦੇ, ਕਿ ਪਰਾਲੀ ਵਰਗੀਆਂ ਚੀਜ਼ਾਂ ਵੀ ਵਾਤਾਵਰਣ ਨੂੰ ਦੂਸ਼ਿਤ ਕਰਨ ਵਿੱਚ ਜ਼ਿੰਮੇਵਾਰ ਹਨ ਪਰ ਪੰਜਾਬ ਵਿੱਚ ਸੜਦੀ ਪਰਾਲੀ ਦੇ ਨਾਲ ਅਸੀਂ ਬੰਦੇ ਮਰਦੇ ਨਹੀਂ ਵੇਖੇ। ਪਰ ਅਸੀਂ ਹਮਦਰਦੀ ਵੀ ਰੱਖਦੇ ਹਾਂ ਦਿੱਲੀ ਵਾਲਿਆਂ ਨਾਲ, ਯੁੱਗ ਯੁੱਗ ਜਿਉਣ, ਕਿਉਂ ਪਰਾਲੀ ਨਾਲ ਉਹਨਾਂ ਦਾ ਸਾਹ ਘੁੱਟੇ? ਕੀ ਇਕੱਲਾ ਪੰਜਾਬ ਹੀ ਦਿੱਲੀ ਦਾ ਸਾਹ ਘੁੱਟਣ ਲਈ ਜ਼ਿੰਮੇਵਾਰ ਹੈ?

ਕੇਵਲ ਦਿੱਲੀ ਹੀ ਨਹੀਂ, ਸੁਣਿਆ ਉੱਤਰ ਭਾਰਤ ਦੇ ਹਰ ਸ਼ਹਿਰ ਦੇ ਵਿੱਚ ਸਾਹ ਦੀ ਤਕਲੀਫ਼ ਦੇ ਮਰੀਜ਼ਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ। ਖ਼ਬਰਾਂ ਇਹ ਵੀ ਨੇ, ਕਿ ਨਾਸਾ ਦੀਆਂ ਤਸਵੀਰਾਂ ਕਹਿੰਦੀਆਂ ਨੇ ਕਿ ਇਹ ਜ਼ਹਿਰੀਲਾ ਧੂੰਆਂ ਪਾਕਿਸਤਾਨ ਤੋਂ ਲੈ ਕੇ ਬੰਗਾਲ ਦੀ ਖਾੜੀ ਤੱਕ ਫੈਲਿਆ ਹੋਇਆ ਹੈ। ਇਹ ਧੂੰਆਂ ਕਿਤੇ ਪੰਜਾਬ ਦਾ ਨਾ ਸਮਝ ਲਿਓ, ਪਰ ਜਿਸ ਤਰੀਕੇ ਦੇ ਨਾਲ ਇਸ ਮੁੱਦੇ ਦੇ ਉੱਤੇ ਮੀਡੀਆ ਤੇ ਅਖ਼ਬਾਰੀ ਧੂੰਆਂ ਉੱਠ ਰਿਹਾ ਹੈ, ਉਨ੍ਹਾਂ ਨੂੰ ਪੁੱਛਣਾਂ ਬਣਦਾ ਹੈ ਕਿ ਏਨਾ ਪ੍ਰਦੂਸ਼ਣ ਤੁਸੀਂ ਪਿਛਲੀ ਵਾਰ ਨਹੀਂ ਸੀ ਦੇਖਿਆ? ਵੇਖਿਆ ਤਾਂ ਇਸ ਤੋਂ ਪਿਛਲੀ ਵਾਰੀ ਵੀ ਹੋਵੇਗਾ, ਤੇ ਸਾਲਾਂ ਤੋਂ ਵੇਖਦੇ ਆ ਰਹੇ ਹਾਂ, ਕੀ ਇਹ ਅਗਲੇ ਸਾਲ ਨਹੀਂ ਹੋਵੇਗਾ। ਕੀ ਇਹੀ ਸੁਰਖ਼ੀਆਂ ਦੁਹਰਾਈਆਂ ਜਾਣਗੀਆਂ। ਕਾਪੀ ਪੇਸਟ ਨਹੀਂ ਜਨਾਬ, ਕੁਝ ਬਦਲਾਓ ਦੇ ਲਈ ਹਾਅ ਦਾ ਨਾਰ੍ਹਾ ਮਾਰੋ। ਸਰਕਾਰੀ ਬੰਸਰੀ ਦੀ ਸੁਰ ਨਾਲ ਸੁਰ ਨਾ ਮਿਲਾਕੇ ਲੋਕ ਪੱਖੀ ਬਣੋ। ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਰਖ਼ੀਆਂ ਬਣਾਓ ਤੇ ਲਿਖੋ, "ਅੰਨਦਾਤਾ ਸਰਕਾਰ ਦੀ ਅਣਗਹਿਲੀ ਕਰਕੇ ਕਣਕ ਦੀ ਬਿਜਾਈ ਤੋਂ ਪਛੜਿਆ।" ਲਿਖੋ ਕਿ ਸਰਕਾਰਾਂ ਪਰਾਲੀ ਦਾ ਸਾਰਥਿਕ ਹੱਲ ਲੱਭਣ ਵਿੱਚ ਅਸਫ਼ਲ। ਲਿਖੋ ਕਿ ਮੰਡੀ ਕਰਨ ਦੀ ਅਣਹੋਂਦ ਕਾਰਨ ਰੁਲ ਰਹੀ ਹੈ ਕਿਸਾਨਾਂ ਦੀ ਪੁੱਤਰਾਂ ਵਰਗੀ ਫਸਲ। ਲਿਖੋ ਕਿ ਦੇਸ਼ ਦਾ ਢਿੱਡ ਭਰਨ ਵਾਲੇ ਅੰਨਦਾਤਾ ਦੀ ਜੁੱਤੀ ਗੰਢਣ ਕਾਰਨ ਮੋਚੀ ਦਾ ਰੁਜ਼ਗਾਰ ਚੱਲਦੈ। ਸਾਨੂੰ ਪਤੈ, ਹੁਣ ਤੁਸੀਂ ਇਹ ਗੱਲ ਕਹਿਣੀ ਹੈ ਕਿ ਕਿਸਾਨਾਂ ਦੇ ਕੋਲ ਵੱਡੇ ਵੱਡੇ ਟ੍ਰੈਕਟਰ ਨੇ, ਵੱਡੇ ਵੱਡੇ ਕਾਰੋਬਾਰ ਨੇ। ਹਾਂ ਹੈ ਨੇ, ਪਰ ਕੁਝ ਕੁ ਕਿਸਾਨ ਨੇ, ਜਿਹੜੇ ਸਰਕਾਰੀ ਛਤਰ ਛਾਇਆ ਦੇ ਹੇਠ ਵੱਧਦੇ ਫੁੱਲਦੇ ਨੇ। ਅਸਲੀ ਕਿਸਾਨ ਦੇ ਚਾਦਰੇ ਦੇ ਤਾਂ ਵੱਟ ਹੀ ਨਹੀਂ ਨਿਕਲਦੇ। ਇੰਡੀਆ ਟੂਡੇ ਦੀ ਰਿਪੋਰਟ ਮੁਤਾਬਿਕ ਕਿ ਮੁੰਬਈ ਸ਼ਹਿਰ 'ਤੇ ਭੂਰੇ ਰੰਗ ਦਾ ਧੂੰਆਂ, ਜਾਂ ਭੂਰੇ ਰੰਗ ਦੀ ਧੁੰਦ ਛਾਈ ਰਹੀ, ਫਰਵਰੀ ਦੇ ਵਿੱਚ ਸਵਿੱਸ ਕੰਪਨੀ ਆਈ ਕਿਊ ਏਅਰ ਨੇ ਮੁੰਬਈ ਨੂੰ ਵਿਸ਼ਵ ਦਾ ਦੂਜਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਕਿਹਾ। ਇੱਥੋਂ ਤੱਕ ਕਿ ਲਾਹੌਰ ਵੀ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ ਸ਼ਹਿਰ ਐਲਾਨਿਆ ਗਿਐ। ਸਰਵੇਖਣ ਦੱਸਦੇ ਨੇ ਕਿ ਦੁਨੀਆਂ ਦੇ ਸਭ ਤੋਂ ਵੱਧ ਪ੍ਰਦੂਸ਼ਿਤ 30 ਸ਼ਹਿਰਾਂ ਦੇ ਵਿਚੋਂ ਭਾਰਤ ਮਹਾਨ ਦੇ 22 ਸ਼ਹਿਰ ਆਉਂਦੇ ਨੇ। ਜਿਸ ਤੋਂ ਸਾਫ਼ ਹੈ ਕਿ ਅਸੀਂ ਆਪਣੀ ਅਤੇ ਬੱਚਿਆਂ ਦੀ ਸਿਹਤ ਦੇ ਲਈ ਲਾਪਰਵਾਹ ਹਾਂ। ਇਸਦੇ ਵਿੱਚ ਸਰਕਾਰਾਂ ਵੀ ਜ਼ਿੰਮੇਵਾਰ ਨੇ ਤੇ ਲੋਕ ਵੀ।

ਪਰਾਲੀ ਭਾਵੇਂ ਪੰਜਾਬ ਦੇ ਵਿੱਚ ਸਾੜੀ ਜਾਂਦੀ ਹੈ ਪਰ ਦਿੱਲੀ ਦੇ ਪ੍ਰਦੂਸ਼ਨ ਦੇ ਲਈ ਇੱਕਲਾ ਪੰਜਾਬ ਜ਼ਿੰਮੇਵਾਰ ਨਹੀਂ ਹੈ। ਜੇ ਪੰਜਾਬ ਦੇ ਵਿੱਚ ਸਾੜੀ ਜਾਣ ਵਾਲੀ ਪਰਾਲੀ ਹੀ ਜ਼ਿੰਮੇਵਾਰ ਹੁੰਦੀ ਤਾਂ ਮੁੰਬਈ ਦੇ ਵਿੱਚ ਅੱਜ ਕੱਲ੍ਹ ਸਕਾਈਲਾਈਨ ਕਿਉਂ ਨਜ਼ਰ ਨਹੀਂ ਆਉਂਦੀਆਂ? ਹੈਦਰਾਬਾਦ ਪ੍ਰਦੂਸ਼ਿਤ ਕਿਉਂ ਹੁੰਦੈ? ਪਰਾਲੀ ਤਾਂ ਅੱਜ ਕੱਲ੍ਹ ਜਲਾਈ ਜਾਂਦੀ ਹੈ, ਬਾਕੀ 297 ਦਿਨ ਦਿੱਲੀ ਵਿੱਚ ਪ੍ਰਦੂਸ਼ਨ ਕਿਸਦਾ ਹੁੰਦਾ ਹੈ? ਬੁੱਧੀਜੀਵੀ ਕਹਿੰਦੇ ਨੇ ਕਿ ਪਰਾਲੀ ਸਾੜਨ ਨਾਲ ਪ੍ਰਦੂਸ਼ਨ ਦਾ 38 ਫੀਸਦੀ ਯੋਗਦਾਨ ਹੈ। ਬਾਕੀ 62 ਫ਼ੀਸਦੀ ਯੋਗਦਾਨ ਕਿਸ ਦਾ ਹੋਇਆ, ਇਸ ਦਾ ਕਦੇ ਜ਼ਿਕਰ ਕਿਉਂ ਨਹੀਂ ਹੋਇਆ? 62 ਫੀਸਦੀ ਯੋਗਦਾਨ ਦੀ ਚਰਚਾ ਅਖ਼ਬਾਰਾਂ, ਸਰਕਾਰਾਂ ਦੇ ਵਿੱਚ ਕਿਉਂ ਨਹੀਂ ਹੁੰਦੀ? ਦਿੱਲੀ ਰਾਜਧਾਨੀ ਦੇ ਵਿੱਚ ਅੱਸੀ ਲੱਖ ਦੇ ਕਰੀਬ ਆਵਾਜਾਈ ਦੇ ਸਾਧਨ ਹਨ, ਤੇ ਰੋਜ਼ਾਨਾ 280 ਲੱਖ ਚੱਕਰ ਇਹਨਾਂ ਗੱਡੀਆਂ ਵੱਲੋਂ ਲਗਾਏ ਜਾਂਦੇ ਹਨ। ਕੀ ਇਹ ਦਿੱਲੀ ਦੇ ਸਾਹ ਘੁੱਟਣ ਦੇ ਜ਼ਿੰਮੇਵਾਰ ਨਹੀਂ। ਦਿੱਲੀ ਵਿੱਚ ਹਰ ਸਾਲ 6 ਲੱਖ ਨਵੇਂ ਆਵਾਜਾਈ ਦੇ ਸਾਧਨ ਸੜਕਾਂ 'ਤੇ ਨਵੇਂ ਆਉਂਦੇ ਨੇ ਤੇ ਲੱਖਾਂ ਹੀ ਆਵਾਜਾਈ ਦੇ ਸਾਧਨ ਦਿੱਲੀ ਵਿੱਚ ਹਰ ਦਿਨ ਦਾਖ਼ਲ ਹੁੰਦੇ ਹਨ। ਕੀ ਪਰਾਲੀ ਵਾਲੇ ਮੁੱਦੇ ਦੀ ਪਰਤ ਹੇਠ ਆਵਾਜਾਈ ਦੇ ਸਾਧਨਾਂ ਦੇ ਪ੍ਰਦੂਸ਼ਨ ਨੂੰ ਲੁਕਾਉਣਾ ਜਾਇਜ਼ ਹੈ?

ਕਹਿਣ ਨੂੰ ਤਾਂ ਸਵਾਮੀਨਾਥਨ ਨੇ ਇੱਕ ਵਾਰ ਕਿਹਾ ਸੀ ਕਿ " ਪਰਾਲੀ ਸਾੜਨ ਨਾਲੋਂ ਗੀਸਾਈਕਲ ਕੀਤਾ ਜਾਵੇ ਤੇ ਉਸ ਨੂੰ ਦੌਲਤ ਵਿੱਚ ਬਦਲਿਆ ਜਾਵੇ" ਪਰ ਕਿਸਾਨ ਤਾਂ ਦੌਲਤ ਤੋਂ ਬਿਨਾਂ ਹੀ ਆਪਣੇ ਖੇਤਾਂ ਨੂੰ ਖਾਲੀ ਕਰਵਾਉਣਾ ਚਾਹੁੰਦੇ ਨੇ ਤਾਂ ਜੋ ਅਗਲੀ ਫਸਲ ਸਮੇਂ ਸਿਰ ਬੀਜੀ ਜਾ ਸਕੇ। ਕਿਸਾਨ ਬਦਲਵੀਂ ਫਸਲ ਦੇ ਖ਼ਿਲਾਫ਼ ਨਹੀਂ ਹਨ, ਪਰ ਬਦਲਵੀਂਆਂ ਫਸਲਾਂ ਦਾ ਸਹੀ ਮੰਡੀ ਕਰਨ ਨਾ ਹੋਣ ਅਤੇ ਉਚਿਤ ਭਾਅ ਨਾ ਮਿਲਣ ਕਾਰਨ ਉਹ ਝੋਨਾ ਬੀਜਣ ਲਈ ਮਜਬੂਰ ਹਨ। ਤੇ ਇਹ ਸਹੂਲਤ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਹੀ ਦੇ ਸਕਦੀਆਂ ਨੇ, ਡੰਡੇ ਦੇ ਨਾਲ ਜਾਂ ਸਰਕਾਰੀ ਦਬਾਓ ਦੇ ਨਾਲ ਇਹ ਸਮੱਸਿਆਵਾਂ ਹੱਲ ਨਹੀਂ ਹੋਣਗੀਆਂ ਸਗੋਂ ਬਗਾਵਤੀ ਸੁਰਾਂ ਉੱਭਰ ਕੇ ਸਾਹਮਣੇ ਆ ਰਹੀਆਂ ਹਨ ਅਤੇ ਆਉਣਗੀਆਂ ਵੀ।



## ਐਨ.ਜੀ.ਟੀ. ਨੇ ਹਵਾ ਪ੍ਰਦੂਸ਼ਣ ਨੂੰ ਲੈ ਕੇ 9 ਸੂਬਾ ਸਰਕਾਰਾਂ ਨੂੰ ਲਾਈ ਫ਼ਟਕਾਰ

ਨਵੀਂ ਦਿੱਲੀ/ਏ.ਟੀ.ਨਿਊਜ਼ : ਹਵਾ ਪ੍ਰਦੂਸ਼ਣ ਦੀ ਸਮੱਸਿਆ ਨੂੰ ਲੈ ਕੇ ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਦੇਸ਼ ਦੇ ਵੱਖ-ਵੱਖ ਸੂਬਿਆਂ ਨੂੰ ਫਟਕਾਰ ਲਾਈ ਹੈ। ਐਨ.ਜੀ.ਟੀ. ਨੇ ਵਿਗੜਦੀ ਹਵਾ ਗੁਣਵੱਤਾ ਨੂੰ ਲੈ ਕੇ 9 ਸੂਬਿਆਂ ਨੂੰ ਫਟਕਾਰ ਲਾਈ ਹੈ। ਐਨ.ਜੀ.ਟੀ. ਨੇ ਸੂਬਿਆਂ ਨੂੰ ਹਵਾ ਗੁਣਵੱਤਾ 'ਚ ਸੁਧਾਰ ਲਈ ਹੋਰ ਸਖ਼ਤ ਕਦਮ ਚੁੱਕਣ ਦੇ ਹੁਕਮ ਦਿੱਤੇ ਹਨ। ਐਨ.ਜੀ.ਟੀ. ਨੇ ਦਿੱਲੀ, ਹਰਿਆਣਾ, ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਬਿਹਾਰ, ਝਾਰਖੰਡ ਨੂੰ ਨਿਰਦੇਸ਼ ਜਾਰੀ ਕੀਤਾ ਹੈ। ਐਨ.ਜੀ.ਟੀ. ਨੇ ਸੂਬਿਆਂ ਨੂੰ ਹਵਾ ਗੁਣਵੱਤਾ ਨੂੰ ਲੈ ਕੇ 22 ਨਵੰਬਰ ਤੱਕ ਕਾਰਵਾਈ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ। ਐਨ.ਜੀ.ਟੀ. ਮੁਤਾਬਕ ਸੂਬਿਆਂ ਵਿੱਚ ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਚੁੱਕੇ ਗਏ ਕਦਮ ਤਸਲੀਬਖ਼ਸ਼ ਨਹੀਂ ਹਨ। ਦੱਸ ਦੱਈਏ ਕਿ ਦਿੱਲੀ 'ਚ ਹਵਾ ਗੁਣਵੱਤਾ ਗੰਭੀਰ ਸ਼੍ਰੇਣੀ ਵਿਚ ਬਣੀ ਹੋਈ ਹੈ। ਸ਼ਹਿਰ ਵਿਚ ਸੰਘਣੀ ਧੁੰਦ ਅਤੇ ਸਮੋਗ ਕਾਰਨ ਲੋਕਾਂ ਦਾ ਸਾਹ ਲੈਣਾ ਵੀ ਔਖਾ ਹੋ ਗਿਆ ਹੈ। ਇਸ ਲਈ ਦਿੱਲੀ ਸਰਕਾਰ ਨੇ 18 ਨਵੰਬਰ ਤੱਕ ਲਈ ਸਾਰੇ ਸਕੂਲਾਂ ਨੂੰ ਬੰਦ ਕਰਨ ਦਾ ਨਿਰਦੇਸ਼ ਜਾਰੀ ਕੀਤਾ ਸੀ, ਤਾਂ ਕਿ ਬੱਚਿਆਂ ਨੂੰ ਇਸ ਪ੍ਰਦੂਸ਼ਣ ਤੋਂ ਬਚਾਇਆ ਜਾ ਸਕੇ। ਉੱਥੇ ਪੰਜਾਬ ਅਤੇ ਹਰਿਆਣਾ ਵਰਗੇ ਸੂਬਿਆਂ 'ਚ ਪਰਾਲੀ ਨੂੰ ਅੱਗ ਲਾਉਣ ਕਾਰਨ ਪ੍ਰਦੂਸ਼ਣ ਦਾ ਪੱਧਰ ਵੱਧ ਗਿਆ ਹੈ।

# ਭਾਰਤ ਨਾਲ ਕੋਈ ਵਪਾਰਕ ਗੱਲਬਾਤ ਨਹੀਂ, ਨਿੱਝਰ ਮਾਮਲੇ ਦੀ ਹੋਵੇਗੀ ਜਾਂਚ : ਕੈਨੇਡੀਅਨ ਮੰਤਰੀ

ਸਾਨ ਫਰਾਂਸਿਸਕੋ/ਏ.ਟੀ.ਨਿਊਜ਼ : ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨੂੰ ਲੈ ਕੇ ਕੈਨੇਡਾ-ਭਾਰਤ ਰਿਸ਼ਤਿਆਂ 'ਚ ਆਈ ਖਟਾਸ ਘੱਟ ਹੋਣ ਦਾ ਨਾਂ ਨਹੀਂ ਲੈ ਰਹੀ। ਹਾਲ ਹੀ 'ਚ ਅਜਿਹਾ ਲੱਗ ਰਿਹਾ ਸੀ ਕਿ ਵਪਾਰ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਾਲੇ ਸਥਿਤੀ ਸੁਧਰ ਰਹੀ ਹੈ ਪਰ ਕੈਨੇਡਾ ਦੇ ਇੱਕ ਸੀਨੀਅਰ ਮੰਤਰੀ ਨੇ ਸੰਕੇਤ ਦਿੱਤਾ ਹੈ ਕਿ ਵਪਾਰਕ ਗੱਲਬਾਤ ਮੁੜ ਸ਼ੁਰੂ ਕਰਨ ਦੀ ਬਜਾਏ ਕੈਨੇਡਾ ਸਰਕਾਰ ਖਾਲਿਸਤਾਨੀ ਨੇਤਾ ਨਿੱਝਰ ਦੇ ਕਤਲ ਦੀ ਜਾਂਚ 'ਚ ਭਾਰਤ ਤੋਂ ਸਹਿਯੋਗ



ਲੈਣ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਇੱਕ ਰਿਪੋਰਟ ਮੁਤਾਬਕ ਸਾਨ ਫਰਾਂਸਿਸਕੋ 'ਚ ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ ਦੀ ਬੈਠਕ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੈਨੇਡਾ ਦੀ ਐਕਸਪੋਰਟ ਪ੍ਰਮੋਸ਼ਨ, ਅੰਤਰਰਾਸ਼ਟਰੀ ਵਪਾਰ ਅਤੇ ਆਰਥਿਕ ਵਿਕਾਸ ਮੰਤਰੀ ਮੈਰੀ ਐਨਗ ਨੇ ਕਿਹਾ ਕਿ ਕੈਨੇਡਾ ਦਾ ਪੂਰਾ ਧਿਆਨ ਜਾਂਚ ਨੂੰ ਅੱਗੇ ਵਧਾਉਣ 'ਤੇ ਹੈ। ਵਪਾਰ ਮੰਤਰੀ ਮੈਰੀ ਐਨ ਜੀ ਨੇ ਸੁਝਾਅ ਦਿੱਤਾ ਕਿ ਕੈਨੇਡਾ ਭਾਰਤ



ਨਾਲ ਉਦੋਂ ਤੱਕ ਵਪਾਰਕ ਗੱਲਬਾਤ ਮੁੜ ਸ਼ੁਰੂ ਨਹੀਂ ਕਰੇਗਾ ਜਦੋਂ ਤੱਕ ਨਰਿੰਦਰ ਮੋਦੀ ਦੀ ਸਰਕਾਰ ਵੈਨਕੂਵਰ ਵਿੱਚ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜਾਂਚ ਵਿੱਚ ਸਹਿਯੋਗ ਨਹੀਂ ਕਰਦੀ। ਐਨਜੀ ਵੱਲੋਂ ਵਪਾਰਕ ਗੱਲਬਾਤ ਨੂੰ ਲੈ ਕੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦੇ ਹੋਏ ਮੰਤਰੀ ਨੇ ਕਿਹਾ ਕਿ ਇਸ ਸਮੇਂ, ਕੈਨੇਡਾ ਦਾ ਧਿਆਨ ਜਾਂਚ ਨੂੰ ਅੱਗੇ ਵਧਾਉਣ ਦਾ ਹੈ। ਤੁਸੀਂ ਮੈਨੂੰ ਅਤੇ ਸਰਕਾਰ ਨੂੰ ਇਸ ਬਾਰੇ ਗੱਲ ਕਰਦੇ ਸੁਣਿਆ ਹੈ ਕਿ ਕੈਨੇਡੀਅਨ ਧਰਤੀ 'ਤੇ ਸਾਡੇ ਇੱਕ ਕੈਨੇਡੀਅਨ ਦੀ ਮੌਤ ਹੋਣ ਦੇ ਮੱਦੇਨਜ਼ਰ ਜਾਂਚ ਹੋਣੀ ਕਿੰਨੀ ਮਹੱਤਵਪੂਰਨ ਹੈ। ਇਸ ਲਈ ਅਸੀਂ ਅਜਿਹਾ ਹੋਣ ਦੇਵਾਂਗੇ।

# ਐਲਕ ਗਰੋਵ ਸਿਟੀ 'ਚ ਵੈਟਰਨਸ ਡੇਅ ਸਮਾਰੋਹ ਮੌਕੇ ਸਿੱਖਾਂ ਨੇ ਕੀਤੀ ਰਿਕਾਰਡ ਤੋੜ ਸ਼ਮੂਲੀਅਤ

ਸੈਕਰਾਮੈਂਟੋ/ਏ.ਟੀ.ਨਿਊਜ਼ : ਬੀਤੇ ਦਿਨੀਂ ਕੈਲੀਫੋਰਨੀਆ ਸੂਬੇ ਦੇ ਐਲਕ ਗਰੋਵ ਸਿਟੀ ਵੱਲੋਂ ਪਿਛਲੇ ਲਮੇਂ ਸਮੇਂ ਤੋਂ ਹਰ ਸਾਲ ਵੈਟਰਨਸ ਡੇਅ ਪਰੇਡ ਦਾ ਆਯੋਜਨ ਕੀਤਾ ਜਾਂਦਾ ਹੈ। ਸਿੱਖ ਭਾਈਚਾਰੇ ਵੱਲੋਂ ਵੈਟਰਨਸ ਡੇਅ ਪਰੇਡ 'ਚ ਹਰ ਸਾਲ ਵਾਂਗ ਇਸ ਵਾਰ ਵੀ ਸ਼ਮੂਲੀਅਤ ਕੀਤੀ ਗਈ। ਇਸ ਵਾਰ ਖਾਸ ਗੱਲ ਇਹ ਸੀ ਕਿ ਸਿੱਖ ਭਾਈਚਾਰੇ ਵੱਲੋਂ 5 ਫਲੋਟ ਇਸ ਪਰੇਡ ਵਿੱਚ ਸ਼ਾਮਲ ਕੀਤੇ ਗਏ ਸਨ। ਇਨ੍ਹਾਂ ਫਲੋਟਾਂ ਦੇ ਅੱਗੇ ਅਮਰੀਕਾ ਦੇ ਮੌਜੂਦਾ ਸਿੱਖ ਫੌਜੀ ਫਲਕਮੀਤ ਸਿੰਘ ਰਾਠੌਰ ਆਪਣੀ ਵਰਦੀ 'ਚ ਚੱਲ ਰਹੇ ਸਨ। ਅਮਰੀਕੀ ਫੌਜ ਵੱਲੋਂ ਅਫਗਾਨਿਸਤਾਨ ਵਿਚ ਜੰਗ ਲੜਦਿਆਂ ਸ਼ਹੀਦ ਹੋਏ ਕਾਰਪੋਰਲ ਗੁਰਪ੍ਰੀਤ ਸਿੰਘ ਦੇ ਪਿਤਾ ਆਪਣੇ ਪਰਿਵਾਰ ਨਾਲ ਪਰੇਡ ਵਿੱਚ ਸ਼ਾਮਲ ਸਨ। ਫਲੋਟਾਂ ਦੀ ਅਗਵਾਈ ਗੁਰਜਤਿੰਦਰ ਸਿੰਘ ਰੰਧਾਵਾ ਨੇ ਓਪਨ ਜੀਪ ਰਾਹੀਂ ਕੀਤੀ। ਜਸਮੇਲ ਸਿੰਘ ਚਿੱਟੀ (ਫਾਈਵ ਸਟਾਰ ਟੋਇੰਗ), ਗੁਰਿੰਦਰ ਸਿੰਘ ਗੈਰੀ ਬਾਜਵਾ, ਸੁਖਦੇਵ ਸਿੰਘ ਸੰਧੂ ਨੇ ਵੀ ਫਲੋਟ ਲਿਆ ਕੇ ਵੈਟਰਨਸ ਡੇਅ ਪਰੇਡ ਦੀ ਰੌਣਕ ਨੂੰ ਵਧਾਇਆ। ਸਿੱਖ




ਭਾਈਚਾਰੇ ਨੇ ਭਾਰੀ ਗਿਣਤੀ ਵਿੱਚ ਇਸ ਪਰੇਡ ਵਿੱਚ ਆਪਣੀ ਸ਼ਮੂਲੀਅਤ ਕੀਤੀ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਅਵਤਾਰ ਸਿੰਘ ਢਿੱਲੋਂ, ਡਾ. ਪਰਗਟ ਸਿੰਘ ਹੁੰਦਲ, ਜਸਵਿੰਦਰ ਸਿੰਘ ਨਾਗਰਾ, ਕੁਲਦੀਪ ਸਿੰਘ ਜੌਹਲ, ਡਾ. ਭਾਵਿਨ ਪਾਰਖ, ਸੋਨੂੰ ਹੁੰਦਲ, ਦਲਜੀਤ ਢਾਂਡਾ, ਬਲਰਾਜ ਸਿੰਘ ਨਾਗਰਾ, ਕੁਲਵਿੰਦਰ ਸਿੰਘ, ਸਤਵੰਤ ਕੌਰ, ਨਿਰਮਲਜੀਤ ਕੌਰ ਰੰਧਾਵਾ, ਮਨਪ੍ਰੀਤ ਕੌਰ, ਸੋਨੂੰ ਹੁੰਝਣ (ਚਿੱਟੀ) ਵੀ ਹਾਜ਼ਰ ਸਨ। ਇਸ ਦੌਰਾਨ ਕਾਊਂਟੀ ਸੁਪਰਵਾਈਜ਼ਰ ਪੈਟ ਹਿਊਮ, ਅਸੈਂਬਲੀ ਮੈਂਬਰ ਸਟੈਫਨੀ ਨਿਊਨ, ਕੌਂਸਲ ਮੈਂਬਰ ਡੈਰਨ ਸਿਊਨ, ਕੌਂਸਲ ਮੈਂਬਰ ਕੈਵਿਨ ਸਪੀਸ ਅਤੇ ਕੌਂਸਲ ਮੈਂਬਰ ਸਰਜੀਓ ਰੋਬਲਸ ਨੇ ਸਿੱਖ ਕੌਮ ਦਾ ਇਸ ਪਰੇਡ ਵਿੱਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਵਾਰ ਵੀ ਇਸ ਪਰੇਡ ਵਿੱਚ ਜਿੱਥੇ ਅਮਰੀਕਨ ਫੌਜ ਦੇ ਸਾਬਕਾ ਫੌਜੀਆਂ ਨੇ ਹਿੱਸਾ ਲਿਆ, ਉਥੇ ਹੋਰ ਵੀ ਬਹੁਤ ਸਾਰੇ ਫਲੋਟ ਇਸ ਵਿੱਚ ਸ਼ਾਮਲ ਸਨ, ਜਿਨ੍ਹਾਂ ਵਿੱਚ ਵੱਖ-ਵੱਖ ਸਕੂਲਾਂ ਦੇ ਬੈਂਡ ਵੈਟਰਨਸ ਡੇਅ ਪਰੇਡ ਦੀ ਰੌਣਕ ਨੂੰ ਵਧਾ ਰਹੇ ਸਨ। ਇਸ ਮੌਕੇ ਬੋਲਦਿਆਂ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸਾਨੂੰ ਅਮਰੀਕਾ ਵਿੱਚ ਰਹਿੰਦਿਆਂ ਇਥੋਂ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋਣ ਦੀ ਜ਼ਰੂਰਤ ਹੈ, ਤਾਂ ਜੋ ਅਸੀਂ ਆਪਣੀ ਸਿੱਖੀ ਪਹਿਚਾਣ ਬਣਾ ਸਕੀਏ। ਜ਼ਿਕਰਯੋਗ ਹੈ ਕਿ ਅਮਰੀਕਾ ਵਿੱਚ ਵੈਟਰਨਸ ਡੇਅ ਹਰ ਸਾਲ 11 ਨਵੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਅਮਰੀਕਾ ਵੱਲੋਂ ਲੜੀਆਂ ਜੰਗਾਂ ਵਿੱਚ ਬਹਾਦਰੀ ਦਿਖਾਉਣ ਵਾਲੇ ਫੌਜੀਆਂ ਦਾ ਧੰਨਵਾਦ ਕੀਤਾ ਜਾਂਦਾ ਹੈ। ਪਹਿਲੀ ਵਿਸ਼ਵ ਜੰਗ ਤੋਂ ਬਾਅਦ ਸ਼ਹੀਦ ਹੋਏ ਫੌਜੀਆਂ ਨੂੰ ਸ਼ਰਧਾਂਜਲੀਆਂ ਦੇਣ ਵਜੋਂ ਵੈਟਰਨਸ ਡੇਅ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਸੀ।

# ਐਲਕ ਗਰੋਵ ਸਿਟੀ ਵੱਲੋਂ ਨਵੰਬਰ ਸਿੱਖ ਜਾਗਰੂਕਤਾ ਮਹੀਨਾ ਘੋਸ਼ਿਤ



ਸੈਕਰਾਮੈਂਟੋ/ਏ.ਟੀ.ਨਿਊਜ਼ : ਸੈਕਰਾਮੈਂਟੋ ਕਾਊਂਟੀ ਦੇ ਸ਼ਹਿਰ ਐਲਕ ਗਰੋਵ ਸਿਟੀ ਵੱਲੋਂ ਨਵੰਬਰ ਨੂੰ ਸਿੱਖ ਜਾਗਰੂਕਤਾ ਅਤੇ ਧੰਨਵਾਦ ਮਹੀਨੇ ਵਜੋਂ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਸਿਟੀ ਕੌਂਸਲ ਮੀਟਿੰਗ ਦੌਰਾਨ ਇੱਕ ਪਰੋਕਲਾਮੇਸ਼ਨ ਜਾਰੀ ਕੀਤਾ ਗਿਆ, ਜਿਸ ਵਿੱਚ ਸਿੱਖਾਂ ਵੱਲੋਂ ਅਮਰੀਕਾ ਵਿੱਚ ਪਾਏ ਆਪਣੇ ਵੱਡਮੁੱਲੇ ਯੋਗਦਾਨ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਇਸ ਪਰੋਕਲਾਮੇਸ਼ਨ ਨੂੰ ਪੜ੍ਹਦਿਆਂ ਕੌਂਸਲ ਮੈਂਬਰ ਰੋਡ ਬਰਿਊਅਰ ਨੇ ਕਿਹਾ ਕਿ ਸਿੱਖਾਂ ਦਾ ਅਮਰੀਕਾ ਵਿੱਚ ਅਹਿਮ ਯੋਗਦਾਨ ਹੈ ਅਤੇ ਸਿੱਖਾਂ ਨੇ ਅਮਰੀਕਾ ਵਿੱਚ ਰਹਿ ਕੇ ਸਥਾਨਕ ਅਰਥਚਾਰੇ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਇਸ ਪਰੋਕਲਾਮੇਸ਼ਨ ਵਿੱਚ ਸਿੱਖ ਧਰਮ ਦੀ ਵਡਿਆਈ ਵੀ ਕੀਤੀ ਗਈ। ਇਸ ਦੌਰਾਨ ਸਿਟੀ ਦੇ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਬੋਲਦਿਆਂ ਕਿਹਾ ਕਿ ਭਾਵੇਂ ਕਿ ਸਿੱਖਾਂ ਨੇ ਅਮਰੀਕਾ ਵਿੱਚ ਬਹੁਤ ਵੱਡਮੁੱਲਾ ਯੋਗਦਾਨ ਪਾਇਆ ਹੈ। ਪਰ ਹਾਲੇ ਤੱਕ ਸਿੱਖ ਕੌਮ ਦੀ ਪਹਿਚਾਣ ਅਮਰੀਕਾ ਵਿੱਚ ਨਹੀਂ ਬਣੀ ਹੈ, ਜਿਸ ਵੱਲ ਸਥਾਨਕ ਸਰਕਾਰਾਂ ਨੂੰ ਧਿਆਨ ਦੇਣ ਦੀ ਲੋੜ ਹੈ।

ਕੌਂਸਲ ਮੈਂਬਰ ਡੈਰਨ ਸਿਊਨ, ਕੌਂਸਲ ਮੈਂਬਰ ਰੋਡ ਬਰਿਊਅਰ ਅਤੇ ਕੌਂਸਲ ਮੈਂਬਰ ਸਰਜੀਓ ਰੋਬਲਸ ਨੇ ਪਰੋਕਲਾਮੇਸ਼ਨ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਸੌਂਪਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਢਿੱਲੋਂ, ਅਮਰਦੀਪ ਸਿੰਘ, ਬਲਜੀਤ ਸਿੰਘ ਗਿੱਲ, ਪਾਲ ਧਾਲੀਵਾਲ, ਸੁਖਦੇਵ ਸਿੰਘ ਹੁੰਦਲ, ਜਸਮੇਲ ਸਿੰਘ ਚਿੱਟੀ, ਇਕਬਾਲ ਸਿੰਘ ਚੌਹਾਨ, ਗੁਰਿੰਦਰ ਸਿੰਘ ਬਾਜਵਾ ਵੀ ਹਾਜ਼ਰ ਸਨ।

# ਪੋਸਟ 'ਤੇ ਯਹੂਦੀਆਂ ਵਿਰੁੱਧ ਸਹਿਮਤੀ ਜਤਾਉਣੀ ਮਸਕ ਨੂੰ ਪਈ ਮਹਿੰਗੀ

## ਐਪਲ-ਡਿਜ਼ਨੀ ਨੇ ਐਕਸ ਦੇ ਇਸ਼ਤਿਹਾਰ 'ਤੇ ਲਗਾਈ ਪਾਬੰਦੀ

ਵਸ਼ਿੰਗਟਨ/ਏ.ਟੀ. ਨਿਊਜ਼ : ਐਲੋਨ ਮਸਕ ਦੇ ਐਕਸ ਦੇ ਮਾਲਕ ਬਣਨ ਤੋਂ ਬਾਅਦ, ਬਹੁਤ ਸਾਰੇ ਬ੍ਰਾਂਡਾਂ ਨੇ ਐਕਸ 'ਤੇ ਇਸ਼ਤਿਹਾਰ ਦੇਣਾ ਬੰਦ ਕਰ ਦਿੱਤਾ, ਹਾਲਾਂਕਿ ਬਾਅਦ ਵਿੱਚ ਇਸ਼ਤਿਹਾਰਬਾਜ਼ੀ ਸ਼ੁਰੂ ਹੋਈ। ਹੁਣ ਫਿਰ ਖ਼ਬਰ ਸਾਹਮਣੇ ਆਈ ਹੈ ਕਿ ਐਪਲ ਅਤੇ ਡਿਜ਼ਨੀ ਨੇ ਐਕਸ 'ਤੇ ਆਪਣੇ ਇਸ਼ਤਿਹਾਰ ਦੇਣੇ ਬੰਦ ਕਰ ਦਿੱਤੇ ਹਨ।



ਐਲੋਨ ਮਸਕ ਨੇ ਇੱਕ ਪੋਸਟ 'ਤੇ ਸਹਿਮਤੀ ਜਤਾਈ ਹੈ, ਜਿਸ ਵਿੱਚ ਕਿਹਾ ਸੀ ਕਿ ਯਹੂਦੀ ਗੋਰੇ ਲੋਕਾਂ ਪ੍ਰਤੀ ਦਵੰਦਵਾਦੀ ਨਫ਼ਰਤ ਦੀ ਭਾਵਨਾ ਰੱਖਦੇ ਹਨ। ਇਸ ਸਬੰਧ ਵਿੱਚ ਮਸਕ ਨੇ ਜਵਾਬ ਦਿੱਤਾ, ਤੁਸੀਂ ਬਿਲਕੁਲ ਸਹੀ ਹੋ। ਐਲੋਨ ਮਸਕ ਦੇ ਇਸ ਜਵਾਬ ਤੋਂ ਬਾਅਦ ਐਪਲ ਅਤੇ ਡਿਜ਼ਨੀ ਨੇ ਐਕਸ 'ਤੇ ਆਪਣੇ ਇਸ਼ਤਿਹਾਰ ਬੰਦ ਕਰ ਦਿੱਤੇ ਹਨ। ਇਸ ਤੋਂ ਇਲਾਵਾ ਵ੍ਹਾਈਟ ਹਾਊਸ ਨੇ ਮਸਕ ਨੂੰ ਵੀ ਚਿਤਾਵਨੀ ਦਿੱਤੀ ਹੈ। ਵ੍ਹਾਈਟ ਹਾਊਸ ਨੇ ਮਸਕ ਦੇ ਜਵਾਬ ਨੂੰ ਗਲਤ ਕਰਾਰ ਦਿੱਤਾ ਹੈ ਤੇ ਕਿਹਾ ਕਿ ਉਸ ਦਾ ਇਹ ਵਿਚਾਰ ਯਹੂਦੀ ਭਾਈਚਾਰੇ ਨੂੰ ਖ਼ਤਰੇ ਵਿੱਚ ਪਾਉਂਦਾ ਹੈ।

**ਕੰਪਨੀਆਂ ਨੇ ਇਸ਼ਤਿਹਾਰਬਾਜ਼ੀ ਕੀਤੀ ਬੰਦ ?**

ਐਲੋਨ ਮਸਕ ਦੇ ਇਸ ਵਿਵਾਦਿਤ ਜਵਾਬ ਤੋਂ ਬਾਅਦ ਕਈ ਕੰਪਨੀਆਂ ਜਿਵੇਂ ਐਪਲ, ਇੰਟਰਨੈਸ਼ਨਲ ਬਿਜ਼ਨਸ ਮਸ਼ੀਨ ਕਾਰਪੋਰੇਸ਼ਨ, ਓਰੇਕਲ ਕਾਰਪ, ਕਾਮਕਾਸਟ ਕਾਰਪ ਦੇ ਐਕਸਫਿਨਿਟੀ ਬ੍ਰਾਂਡ ਅਤੇ ਬ੍ਰਾਵੋ ਟੈਲੀਵਿਜ਼ਨ ਨੇ ਆਪਣੇ ਇਸ਼ਤਿਹਾਰ ਬੰਦ ਕਰ ਦਿੱਤੇ ਹਨ। ਆਈਬੀਐਮ ਨੇ ਕਿਹਾ ਹੈ ਕਿ ਸਥਿਤੀ ਨੂੰ ਕਾਬੂ ਵਿੱਚ ਰੱਖਣ ਲਈ ਹੁਣ ਐਕਸ 'ਤੇ ਵਿਗਿਆਪਨ ਬੰਦ ਰਹੇਗਾ।

# ਅਮਰੀਕਾ ਦੇ ਵਰਜੀਨੀਆ ਰਾਜ ਵਿੱਚ 6 ਸਾਲਾ ਲੜਕੇ ਵੱਲੋਂ ਆਪਣੀ ਅਧਿਆਪਕਾ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦੇਣ ਦੇ ਮਾਮਲੇ 'ਚ ਮਾਂ ਨੂੰ 21 ਮਹੀਨੇ ਜੇਲ੍ਹ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਵਰਜੀਨੀਆ ਰਾਜ ਵਿੱਚ ਇਕ ਸੰਘੀ ਅਦਾਲਤ ਵੱਲੋਂ ਇਸ ਸਾਲ ਦੇ ਸ਼ੁਰੂ ਵਿੱਚ ਇੱਕ 6 ਸਾਲ ਦੇ ਮੁੰਡੇ ਵੱਲੋਂ ਆਪਣੀ ਪਹਿਲੀ ਸ਼੍ਰੇਣੀ ਦੀ ਅਧਿਆਪਕਾ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦੇਣ ਦੇ ਮਾਮਲੇ ਵਿੱਚ ਲੜਕੇ ਦੀ ਮਾਂ ਨੂੰ 21 ਮਹੀਨੇ ਦੀ ਸਜ਼ਾ



ਸੁਣਾਈ ਗਈ ਹੈ। 26 ਸਾਲਾ ਡੇਜਾ ਟੇਲਰ ਦੇ ਪੁੱਤਰ, ਜਿਸ ਦਾ ਨਾਂ ਜਨਤਿਕ ਨਹੀਂ ਕੀਤਾ ਗਿਆ, ਨੇ ਰਿਚਨੈੱਕ ਐਲੀਮੈਂਟਰੀ ਸਕੂਲ ਨਿਊਪੋਰਟ ਨਿਊਜ਼, ਵਰਜੀਨੀਆ ਵਿੱਚ ਆਪਣੀ ਅਧਿਆਪਕਾ ਐਬੀਗੇਲ ਵਰਨਰ ਉੱਪਰ 6 ਜਨਵਰੀ ਨੂੰ ਉਸ ਵੇਲੇ ਗੋਲੀ ਚਲਾ ਦਿੱਤੀ ਸੀ ਜਦੋਂ ਉਹ ਕਲਾਸ ਵਿੱਚ ਪੜ੍ਹਾ ਰਹੀ ਸੀ। ਵਰਨਰ ਦੇ ਹੱਥ ਤੇ ਛਾਤੀ ਵਿੱਚ ਗੋਲੀ ਵੱਜੀ ਸੀ, ਜਿਸ ਕਾਰਨ ਉਹ ਦੋ ਹਫਤੇ ਹਸਪਤਾਲ ਵਿੱਚ ਰਹੀ ਤੇ ਉਸ ਦੀ ਸਰਜਰੀ ਕੀਤੀ ਗਈ। ਮਾਂ ਉਪਰ ਲਾਪਰਵਾਹੀ ਵਰਤਣ ਦੇ ਦੋਸ਼ ਲੱਗੇ ਸਨ ਜਿਸ ਕਾਰਨ ਉਸ ਦਾ ਪੁੱਤਰ ਉਸ ਦੀ ਗੰਨ ਸਕੂਲ ਲਿਜਾਣ ਵਿੱਚ ਸਫਲ ਹੋ ਗਿਆ ਸੀ। ਜੱਜ ਨੇ ਟੇਲਰ ਨੂੰ ਗੰਨ ਦੀ ਮਾਲਕ ਹੋਣ ਸਮੇਂ ਨਸ਼ਾ ਵਰਤਣ ਤੇ ਗੰਨ ਖਰੀਦਣ ਲਈ ਇੱਕ ਸੰਘੀ ਫਾਰਮ ਭਰਨ ਸਮੇਂ ਨਸ਼ਾ ਨਾ ਕਰਨ ਦਾ ਝੂਠ ਬੋਲਣ ਦੇ ਦੋਸ਼ਾਂ ਤਹਿਤ ਸਜ਼ਾ ਸੁਣਾਈ ਜਿਨਾਂ ਦੋਸ਼ਾਂ ਨੂੰ ਟੇਲਰ ਨੇ ਇਸ ਸਾਲ ਜੂਨ ਵਿੱਚ ਸੰਘੀ ਅਦਾਲਤ ਵਿੱਚ ਮੰਨ ਲਿਆ ਸੀ। ਅਧਿਆਪਕਾ ਵਰਨਰ ਨੇ ਸਕੂਲ ਡਿਸਟ੍ਰਿਕਟ ਵਿਰੁੱਧ ਸਿਰੇ ਦੀ ਲਾਪਰਵਾਹੀ ਵਰਤਣ ਦੇ ਦੋਸ਼ਾਂ ਤਹਿਤ 4 ਕਰੋੜ ਡਾਲਰ ਦਾ ਇੱਕ ਵੱਖਰਾ ਦਾਅਵਾ ਵੀ ਕੀਤਾ ਹੋਇਆ ਹੈ।

# ਕੈਨੇਡੀਅਨ ਸਾਂਸਦ ਆਪਣੇ ਐਸ਼ੋ-ਆਰਾਮ 'ਤੇ ਉਡਾ ਰਹੇ ਨੇ ਜਨਤਾ ਦੇ ਪੈਸੇ

## ਸੰਸਦਾਂ ਨੇ 2023 ਦੀ ਪਹਿਲੀ ਛਿਮਾਹੀ ਵਿੱਚ ਯਾਤਰਾ 'ਤੇ 14.6 ਮਿਲੀਅਨ ਡਾਲਰ ਤੋਂ ਵੱਧ ਖ਼ਰਚ ਕੀਤੇ

## ਪ੍ਰਧਾਨ ਮੰਤਰੀ ਟਰੂਡੋ ਤੇ ਐਨ.ਡੀ.ਪੀ. ਆਗੂ ਜਗਮੀਤ ਸਿੰਘ ਦਾ ਹਵਾਈ ਯਾਤਰਾ ਦਾ ਖ਼ਰਚਾ ਸਭ ਤੋਂ ਵੱਧ

ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਦੇ ਸੰਸਦ ਮੈਂਬਰ ਦੇਸ਼ ਦੀ ਜਨਤਾ ਦੀ ਮਿਹਨਤ ਦੀ ਕਮਾਈ ਆਪਣੇ ਐਸ਼ੋ-ਆਰਾਮ 'ਤੇ ਖਰਚ ਕਰ ਰਹੇ ਹਨ। ਇਹ ਖੁਲਾਸਾ ਖਰਚ ਦੀ ਰਿਪੋਰਟ ਵਿੱਚ ਹੋਇਆ ਹੈ। ਰਿਪੋਰਟ ਮੁਤਾਬਕ, ਕੈਨੇਡੀਅਨ ਸੰਸਦ ਮੈਂਬਰਾਂ ਨੇ 2023 ਦੀ ਪਹਿਲੀ ਛਿਮਾਹੀ ਵਿੱਚ ਯਾਤਰਾ 'ਤੇ 14.6 ਮਿਲੀਅਨ ਡਾਲਰ ਤੋਂ ਵੱਧ ਖਰਚ ਕੀਤੇ, ਜੋ ਪਿਛਲੇ 6 ਮਹੀਨਿਆਂ ਦੀ ਤੁਲਨਾ ਵਿੱਚ ਲਗਭਗ 10 ਫੀਸਦੀ ਵੱਧ। ਖਰਚੇ ਦੀਆਂ ਰਿਪੋਰਟਾਂ ਦੇ ਵਿਸ਼ਲੇਸ਼ਣ ਦੇ ਅਨੁਸਾਰ ਕੈਨੇਡਾ ਸਰਕਾਰ ਦੁਆਰਾ ਟੈਕਸਦਾਤਾਵਾਂ ਦੇ ਪੈਸੇ ਦੀ ਵਰਤੋਂ ਪ੍ਰਤੀ ਦਿਨ ਲਈ ਲਗਭਗ 80,000 ਡਾਲਰ ਦੇ ਹਿਸਾਬ ਨਾਲ ਸੰਸਦ ਮੈਂਬਰਾਂ, ਉਨ੍ਹਾਂ ਦੇ ਪਰਿਵਾਰਾਂ, ਕਰਮਚਾਰੀਆਂ ਅਤੇ ਸਟਾਫ ਲਈ ਵਪਾਰਕ ਹਵਾਈ ਕਿਰਾਏ, ਜ਼ਮੀਨੀ ਆਵਾਜਾਈ, ਰਿਹਾਇਸ਼ ਅਤੇ ਭੋਜਨ ਸਮੇਤ ਯਾਤਰਾ ਲਈ ਕੀਤੀ ਗਈ। ਵਿਸ਼ਲੇਸ਼ਣ




ਰਿਪੋਰਟ ਕਰਦਾ ਹੈ ਕਿ ਕੈਨੇਡਾ ਦੇ 338 ਸੰਸਦ ਮੈਂਬਰਾਂ ਨੇ 1 ਜਨਵਰੀ ਤੋਂ 30 ਜੂਨ, 2023 ਦਰਮਿਆਨ ਕੰਮ ਅਤੇ ਹਲਕੇ ਨਾਲ ਸਬੰਧਤ ਯਾਤਰਾ 'ਤੇ ਔਸਤਨ 43,000 ਡਾਲਰ ਤੋਂ ਵੱਧ ਜਾਂ 7,200 ਡਾਲਰ ਪ੍ਰਤੀ ਮਹੀਨਾ ਤੋਂ ਵੱਧ ਖਰਚ ਕੀਤਾ। ਖਰਚੇ ਦੀ ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ 16 ਮਾਰਚ, 2020 ਤੋਂ 1 ਅਕਤੂਬਰ, 2022 ਤੱਕ ਫੈਲੀ ਮਹਾਂਮਾਰੀ ਨਾਲ ਸਬੰਧਤ ਯਾਤਰਾ ਪਾਬੰਦੀਆਂ ਤੋਂ ਬਾਅਦ ਸੰਸਦ ਮੈਂਬਰ ਫਿਰ ਤੋਂ ਅੱਗੇ ਵਧ ਰਹੇ ਹਨ। ਤਾਜ਼ਾ ਅਪ੍ਰੈਲ 2022 ਤੋਂ ਮਾਰਚ 2023 ਵਿੱਤੀ ਸਾਲ ਵਿੱਚ ਯਾਤਰਾ ਖਰਚੇ ਕੁੱਲ 27 ਮਿਲੀਅਨ ਡਾਲਰ ਸਨ, ਜੋ ਕਿ ਪਿਛਲੇ ਮਹਾਂਮਾਰੀ ਵਿੱਤੀ ਸਾਲ ਦੇ ਖਰਚੇ ਨਾਲੋਂ 9 ਫੀਸਦੀ ਵੱਧ ਹਨ। 2022 ਦੇ ਆਖਰੀ 6 ਮਹੀਨਿਆਂ ਵਿੱਚ ਯਾਤਰਾ ਦੇ ਖਰਚੇ ਕੁੱਲ 13.4 ਮਿਲੀਅਨ ਡਾਲਰ ਸਨ। ਜਨਤਕ ਤੌਰ 'ਤੇ ਉਪਲਬਧ ਅੰਕੜਿਆਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਕੈਬਨਿਟ ਮੈਂਬਰਾਂ ਦੀ ਰਾਇਲ ਕੈਨੇਡੀਅਨ ਏਅਰ ਫੋਰਸ ਦੇ ਜਹਾਜ਼ਾਂ ਅਤੇ ਸਰਕਾਰੀ ਵਾਹਨਾਂ 'ਤੇ ਅਧਿਕਾਰਤ ਯਾਤਰਾ ਦੀ ਲਾਗਤ ਸ਼ਾਮਲ ਨਹੀਂ ਹੈ, ਜੋ ਉਨ੍ਹਾਂ ਦੇ ਕੁੱਲ ਯੋਗ ਨੂੰ ਬਹੁਤ ਜ਼ਿਆਦਾ ਵਧਾ ਦੇਵੇਗਾ। ਸੁਰੱਖਿਆ ਕਾਰਨਾਂ ਕਰਕੇ, ਕੈਨੇਡੀਅਨ ਪ੍ਰਧਾਨ ਮੰਤਰੀ ਵਪਾਰਕ ਉਡਾਣਾਂ ਲੈਣ ਲਈ ਅਧਿਕਾਰਤ ਨਹੀਂ ਹਨ। ਰਿਪੋਰਟਾਂ ਮੁਤਾਬਕ ਇਸ ਸਾਲ 4 ਮਈ ਤੋਂ 21 ਸਤੰਬਰ ਦਰਮਿਆਨ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਸਟਾਫ ਦੀ ਹਵਾਈ ਯਾਤਰਾ ਲਈ ਈਂਧਣ ਅਤੇ ਖਾਣ-ਪੀਣ ਦੀ ਲਾਗਤ 1.5 ਮਿਲੀਅਨ ਡਾਲਰ ਤੋਂ ਵੱਧ ਗਈ।

ਕੈਨੇਡਾ ਦੇ ਦੋ ਮੁੱਖ ਵਿਰੋਧੀ ਨੇਤਾਵਾਂ ਦਾ ਯਾਤਰਾ ਬਿੱਲ ਸਭ ਤੋਂ ਵੱਡਾ ਸੀ। ਕੰਜ਼ਰਵੇਟਿਵ ਆਗੂ ਪੀਅਰੇ ਪੋਇਲੀਵਰ ਨੇ 2023 ਦੇ ਪਹਿਲੇ 6 ਮਹੀਨਿਆਂ ਵਿੱਚ 247,819.15 ਡਾਲਰ ਅਤੇ ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੇ 177,500.18 ਡਾਲਰ ਖਰਚ ਕੀਤੇ। ਪਾਰਟੀ ਆਗੂਆਂ ਨੂੰ ਛੱਡ ਕੇ ਸਿਰਫ 8 ਸੰਸਦ ਮੈਂਬਰਾਂ ਨੇ ਇਸ ਸਮੇਂ ਦੌਰਾਨ ਰਾਸ਼ਟਰੀ ਔਸਤ ਨਾਲੋਂ ਦੁੱਗਣੇ ਤੋਂ ਵੱਧ ਖਰਚ ਕੀਤੇ, ਜਿਨ੍ਹਾਂ ਵਿੱਚ ਦੂਰ-ਦੁਰਾਡੇ ਅਤੇ ਉੱਤਰੀ ਸਥਾਨਾਂ ਦੀ ਨੁਮਾਇੰਦਗੀ ਕਰਨ ਵਾਲੇ ਐਡਮਿੰਟਨ, ਵੈਨਕੂਵਰ ਅਤੇ ਰੇਜੀਨਾ ਦੇ ਜਾਂ ਉਸਦੇ ਆਲੇ-ਦੁਆਲੇ ਦੇ ਸੰਸਦ ਮੈਂਬਰ ਵੀ ਸ਼ਾਮਲ ਹਨ।

## ਭਾਰਤ ਨੇ ਕੈਨੇਡਾ ਦੇ ਨਾਗਰਿਕਾਂ ਲਈ ਬਹਾਲ ਕੀਤੀ ਈ-ਵੀਜ਼ਾ ਸਰਵਿਸ



ਨਵੀਂ ਦਿੱਲੀ/ਏ.ਟੀ.ਨਿਊਜ਼ : ਦੋ ਮਹੀਨੇ ਬਾਅਦ ਭਾਰਤ ਨੇ ਫਿਰ ਤੋਂ ਕੈਨੇਡੀਅਨ ਨਾਗਰਿਕਾਂ ਲਈ ਈ-ਵੀਜ਼ਾ ਸਰਵਿਸ ਦੀ ਸ਼ੁਰੂਆਤ ਕਰ ਦਿੱਤੀ ਹੈ। ਦਰਅਸਲ ਹਰਦੀਪ ਸਿੰਘ ਨਿੱਜਰ ਦੇ ਮੁੱਦੇ 'ਤੇ ਕੈਨੇਡਾ ਅਤੇ ਭਾਰਤ ਦੇ ਸਬੰਧਾਂ 'ਚ ਤਣਾਅ ਪੈਦਾ ਹੋ ਗਏ ਸਨ। ਦੋਹਾਂ ਦੇਸ਼ਾਂ ਵਿਚਾਲੇ ਰਿਸ਼ਤੇ ਖਰਾਬ ਹੋਣ ਮਗਰੋਂ ਭਾਰਤ ਨੇ ਈ-ਵੀਜ਼ਾ ਸਰਵਿਸ ਨੂੰ ਰੋਕ ਦਿੱਤਾ ਸੀ। ਉਸ ਨੂੰ ਅੱਜ ਫਿਰ ਤੋਂ ਚਾਲੂ ਕਰ ਦਿੱਤਾ ਗਿਆ ਹੈ। ਦਰਅਸਲ ਹਾਲ ਹੀ ਵਿੱਚ ਨਿੱਜਰ ਕਤਲ ਦੇ ਮੁੱਦੇ 'ਤੇ ਜਸਟਿਸ ਟਰੂਡੋ ਨੇ ਵਿਵਾਦਿਤ ਬਿਆਨ ਦਿੱਤਾ ਸੀ ਕਿ ਨਿੱਜਰ ਦੇ ਕਤਲ ਪਿੱਛੇ ਭਾਰਤੀ ਏਜੰਟਾਂ ਦਾ ਹੱਥ ਹੈ, ਜਿਸ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ 'ਚ ਤਣਾਅ ਪੈਦਾ ਹੋ ਗਿਆ ਸੀ।

ਦਰਅਸਲ 21 ਸਤੰਬਰ ਨੂੰ ਭਾਰਤ ਨੇ ਕੈਨੇਡੀਅਨ ਨਾਗਰਿਕਾਂ ਲਈ ਈ-ਵੀਜ਼ਾ ਸੇਵਾ 'ਤੇ ਪਾਬੰਦੀ ਲਗਾ ਦਿੱਤੀ ਸੀ। ਈ-ਵੀਜ਼ਾ ਮੁੜ ਸ਼ੁਰੂ ਕਰਨ ਦਾ ਮਤਲਬ ਹੈ ਕਿ ਇਸ ਵਿੱਚ ਮੈਡੀਕਲ ਵੀਜ਼ਾ, ਵਪਾਰਕ ਵੀਜ਼ਾ ਅਤੇ ਟੂਰਿਸਟ ਵੀਜ਼ਾ ਸਮੇਤ ਚਾਰ ਤਰ੍ਹਾਂ ਦੇ ਵੀਜ਼ੇ ਸ਼ਾਮਲ ਹਨ। ਸਤੰਬਰ ਵਿੱਚ ਭਾਰਤੀ ਜਨਤਾ ਪਾਰਟੀ ਨੇ ਅਗਲੇ ਹੁਕਮਾਂ ਤੱਕ ਇਨ੍ਹਾਂ ਵੀਜ਼ਿਆਂ 'ਤੇ ਪਾਬੰਦੀ ਲਾ ਦਿੱਤੀ ਸੀ। ਜਦੋਂ ਦੋਹਾਂ ਦੇਸ਼ਾਂ ਦੇ ਸਬੰਧਾਂ 'ਚ ਖਟਾਸ ਆਈ ਸੀ ਤਾਂ ਦੋਹਾਂ ਦੇਸ਼ਾਂ ਨੇ ਆਪਣੇ ਨਾਗਰਿਕਾਂ ਨੂੰ ਐਡਵਾਈਜ਼ਰੀ ਜਾਰੀ ਕੀਤੀ ਸੀ।

## ਕੈਨੇਡਾ ਤੇ ਭਾਰਤ ਵਿਚਾਲੇ ਟਕਰਾਅ ਦੇ ਬਾਵਜੂਦ ਭਾਰਤੀ ਵਿਦਿਆਰਥੀਆਂ ਨੂੰ ਧੜਾਧੜ ਵੀਜ਼ੇ ਮਿਲਣ ਲੱਗੇ

ਨਵੀਂ ਦਿੱਲੀ/ਏ.ਟੀ.ਨਿਊਜ਼: ਕੈਨੇਡਾ ਅਤੇ ਭਾਰਤ ਵਿਚਾਲੇ ਚੱਲ ਭਾਵੇਂ ਵਪਾਰਕ ਜਾਂ ਫਿਰ ਕੂਟਨੀਤਕ ਰਿਸ਼ਤੇ ਚੰਗੇ ਨਹੀਂ ਹੈ ਪਰ ਭਾਰਤੀਆਂ ਵਿਦਿਆਰਥੀਆਂ ਲਈ ਇਹ ਚੰਗੀ ਖ਼ਬਰ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਟਕਰਾਅ ਦੇ ਬਾਵਜੂਦ ਭਾਰਤੀ ਵਿਦਿਆਰਥੀਆਂ ਨੂੰ ਧੜਾਧੜ ਵੀਜ਼ੇ ਮਿਲ ਰਹੇ ਹਨ। ਦੂਜੇ ਪਾਸੇ ਸਪਾਊਜ਼ ਵੀਜ਼ਾ ਅਰਜ਼ੀਆਂ ਦੀ ਪ੍ਰੋਸੈਸਿੰਗ ਪਹਿਲਾਂ ਨਾਲੋਂ ਤੇਜ਼ ਮਹਿਸੂਸ ਰਹੀ ਹੈ। ਚੰਡੀਗੜ੍ਹ, ਬੰਗਲੌਰ ਅਤੇ ਮੁੰਬਈ ਵਿਖੇ ਕੈਨੇਡੀਅਨ ਕੌਂਸਲੇਟਸ ਵਿੱਚ ਵੀਜ਼ਾ ਸੇਵਾਵਾਂ ਆਰਜ਼ੀ ਤੌਰ 'ਤੇ ਰੱਦ ਹੋਣ ਮਗਰੋਂ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਤ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਗਿਆ ਸੀ ਪਰ ਕਈ ਮਾਮਲਿਆਂ ਵਿੱਚ ਸਿਰਫ 11 ਤੋਂ 13 ਦਿਨ ਦੇ ਅੰਦਰ ਵੀਜ਼ੇ ਮਿਲ ਰਹੇ ਹਨ ਜਦਕਿ ਵੀਜ਼ਾ ਅਰਜ਼ੀਆਂ ਦੀ ਸਫ਼ਲਤਾ ਦਰ 90 ਫ਼ੀਸਦੀ ਤੋਂ ਉਪਰ ਦੱਸੀ ਜਾ ਰਹੀ ਹੈ।




'ਇੰਡੀਅਨ ਐਕਸਪ੍ਰੈਸ' ਦੀ ਰਿਪੋਰਟ ਵਿੱਚ ਜਨਵਰੀ ਇੰਨਟੇਕ ਵਾਸਤੇ ਆ ਰਹੀਆਂ ਅਰਜ਼ੀਆਂ ਦੀ ਮਿਸਾਲ ਪੇਸ਼ ਕਰਦਿਆਂ ਦੱਸਿਆ ਗਿਆ ਹੈ ਕਿ ਪੰਜਾਬੀ ਵਿਦਿਆਰਥੀਆਂ ਦੀ ਵੀਜ਼ਾ ਸਫ਼ਲਤਾ ਦਰ 95 ਫ਼ੀਸਦੀ ਤੱਕ ਦਰਜ ਕੀਤੀ ਗਈ ਹੈ। ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਨੂੰ ਕੰਮ ਨਾ ਮਿਲਣ ਅਤੇ ਮਕਾਨ ਕਿਰਾਏ ਵਰਗੀਆਂ ਕਈ ਸਮੱਸਿਆਵਾਂ ਦਰਕਿਨਾਰ ਕਰਦਿਆਂ ਵੱਡੀ ਗਿਣਤੀ ਵਿਚ ਪੰਜਾਬੀ ਵਿਦਿਆਰਥੀ ਵੀਜ਼ਾ ਅਰਜ਼ੀਆਂ ਦਾਖਲ ਰਹੇ ਹਨ।

ਮਿਲੀ ਜਾਣਕਾਰੀ ਮੁਤਾਬਕ ਆਇਲਟਸ ਵਿੱਚ 5 ਜਾਂ 5 ਬੈਂਡ ਲੈਣ ਵਾਲੇ ਵਿਦਿਆਰਥੀਆਂ ਨੂੰ ਵੀ ਵੀਜ਼ੇ ਮਿਲ ਰਹੇ ਹਨ ਜਦਕਿ ਕੈਨੇਡਾ ਦੇ ਇੰਮੀਗ੍ਰੇਸ਼ਨ ਵਿਭਾਗ ਵੱਲੋਂ 6 ਬੈਂਡ ਦੀ ਹੱਦ ਤੈਅ ਕੀਤੀ ਗਈ ਹੈ। ਇਸੇ ਤਰ੍ਹਾਂ ਪੀਅਰਸਨ ਟੈਸਟ ਆਫ਼ ਇੰਗਲਿਸ਼ ਵਿਚ 52 ਤੋਂ 56 ਨੰਬਰ ਲੈਣ ਵਾਲੇ ਵੀ ਵੀਜ਼ਾ ਆਉਣ ਮਗਰੋਂ ਬਾਗੋ ਬਾਗ ਹਨ। ਕੈਨੇਡਾ ਸਰਕਾਰ ਵੱਲੋਂ ਪੀ.ਟੀ.ਈ. ਵਿੱਚ ਘੱਟੋ ਘੱਟ 60 ਅੰਕਾਂ ਦੀ ਹੱਦ ਤੈਅ ਕੀਤੀ ਗਈ ਹੈ।

## ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਕੈਨੇਡਾ 'ਚ ਕੰਮ ਦੇ ਘੰਟੇ ਵਧਾਉਣ ਦੀ ਮੰਗ

ਟੋਰਾਂਟੋ/ਏ.ਟੀ.ਨਿਊਜ਼ :-ਕੈਨੇਡਾ ਵਿੱਚ ਵੱਡੀ ਗਿਣਤੀ ਵਿਚ ਭਾਰਤੀ ਤੇ ਪੰਜਾਬੀ ਵਿਦਿਆਰਥੀ ਪੜ੍ਹਦੇ ਹਨ। ਇੱਥੇ ਪੜ੍ਹ ਰਹੇ ਵਿਦਿਆਰਥੀ ਮਹਿੰਗਾਈ ਦੀ ਮਾਰ ਨਾਲ ਜੂਝ ਰਹੇ ਹਨ ਅਤੇ ਆਪਣੇ ਖਰਚੇ ਪੂਰੇ ਕਰਨ ਲਈ ਜ਼ਿਆਦਾ ਸਮਾਂ ਕੰਮ ਕਰਨਾ ਚਾਹੁੰਦੇ ਹਨ। ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਕਾਲਤ ਸਮੂਹਾਂ ਦਾ ਕਹਿਣਾ ਹੈ ਕਿ ਓਟਾਵਾ ਵੱਲੋਂ ਹਰ ਹਫ਼ਤੇ ਕੈਂਪਸ ਤੋਂ ਬਾਹਰ ਕੰਮ ਕਰਨ ਦੇ ਘੰਟਿਆਂ ਦੀ ਕੈਪ (ਸੀਮਾ) ਨੂੰ ਅਸਥਾਈ ਤੌਰ 'ਤੇ ਹਟਾ ਦਿੱਤਾ ਜਾਣਾ ਚਾਹੀਦਾ ਹੈ। ਪਿਛਲੇ ਸਾਲ ਫੈਡਰਲ ਸਰਕਾਰ ਨੇ ਕਲਾਸਾਂ ਦੇ ਸੈਸ਼ਨ ਦੌਰਾਨ ਹਰ ਹਫ਼ਤੇ 20 ਘੰਟੇ ਆਫ-ਕੈਂਪਸ ਕੰਮ ਦੀ ਸੀਮਾ ਨੂੰ ਹਟਾ ਦਿੱਤਾ ਸੀ। ਪਾਇਲਟ ਪ੍ਰੋਗਰਾਮ, ਜਿਸ ਨੇ 500,000 ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰਭਾਵਿਤ ਕੀਤਾ, ਇਸ ਸਾਲ ਖਤਮ ਹੋਣ ਵਾਲਾ ਹੈ।

ਸਸਕੈਚਵਨ ਯੂਨੀਵਰਸਿਟੀ ਦੇ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਨੇ ਕਿਹਾ, 'ਪਿਛਲਾ ਸਾਲ ਵਿੱਤ ਦੇ ਮਾਮਲੇ



ਵਿੱਚ ਕਾਫ਼ੀ ਚੰਗਾ ਰਿਹਾ ਕਿਉਂਕਿ ਉਹ ਹਫ਼ਤੇ ਵਿੱਚ 40 ਘੰਟੇ ਕੰਮ ਕਰ ਸਕਦਾ ਸੀ ਅਤੇ ਆਪਣੀ ਟਿਊਸ਼ਨ ਫੀਸ ਦਾ ਭੁਗਤਾਨ ਕਰਨ ਦੇ ਯੋਗ ਹੋ ਗਿਆ ਸੀ।' 20 ਸਾਲਾ ਵਿਦਿਆਰਥੀ ਨੇ ਕਿਹਾ ਕਿ ਉਸ ਦੇ ਸਿਰ 'ਤੇ ਵਿਦਿਆਰਥੀ ਲੋਨ ਦੇ ਤੌਰ 'ਤੇ ਲਗਭਗ 40,000 ਡਾਲਰ ਹਨ ਅਤੇ ਉਹ ਫੁੱਲ-ਟਾਈਮ ਕੰਮ ਦੇ ਨਾਲ 10,000 ਡਾਲਰ ਦਾ ਭੁਗਤਾਨ ਕਰਨ ਦੇ ਯੋਗ ਸੀ - ਇੱਕ ਮੌਕਾ ਜੋ ਨਵੇਂ ਸਾਲ ਵਿੱਚ ਖ਼ਤਮ ਹੋ ਜਾਵੇਗਾ। ਉਸ ਨੇ ਕਿਹਾ ਕਿ ਮਹਿੰਗਾਈ ਨੇ ਉਸ ਦਾ ਕਰਿਆਨੇ ਦਾ ਬਜਟ 100 ਡਾਲਰ ਤੋਂ ਘਟਾ ਕੇ 300 ਡਾਲਰ ਪ੍ਰਤੀ ਮਹੀਨਾ ਕਰ ਦਿੱਤਾ ਹੈ। ਹੁਣ ਉਹ ਖੁਦ ਨੂੰ ਮੁਸ਼ਕਲ ਸਥਿਤੀ ਵਿਚ ਦੇਖਦਾ ਹੈ।

ਉਕਤ ਵਿਦਿਆਰਥੀ ਦੇ ਸਹਿਪਾਠੀ ਨੇ ਕਿਹਾ ਕਿ ਇੱਥੇ ਵਿਦਿਆਰਥੀ ਸੰਘਰਸ਼ ਕਰ ਰਹੇ ਹਨ। ਉਹਨਾਂ ਲਈ ਗੁਜਾਰਾ ਕਰਨਾ ਔਖਾ ਹੁੰਦਾ ਜਾ ਰਿਹਾ ਹੈ। ਫਾਰਮੇਸੀ ਦੀ ਇਕ ਵਿਦਿਆਰਥਣ ਨੇ ਕਿਹਾ ਕਿ ਸਵਿੱਚ ਨੂੰ ਸਥਾਈ ਬਣਾਉਣ ਨਾਲ ਰੁਜ਼ਗਾਰਦਾਤਾਵਾਂ ਨੂੰ ਵੀ ਮਦਦ ਮਿਲੇਗੀ। ਉਹ ਫਾਰਮੇਸੀ ਕੈਸ਼ੀਅਰ ਦੀ ਨੌਕਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ,

## ਇਜ਼ਰਾਈਲ-ਹਮਾਸ ਜੰਗ ਸਬੰਧੀ ਨੀਤੀ ਦੇ ਵਿਰੋਧ 'ਚ ਬਾਈਡੇਨ ਖ਼ਿਲਾਫ਼ ਉੱਤਰੇ ਅਮਰੀਕੀ ਕਰਮਚਾਰੀ

ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕੀ ਵਿਦੇਸ਼ ਵਿਭਾਗ ਤੋ ਲੈ ਕੇ ਪੁਲਾੜ ਏਜੰਸੀ 'ਨਾਸਾ' ਤੱਕ 'ਚ ਕੰਮ ਕਰਦੇ ਫੈਡਰਲ ਕਰਮਚਾਰੀ ਚਿੱਠੀਆਂ ਵੰਡ ਕੇ ਮੰਗ ਕਰ ਰਹੇ ਹਨ ਕਿ ਰਾਸ਼ਟਰਪਤੀ ਜੋਅ ਬਾਈਡੇਨ ਇਜ਼ਰਾਈਲ-ਹਮਾਸ ਜੰਗ ਵਿੱਚ ਜੰਗਬੰਦੀ ਲਈ ਦਬਾਅ ਪਾਉਣ।



ਫਿਲਸਤੀਨੀ ਨਾਗਰਿਕਾਂ ਦੀਆਂ ਮੌਤਾਂ ਦੀ ਗਿਣਤੀ ਵਧਣ ਕਾਰਨ ਸੰਸਦ ਦੇ ਕਰਮਚਾਰੀ ਇਸ ਮਾਮਲੇ ਵਿੱਚ ਸੰਸਦ ਮੈਂਬਰਾਂ ਦੀ ਚੁੱਪ ਦੀ ਨਿੰਦਾ ਕਰਦੇ ਹੋਏ ਕੈਪੀਟਲ (ਸੰਸਦ ਭਵਨ) ਦੇ ਸਾਹਮਣੇ ਮਾਈਕ੍ਰੋਫੋਨ ਲੈ ਕੇ ਸੰਸਦ ਮੈਂਬਰਾਂ ਦੀ ਚੁੱਪੀ ਦੀ ਨਿੰਦਾ ਕਰ ਰਹੇ ਹਨ। ਜਿਵੇਂ-ਜਿਵੇਂ ਗਾਜ਼ਾ ਵਿੱਚ ਨਾਗਰਿਕਾਂ ਦੀਆਂ ਮੌਤਾਂ ਦੀ ਗਿਣਤੀ ਵੱਧ ਰਹੀ ਹੈ, ਬਾਈਡੇਨ ਅਤੇ ਕਾਂਗਰਸ ਨੂੰ ਇਜ਼ਰਾਈਲ ਦੇ ਹਮਲੇ ਲਈ ਉਨ੍ਹਾਂ ਦੇ ਸਮਰਥਨ ਨੂੰ ਲੈ ਕੇ ਘਰੇਲੂ ਪੱਧਰ 'ਤੇ ਅਸਾਧਾਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੈਂਕੜੇ ਪ੍ਰਸ਼ਾਸਨਿਕ ਅਤੇ ਸੰਸਦੀ ਕਰਮਚਾਰੀ ਗਾਜ਼ਾ ਵਿੱਚ ਜੰਗਬੰਦੀ ਦੇ ਸਬੰਧ ਵਿੱਚ ਖੁੱਲੇ ਪੱਤਰਾਂ ਉੱਤੇ ਦਸਤਖਤ ਕਰ ਰਹੇ ਹਨ ਅਤੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਆਪਣੀਆਂ ਭਾਵਨਾਵਾਂ ਸਾਂਝੀਆਂ ਕਰ ਰਹੇ ਹਨ।

# ਮੈਲਬੌਰਨ ਵਿੱਚ ਆਜ਼ਾਦ ਸਿੱਖ ਸੋਸ਼ਲ ਮੋਟਰਸਾਈਕਲ ਕਲੱਬ ਦਾ ਹੋਇਆ ਆਗਾਜ਼






ਮੈਲਬੌਰਨ/ਏ.ਟੀ.ਨਿਊਜ਼: ਮੈਲਬੌਰਨ ਦੇ ਦੱਖਣ-ਪੂਰਬੀ ਇਲਾਕੇ ਵਿੱਚ ਪੈਂਦੇ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀਜਬਰੋ ਵਿਖੇ ਬੰਦੀ ਛੋੜ ਦਿਵਸ ਦੇ ਪਵਿੱਤਰ ਦਿਹਾੜੇ ’ਤੇ ਆਜ਼ਾਦ ਸਿੱਖ ਸੋਸ਼ਲ ਮੋਟਰਸਾਈਕਲ ਕਲੱਬ ਨੇ ਗੁਰੂ ਘਰ ਵਿਖੇ ਅਰਦਾਸ ਕਰਕੇ ਆਪਣਾ ਅਧਿਕਾਰਤ ਉਦਘਾਟਨ ਕੀਤਾ। ਇੱਕ ਉਸਾਰੂ ਤੇ ਸਮਾਨ ਸੋਚ ਵਾਲੇ ਮੋਟਰਸਾਈਕਲ ਸਵਾਰਾਂ ਦੇ ਸਮੂਹ ਦੁਆਰਾ ਸਥਾਪਿਤ ਕਲੱਬ ਨੇ ਪਹਿਲਾਂ ਹੀ ਲੋਕ ਸੇਵਾ ਦੇ ਆਪਣੇ ਮਿਸ਼ਨ, ਦਸਤਾਰ ਪਹਿਨਣ ਵਾਲੇ ਸਵਾਰਾਂ ਲਈ ਹੈਲਮੇਟ ਤੋਂ ਛੋਟ ਲਈ ਵਕਾਲਤ ਸ਼ੁਰੂ ਕਰ ਦਿੱਤੀ ਹੈ।

ਉਦਘਾਟਨ ਦੌਰਾਨ ਕਲੱਬ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਸਮਾਜਿਕ ਸੇਵਾ ਤੋਂ ਇਲਾਵਾ ਆਜ਼ਾਦ ਸਿੱਖ ਸੋਸ਼ਲ ਮੋਟਰਸਾਈਕਲ ਕਲੱਬ ਪੱਗ ਬੰਨ੍ਹਣ ਵਾਲੇ ਸਵਾਰਾਂ ਲਈ ਹੈਲਮੇਟ ਤੋਂ ਛੋਟ ਦੀ ਵਕਾਲਤ ਕਰਨ, ਦਸਤਾਰਾਂ ਦੇ ਸੱਭਿਆਚਾਰਕ ਅਤੇ ਧਾਰਮਿਕ ਮਹੱਤਵ ਨੂੰ ਉਜਾਗਰ ਕਰਨ ਲਈ ਨਿਰਪੱਖ ਅਤੇ ਸੁਰੱਖਿਅਤ ਢਾਂਚਾ ਸਥਾਪਤ ਕਰਨ ਲਈ ਅਧਿਕਾਰੀਆਂ ਦੇ ਨਾਲ ਮਿਲ ਕੇ ਕੰਮ ਕਰਨ ਲਈ ਵਚਨਵੱਧ ਰਹੇਗਾ। ਉਹਨਾਂ ਕਿਹਾ ਕਿ ਆਜ਼ਾਦ ਸਿੱਖ ਸੋਸ਼ਲ ਮੋਟਰਸਾਈਕਲ ਕਲੱਬ ਇੱਕ ਮਿਸ਼ਨ ਅਧਾਰਿਤ ਸੰਸਥਾ ਹੈ ਤੇ ਇਸਦੀ ਸਥਾਪਨਾ ਏਕਤਾ, ਭਾਈਚਾਰਾ ਅਤੇ ਭਾਈਚਾਰਕ ਸੇਵਾ ਦੇ ਸਿਧਾਂਤਾਂ ’ਤੇ ਕੀਤੀ ਗਈ ਹੈ।

## ਪਹਿਲੀ ਵਾਰ ਕੋਈ ਸਿੱਖ ਇਟਲੀ ’ਚ ਸਿਵਲ ਪ੍ਰੋਟੈਕਸ਼ਨ ਦੀ ਨੋਵੇਲਾਰਾ ਇਕਾਈ ਦਾ ਬਣਿਆ ਪ੍ਰਧਾਨ

ਮਿਲਾਨ, ਇਟਲੀ/ਏ.ਟੀ. ਨਿਊਜ਼ : ਸਿੱਖ ਕੌਮ ਗੁਰੂ ਸਾਹਿਬਾਨਾਂ ਦੇ ਮਨੁੱਖਤਾ ਦੀ ਸੇਵਾ ਦੇ ਦੱਸੇ ਮਾਰਗ ’ਤੇ ਚੱਲ ਕੇ ਸਾਰੀ ਦੁਨੀਆਂ ਵਿੱਚ ਸੇਵਾਵਾਂ ਨਿਭਾ ਰਹੀ ਹੈ। ਇਸੇ ਲੜੀ ਨੂੰ ਅੱਗੇ ਤੋਰਦਿਆਂ ਇਟਲੀ ਵਿੱਚ ਅੰਮ੍ਰਿਤਧਾਰੀ ਸਿੱਖ ਨੌਜਵਾਨ ਭੁਪਿੰਦਰ ਸਿੰਘ ਸੋਨੀ ਨੇ ਇਟਲੀ ਦੇ ਇਤਿਹਾਸ ਵਿੱਚ ਇੱਕ ਨਵਾਂ ਮੀਲ ਪੱਥਰ ਗੱਡਿਆ ਹੈ। ਦੱਸਣਯੋਗ ਹੈ ਕਿ ਗੁਰਸਿੱਖ ਨੌਜਵਾਨ ਨੂੰ ਸਿਵਲ ਪ੍ਰੋਟੈਕਸ਼ਨ ਨੋਵੇਲਾਰਾ ਦੀ ਹੋਈ ਮੀਟਿੰਗ ਵਿੱਚ ਸਿਵਲ ਪ੍ਰੋਟੈਕਸ਼ਨ ਨੂਬੇਲਾਰੀਆ,(ਨੋਵੇਲਾਰਾ) ਦਾ 3 ਸਾਲਾਂ ਲਈ ਪ੍ਰੈਜ਼ੀਡੈਂਟ ਚੁਣਿਆ ਗਿਆ ਹੈ।



ਉਨ੍ਹਾਂ ਦੀਆਂ ਸੇਵਾਵਾਂ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਇਹ ਜਿੰਮੇਵਾਰੀ ਸੌਂਪੀ ਗਈ ਹੈ। ਇੱਥੇ ਦੱਸਣਯੋਗ ਹੈ ਕਿ ਭੁਪਿੰਦਰ ਸਿੰਘ ਸੋਨੀ ਸਿੱਖੀ ਸਰੂਪ ਵਿੱਚ ਹੀ ਸੇਵਾ ਨਿਭਾਉਂਦੇ ਆ ਰਹੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਉਨ੍ਹਾਂ ਨੇ ਹਮੇਸ਼ਾ ਸਿੱਖੀ ਸਿਧਾਤਾਂ ਅਨੁਸਾਰ ਸੇਵਾ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਹੁਣ ਅੱਗੇ ਤੋਂ ਵੀ ਉਹ ਸਿੱਖੀ ਦੇ ਸਿਧਾਂਤ ਨੂੰ ਕਾਇਮ ਰੱਖਦੇ ਹੋਏ ਹੀ ਸੇਵਾ ਕਰਦੇ ਰਹਿਣਗੇ। ਦੱਸ ਦੇਈਏ ਕਿ ਇਹ ਸੰਸਥਾ ਕਿਸੇ ਵੀ ਕੁਦਰਤੀ ਆਫਤ ਦਾ ਟਾਕਰਾ ਕਰਨ ਲਈ ਹਮੇਸ਼ਾ ਤਿਆਰ ਰਹਿੰਦੀ ਹੈ ਅਤੇ ਖਾਸ ਕਰਕੇ ਹੜ੍ਹਾਂ ਅਤੇ ਭੁਚਾਲ ਵਰਗੀਆਂ ਸਥਿਤੀਆਂ ਵਿੱਚ ਇਸ ਸੰਸਥਾ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਇਸ ਗਰੁੱਪ ਵਿੱਚ ਜੌਰਜੀਉ ਸਾਲਾਤੀ ਨੂੰ ਵਾਇਸ ਪ੍ਰੈਜ਼ੀਡੈਂਟ ਅਤੇ ਸਤੇਫਾਨੀਆਂ ਬਾਨੀ ਨੂੰ ਸੈਕਟਰੀ ਚੁਣਿਆ ਗਿਆ ਹੈ।

## ਯੂ. ਕੇ. ਦੇ ਸਿੱਖ ਐੱਮ. ਪੀ. ਤਨਮਨਜੀਤ ਸਿੰਘ ਢੇਸੀ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ



ਲੰਡਨ/ਏ.ਟੀ.ਨਿਊਜ਼ :- ਯੂ. ਕੇ. ਦੇ ਸਲੋਹ ਤੋਂ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਸੰਸਦ ’ਚ ਗਾਜ਼ਾ-ਇਜ਼ਰਾਈਲ ਜੰਗ ਸਬੰਧੀ ਸਕਾਟਿਸ਼ ਨੈਸ਼ਨਲ ਪਾਰਟੀ ਵੱਲੋਂ ਲਿਆਂਦੇ ਮਤੇ ’ਤੇ ਵੋਟ ਨਾ ਪਾਉਣ ਤੋਂ ਬਾਅਦ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਢੇਸੀ ਨੇ ਸਕਾਟਿਸ਼ ਨੈਸ਼ਨਲ ਪਾਰਟੀ ਵੱਲੋਂ ਇਜ਼ਰਾਈਲ-ਹਮਾਸ ਜੰਗਬੰਦੀ ਕਰਨ ਦੀ ਮੰਗ ਕਰਦੇ ਹੋਏ ਪੇਸ਼ ਕੀਤੇ ਗਏ ਮਤੇ ’ਤੇ ਵੋਟ ਪਾਉਣ ਤੋਂ ਪ੍ਰਹੇਜ਼ ਕੀਤਾ ਹੈ। ਅਹਿੰਸਾ ’ਤੇ ਦੁਵੱਲੇ ਹੱਲ ਲਈ ਸਥਾਈ ਸ਼ਾਂਤੀ ਵੱਲ ਕਦਮ ਚੁੱਕਣ ਲਈ ਲੇਬਰ ਪਾਰਟੀ ਵੱਲੋਂ ਪੇਸ਼ ਕੀਤੇ ਗਏ ਮਤੇ ਲਈ ਵੋਟ ਪਾਈ ਸੀ। ਲੇਬਰ ਨੇਤਾ ਸਰ ਕੀਰ ਸਟਾਰਮਰ ਨੇ ਆਪਣੇ ਸੰਸਦਾਂ ਨੂੰ ਸਕਾਟਿਸ਼ ਨੈਸ਼ਨਲ ਪਾਰਟੀ ਮਤੇ ’ਤੇ ਪ੍ਰਹੇਜ਼ ਕਰਨ ਲਈ ਕਿਹਾ ਸੀ, ਜਦਕਿ ਉਸ ਦੇ 8 ਫਰੰਟ ਬੈਂਚਰਾਂ ਨੇ ਇਸ ਲਈ ਵੋਟ ਪਾਉਣ ਲਈ ਅਸਤੀਫ਼ਾ ਦਿੱਤਾ ਸੀ। ਢੇਸੀ ਨੂੰ ਐੱਸ.ਐੱਨ.ਪੀ.ਮੋਸ਼ਨ ’ਤੇ ਗੈਰ-ਹਾਜ਼ਰ ਰਹਿਣ ਕਾਰਨ ਦੁਰ-ਵਿਵਹਾਰ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਜਾਣਕਾਰੀ ਅਨੁਸਾਰ ਇਸ ਮਾਮਲੇ ’ਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸ ਮਾਮਲੇ ਬਾਰੇ ਤਨਮਨਜੀਤ ਸਿੰਘ ਢੇਸੀ ਨੇ ਆਖਿਆ ਕਿ ਮੈਂ ਇਨਸਾਨ ਹੋਣ ਦੇ ਨਾਤੇ ਤੁਹਾਨੂੰ ਦੱਸਦਾ ਹਾਂ, ਅਸੀਂ ਅਕਸਰ ਗੇਟ ਬ੍ਰੇਕਸ਼ਿਤ ਡਨ ਅਤੇ ਟੇਕ ਬੈਕ ਕੰਟਰੋਲ ਵਰਗੇ ਨਾਅਰਿਆਂ ਤੇ ਆਵਾਜ਼ਾਂ ’ਤੇ ਫਿਕਸ ਹੋ ਜਾਂਦੇ ਹਾਂ। ਵਾਸਤਵ ’ਚ ਬੇਸ਼ਕ ਹੱਲ ਬਹੁਤ ਜ਼ਿਆਦਾ ਗੁੰਝਲਦਾਰ ਹਨ।

ਉਨ੍ਹਾਂ ਕਿਹਾ ਕਿ ਗਾਜ਼ਾ ਸੰਕਟ ਸਬੰਧੀ ਮੈਂ ਪ੍ਰਵਾਨ ਕਰਦਾ ਹਾਂ ਕਿ ਲੋਕ ਜੰਗਬੰਦੀ ਸ਼ਬਦ ’ਤੇ ਕੇਂਦ੍ਰਿਤ ਹੋ ਗਏ ਹਨ ਤੇ ਬਹੁਤ ਸਾਰੇ ਮੰਨਦੇ ਹਨ ਕਿ ਇਸ ਨੂੰ ਪ੍ਰਾਪਤ ਕਰਨ ਲਈ ਉਸ ਰਾਤ ਸਿਰਫ਼ ਇਕ ਵੋਟ ਸੀ ਐੱਸ. ਐੱਨ. ਪੀ. ਸੋਧ, ਜੋ ਇੱਕ ਹਫ਼ਤੇ ਤੋਂ ਵੱਧ ਸਮੇਂ ਤੋਂ ਆਨ ਲਾਈਨ ਵਿਆਪਕ ਤੌਰ ’ਤੇ ਪ੍ਰਸਾਰਿਤ ਕੀਤੀ ਗਈ ਸੀ। ਅਸਲ ’ਚ ਕਈ ਸੋਧਾਂ ਸਨ, ਜਿਨ੍ਹਾਂ ਨੂੰ ਕੰਜ਼ਰਵੇਟਿਵ ਸਰਕਾਰ ਵੱਲੋਂ ਰੱਦ ਕਰ ਦਿੱਤਾ ਗਿਆ ਸੀ।

## ਆਸਟ੍ਰੇਲੀਆ ’ਚ ਸਿੱਖ ਵਿਅਕਤੀ ’ਤੇ ਨਸਲੀ ਹਮਲਾ, ਚਿੱਠੀ ਲਿਖ ਕਿਹਾ-‘ਗੋ ਹੋਮ ਇੰਡੀਅਨ’

ਮੈਲਬੌਰਨ/ਏ.ਟੀ.ਨਿਊਜ਼: ਆਸਟ੍ਰੇਲੀਆ ਵਿੱਚ ਇੱਕ ਸਿੱਖ ਵਿਅਕਤੀ ’ਤੇ ਨਸਲੀ ਹਮਲਾ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ 15 ਸਾਲਾਂ ਤੋਂ ਰਹਿ ਰਹੇ ਇੱਕ ਸਿੱਖ ਰੈਸਟੋਰੈਂਟ ਮਾਲਕ ਨੂੰ ਉਸ ਸਮੇਂ ਝਟਕਾ ਲੱਗਾ, ਜਦੋਂ ਉਹਨਾਂ ਨੂੰ ਕਈ ਦਿਨਾਂ ਤੱਕ ਆਪਣੀ ਕਾਰ ’ਤੇ ਲਗਾਤਾਰ ਮਲ-ਮੂਤਰ ਲੱਗਾ ਮਿਲਿਆ ਅਤੇ ਨਾਲ ਹੀ ਨਸਲੀ ਚਿੱਠੀਆਂ ਮਿਲੀਆਂ, ਜਿਸ ਵਿੱਚ ਉਸ ਨੂੰ ਕਿਹਾ ਗਿਆ ਸੀ, ‘ਭਾਰਤੀ ਘਰ ਜਾਓ’।



ਤਸਮਾਨੀਆ ਦੇ ਹੋਬਾਰਟ ਵਿੱਚ ‘ਦਾਵਤ-ਦ ਇਨਵੀਟੇਸ਼ਨ’ ਰੈਸਟੋਰੈਂਟ ਚਲਾਉਣ ਵਾਲੇ ਜਰਨੈਲ ਸਿੰਘ ਨੇ ਕਿਹਾ ਕਿ ਉਸ ਨੂੰ ਪਿਛਲੇ ਦੋ ਤਿੰਨ ਮਹੀਨਿਆਂ ਤੋਂ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਿੰਘ ਨੇ ਦੱਸਿਆ, ਜਦੋਂ ਤੁਹਾਡੇ ਘਰ ਦੀ ਗੱਲ ਆਉਂਦੀ ਹੈ ਅਤੇ ਤੁਹਾਨੂੰ ਖ਼ਾਸ ਕਰਕੇ ਤੁਹਾਡੇ ਨਾਮ ਨਾਲ ਨਿਸ਼ਾਨਾ ਬਣਾਇਆ ਜਾਂਦਾ ਹੈ ਤਾਂ ਇਹ ਮਾਨਸਿਕ ਤੌਰ ’ਤੇ ਬਹੁਤ ਤਣਾਅਪੂਰਨ ਹੁੰਦਾ ਹੈ। ਇਸ ਬਾਰੇ ਜਲਦੀ ਕੁਝ ਕਰਨਾ ਪਏਗਾ। ਰਿਪੋਰਟ ਅਨੁਸਾਰ ਸਿੰਘ ਨੇ ਪਹਿਲਾਂ ਇਹ ਮੰਨਿਆ ਕਿ ਚਿੱਠੀ ਕਿਸੇ ਨੌਜਵਾਨ ਦੁਆਰਾ ਲਿਖੀ ਗਈ ਸੀ ਅਤੇ ਉਸ ਨੇ ਇਸ ਨੂੰ ਨਜ਼ਰਅੰਦਾਜ਼ ਕਰਨ ਦੀ ਪੂਰੀ ਕੋਸ਼ਿਸ਼ ਕੀਤੀ।ਪਹਿਲੀ ਘਟਨਾ ਦਾ ਜ਼ਿਕਰ ਕਰਦੇ ਹੋਏ ਉਸਨੇ ਦੱਸਿਆ ਕਿ ਲਗਾਤਾਰ ਚਾਰ ਜਾਂ ਪੰਜ ਦਿਨਾਂ ਤੱਕ ਉਸਦੀ ਕਾਰ ਦੇ ਦਰਵਾਜ਼ੇ ਦੇ ਹੈਂਡਲ ’ਤੇ ਕੁੱਤੇ ਦਾ ਮਲ-ਮੂਤਰ ਲਗਾਇਆ ਗਿਆ ਸੀ, ਉਸ ਤੋਂ ਬਾਅਦ ਉਸਦੇ ਡਰਾਈਵਵੇਅ ਵਿੱਚ ਇੱਕ ਨਸਲੀ ਪੱਤਰ ਲਿਖਿਆ ਗਿਆ ਸੀ, ਜਿਸ ਵਿੱਚ ਉਸਨੂੰ ‘ਘਰ ਜਾਓ, ਭਾਰਤੀ’ ਕਿਹਾ ਗਿਆ ਸੀ। ਜਦੋਂ ਕਿ ਘਟਨਾ ਪੁਲਿਸ ਦੇ ਧਿਆਨ ਵਿੱਚ ਲਿਆਂਦੀ ਗਈ ਅਤੇ ਉਸਦੀ ਜਾਇਦਾਦ ’ਤੇ ਵੀਡੀਓ ਕੈਮਰੇ ਲਗਾਏ ਗਏ ਪਰ ਇਤਰਾਜ਼ਯੋਗ ਪੱਤਰ ਆਉਂਦੇ ਰਹੇ। ਉਸਨੇ ਦੱਸਿਆ ਕਿ ਅਗਲਾ ਪੱਤਰ ਲਗਭਗ ਇੱਕ ਮਹੀਨੇ ਬਾਅਦ ਮਿਲਿਆ ਅਤੇ ਇਹ ਪਹਿਲੇ ਨਾਲੋਂ ਵੀ ਵੱਧ ਅਪਮਾਨਜਨਕ ਸੀ।

ਉਸ ਦੀ ਕਾਰ ਨੂੰ ਉਸ ਦੇ ਕੰਮ ਵਾਲੀ ਥਾਂ ਦੇ ਬਾਹਰ ਵੀ ਨਿਸ਼ਾਨਾ ਬਣਾਇਆ ਗਿਆ। ਤਸਮਾਨੀਆ ਪੁਲਿਸ ਕਮਾਂਡਰ ਜੇਸਨ ਐਲਮਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਘਟਨਾਵਾਂ ਦੀ ਪੁਲਿਸ ਨੂੰ ਸੂਚਨਾ ਦੇ ਦਿੱਤੀ ਗਈ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ। ਤਸਮਾਨੀਆ ਦੀ ਬਹੁ-ਸੱਭਿਆਚਾਰਕ ਪਰਿਸ਼ਦ ਦੀ ਚੇਅਰ ਐਮਨ ਜਾਫਰੀ ਨੇ ਦੱਸਿਆ ਕਿ ਸਿੰਘ ਦੁਆਰਾ ਅਨੁਭਵ ਕੀਤੀਆਂ ਘਟਨਾਵਾਂ ਬਹੁਤ ਆਮ ਹਨ ਅਤੇ ਵੱਧ ਰਹੀਆਂ ਹਨ।

ਪੁਲਿਸ ਵੱਲੋਂ ਜਾਂਚ ਸ਼ੁਰੂ ਕਰਨ ਤੋਂ ਬਾਅਦ ਸਿੰਘ ਨੇ ਆਪਣੇ ਸੋਸ਼ਲ ਮੀਡੀਆ ਪੇਜ ’ਤੇ ਜਾ ਕੇ ਲਿਖਿਆ ਕਿ ਸਾਡੇ ਸੁੰਦਰ ਦੇਸ਼, ਆਸਟ੍ਰੇਲੀਆ ਵਿੱਚ ਨਸਲਵਾਦ ਲਈ ਕੋਈ ਥਾਂ ਨਹੀਂ ਹੈ। ਉਸਨੇ ਆਪਣੇ ਸਮਰਥਕਾਂ ਅਤੇ ਗਾਹਕਾਂ ਦਾ ਵੀ ਧੰਨਵਾਦ ਕੀਤਾ ਜੋ ਮੁਸ਼ਕਿਲ ਸਮੇਂ ਵਿੱਚ ਉਸਦੇ ਨਾਲ ਖੜ੍ਹੇ ਸਨ। ਉਸਨੇ ਸੋਮਵਾਰ ਨੂੰ ਫੇਸਬੁੱਕ ’ਤੇ ਲਿਖਿਆ, ਮੈਂ ਬਹੁਤ ਸਾਰੇ ਤਰੀਕਿਆਂ ਨਾਲ ਮੈਨੂੰ ਮਿਲੇ ਸ਼ਾਨਦਾਰ ਸਮਰਥਨ ਲਈ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ।

## ਲਾਸ ਵੇਗਾਸ ਹਾਈ ਸਕੂਲ ਦੇ ਇੱਕ ਵਿਦਿਆਰਥੀ ਦੀ ਸਾਥੀਆਂ ਵੱਲੋਂ ਕੀਤੀ ਕੁੱਟਮਾਰ ਨਾਲ ਹੋਈ ਮੌਤ, 8 ਨਾਬਾਲਗਾਂ ਵਿਰੁੱਧ ਆਇਦ ਹੋਣਗੇ ਹੱਤਿਆ ਦੇ ਦੋਸ਼

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਨੇਵਾਡਾ ਰਾਜ ਵਿਚ ਲਾਸ ਵੇਗਾਸ ਹਾਈ ਸਕੂਲ ਦੇ ਇਕ 17 ਸਾਲਾ ਵਿਦਿਆਰਥੀ ਦੀ ਸਾਥੀਆਂ ਵੱਲੋਂ ਕੀਤੀ ਕੁੱਟਮਾਰ ਉਪਰੰਤ ਮੌਤ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ ਕੁੱਟਮਾਰ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ 8 ਨਬਾਲਗਾਂ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਜਾ ਰਹੇ ਹਨ। ਪੁਲਿਸ ਦੇ ਇੱਕ ਬੁਲਾਰੇ ਅਨੁਸਾਰ ਵਾਇਰਲੈੱਸ ਹੈੱਡਫੋਨ ਚੋਰੀ ਹੋਣ ਨੂੰ ਲੈ ਕੇ ਹੋਏ ਝਗੜੇ ਵਿੱਚ ਜੋਨਾਥਨ ਲੇਵਿਸ ਨਾਮੀ ਵਿਦਿਆਰਥੀ ਦੀ ਪਾਗਲਾਨਾ ਢੰਗ ਨਾਲ ਕੁੱਟਮਾਰ ਕੀਤੀ ਗਈ ਜਿਸ ਉਪਰੰਤ ਉਸ ਦੀ ਮੌਤ ਹੋ ਗਈ। ਲਾਸ ਵੇਗਾਸ ਪੁਲਿਸ ਦੇ ਬੁਲਾਰੇ ਲੈਫਟੀਨੈਂਟ ਜੈਸਨ ਜੌਹਨਸਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੁੱਟਮਾਰ ਦੀ ਇਹ ਘਟਨਾ ਰਾਂਚੋ ਹਾਈ ਸਕੂਲ ਕੈਂਪਸ ਨੇੜੇ ਸਕੂਲ ਵਿੱਚ ਛੁੱਟੀ ਹੋ ਜਾਣ ਉਪਰੰਤ ਵਾਪਰੀ ਸੀ ਜੋ ਇਕ ਵੀਡੀਓ ਵਿੱਚ ਰਿਕਾਰਡ ਹੋ ਗਈ ਸੀ। ਅੰਡਰਸ਼ੈਰਿਫ ਐਂਡਰੀਊ ਵਾਲਸ਼ ਨੇ ਕਿਹਾ ਹੈ ਕਿ 8 ਨਾਬਾਲਗ ਜਿਨ੍ਹਾਂ ਦੇ ਨਾਂ ਜਨਤਿਕ ਨਹੀਂ ਕੀਤੇ ਗਏ, ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਉਨਾਂ ਨੂੰ ਹੱਤਿਆ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਬਿਨਾਂ ਜਾਂਚ ਕੀਤੇ ਭਾਰਤੀ ਰਵਾਇਤੀ ਸਿੱਖ ਲੀਡਰਸ਼ਿਪ ਨੇ ਕਰਤਾਰਪੁਰ ਸਾਹਿਬ ਨੂੰ ਕੀਤਾ ਬਦਨਾਮ

## ਕਿਹਾ: ਗੁਰਦੁਆਰਾ ਨੇੜੇ ਹੋਈ ਸ਼ਰਾਬ, ਮੀਟ ਪਾਰਟੀ, ਗ੍ਰੰਥੀ ਵੀ ਹੋਇਆ ਸ਼ਾਮਲ

### ਪਾਕਿਸਤਾਨ ਦੇ ਸਰਕਾਰੀ ਪ੍ਰਬੰਧਕਾਂ, ਗ੍ਰੰਥੀ ਗੋਬਿੰਦ ਸਿੰਘ, ਸਪੀਕਰ ਸੰਧਵਾਂ ਨੇ ਕਿਹਾ ਨਹੀਂ ਹੋਈ ਮਰਿਆਦਾ ਦੀ ਉਲੰਘਣਾ

### ਗੁਰਦੁਆਰਾ ਸਾਹਿਬ ਤੋਂ 2 ਕਿੱਲੋਮੀਟਰ ਦੂਰ ਰੱਖਿਆ ਗਿਆ ਸੀ 'ਫ਼ੈਮਲੀ ਡਿਨਰ'





ਅੰਮ੍ਰਿਤਸਰ/ਏ.ਟੀ.ਨਿਊਜ਼ : ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਨੂੰ ਸੱਚ ਮੰਨਕੇ ਬਿਨਾਂ ਜਾਂਚ ਕੀਤੇ ਭਾਰਤੀ ਰਵਾਇਤੀ ਸਿੱਖ ਲੀਡਰਸ਼ਿਪ ਵੱਲੋਂ ਕਰਤਾਰਪੁਰ ਸਾਹਿਬ ਨੂੰ ਝੂਠਾ ਬਦਨਾਮ ਕੀਤਾ ਗਿਆ ਕਿ ਬੀਤੇ ਸ਼ਨੀਵਾਰ ਕਰਤਾਰਪੁਰ ਸਾਹਿਬ ਗੁਰਦੁਆਰਾ ਦੀ ਹਦੂਦ ਅੰਦਰ ਰਾਤ ਦੌਰਾਨ ਨਾਚ ਗਾਣ ਕੀਤਾ ਗਿਆ ਤੇ ਵੱਡੇ ਘਰਾਣਿਆਂ ਦੇ ਲੋਕਾਂ ਨੂੰ ਖ਼ੁਸ਼ ਕਰਨ ਦੇ ਲਈ ਮੀਟ ਸ਼ਰਾਬ ਵੀ ਪਰੋਸੀ ਗਈ ਸੀ। ਇਸ ਪਾਰਟੀ ਪਾਰਟੀ ਵਿੱਚ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਦੇ ਡੀਸੀ ਮੁਹੰਮਦ ਸ਼ਾਰੁਖ, ਪਾਕਿਸਤਾਨ ਦੀ ਪ੍ਰਾਜੈਕਟ ਪ੍ਰਬੰਧਨ ਇਕਾਈ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਮੁਹੰਮਦ ਅਬੂ ਬਕਰ ਆਫ਼ਤਾਬ ਕੁਰੈਸ਼ੀ ਸਮੇਤ ਜ਼ਿਲ੍ਹਾ ਨਾਰੋਵਾਲ ਦੇ ਡੀਸੀ ਮੁਹੰਮਦ ਸ਼ਾਹਰੁੱਖ, ਪੁਲਿਸ ਅਧਿਕਾਰੀਆਂ ਸਮੇਤ ਵੱਖ-ਵੱਖ ਭਾਈਚਾਰਿਆਂ ਦੇ 80 ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ। ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੋਬਿੰਦ ਸਿੰਘ ਵੀ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਲੰਮਾ ਸਮਾਂ ਪਾਰਟੀ ਵਿੱਚ ਰਹੇ। ਹੋਰ ਤਾਂ ਹੋਰ ਕਰਤਾਰਪੁਰ ਸਾਹਿਬ ਕੋਰੀਡੋਰ ਦੇ ਅੰਬੈਸਡਰ ਰਹੇ ਰਮੇਸ਼ ਸਿੰਘ ਅਰੋੜਾ ਵੀ ਇਸ ਪਾਰਟੀ ਵਿਚ ਮੌਜੂਦ ਸਨ। ਜਦ ਕਿ ਇਹ ਘਟਨਾ ਝੂਠੀ ਨਿਕਲੀ। ਭਾਰਤੀ ਸਿੱਖ ਲੀਡਰਸ਼ਿਪ ਨੇ ਇਸ ਘਟਨਾ ਦੀ ਜਾਂਚ ਕਰਨ ਦੀ ਲੋੜ ਹੀ ਨਹੀਂ ਸਮਝੀ।

ਇਸ ਮਾਮਲੇ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ 18 ਨਵੰਬਰ ਦੀ ਰਾਤ ਨੂੰ ਕਰਤਾਰਪੁਰ ਸਾਹਿਬ ਦੀ ਹਦੂਦ ਅੰਦਰ ਜੋ ਵਾਪਰਿਆ ਉਹ ਨਿੰਦਣਯੋਗ ਹੈ। ਇਸ ਦੇ ਲਈ ਉਹ ਜਲਦੀ ਹੀ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਪੱਤਰ ਲਿਖਣ ਜਾ ਰਹੇ ਹਨ। ਪਾਕਿਸਤਾਨ ਸਰਕਾਰ ਨੂੰ ਇਸ ਮਾਮਲੇ ਵਿੱਚ ਕਾਰਵਾਈ ਕਰਨੀ ਚਾਹੀਦੀ ਹੈ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਸੱਚਮੁਚ ਮੰਦਭਾਗਾ ਹੈ। ਪਾਕਿਸਤਾਨ ਸਰਕਾਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਰਤਾਰਪੁਰ ਸਾਹਿਬ ਗੁਰਦੁਆਰਾ ਸਾਡੇ ਲਈ ਪੂਜਾ ਸਥਾਨ ਹੈ। ਉਨ੍ਹਾਂ ਨੂੰ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ।

ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਐਕਸ ਹੈਂਡਲ ਉਪਰ ਨਿਖੇਧੀ ਕੀਤੀ। ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਦੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜਿਸ ਤਰ੍ਹਾਂ ਦੀ 'ਰਹਿਤ ਮਰਯਾਦਾ' ਦੀ ਲਗਾਤਾਰ ਉਲੰਘਣਾ ਕੀਤੀ ਜਾ ਰਹੀ ਹੈ, ਉਸ ਨੇ ਦੁਨੀਆਂ ਭਰ ਦੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾਜ਼ਾ ਉਲੰਘਣਾ ਦੀ ਨਿਸ਼ਚਿਤ ਤੌਰ 'ਤੇ ਰਿਪੋਰਟ ਕਰਨੀ ਚਾਹੀਦੀ ਹੈ।

ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੇੜੇ ਨਾਚ ਗਾਣੇ ਅਤੇ ਸ਼ਰਾਬ-ਮੀਟ ਦੀ ਵਰਤੋਂ ਨਾਲ ਮਰਿਆਦਾ ਦੀ ਕੀਤੀ ਉਲੰਘਣਾ ਦੀ ਨਿਖੇਧੀ ਕੀਤੀ ਹੈ। ਇਸ ਦੌਰਾਨ ਉਨ੍ਹਾਂ ਮੰਗ ਕੀਤੀ ਕਿ ਪਾਕਿਸਤਾਨ ਸਰਕਾਰ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਇਸ ਘਟਨਾ ਦਾ ਸਖ਼ਤ ਨੋਟਿਸ ਲੈਂਦਿਆਂ ਲਾਲਪੁਰਾ ਨੇ ਵਿਦੇਸ਼ ਮੰਤਰਾਲੇ ਨੂੰ ਇੱਕ ਪੱਤਰ ਲਿਖ ਕੇ ਪਾਕਿਸਤਾਨ ਸਰਕਾਰ ਨਾਲ ਰਾਬਤਾ ਕਾਇਮ ਕਰ ਕੇ ਦੋਸ਼ੀ ਅਫ਼ਸਰਾਂ ਤੇ ਹੋਰਨਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਤਾਕੀਦ ਕੀਤੀ ਹੈ।

### ਝੂਠੇ ਪ੍ਰੋਪੇਗੰਡੇ ਦਾ ਹੋਇਆ ਪਰਦਾਫ਼ਾਸ਼

ਇਸ ਬਾਰੇ ਵਿੱਚ ਪੀ. ਐੱਮ. ਯੂ. ਦੇ ਸੀ. ਈ. ਓ. ਅਬੂ ਬਕਰ ਆਫ਼ਤਾਬ ਕੁਰੈਸ਼ੀ ਨੇ ਸਾਫ਼ ਕੀਤਾ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਕਿਸੇ ਤਰ੍ਹਾਂ ਨਾਲ ਵੀ ਮਰਿਆਦਾ ਦੀ ਉਲੰਘਣਾ ਨਹੀਂ ਕੀਤੀ ਗਈ । ਉਨ੍ਹਾਂ ਕਿਹਾ ਕਿ ਪੀ. ਐੱਮ. ਯੂ. ਵੱਲੋਂ ਸੰਬੰਧਿਤ ਅਧਿਕਾਰੀਆਂ ਅਤੇ ਉਨ੍ਹਾਂ ਦੇ ਨਾਲ ਨਾਰੋਵਾਲ ਵਿੱਚ ਰਹਿ ਰਹੇ ਪਰਿਵਾਰਕ ਮੈਂਬਰਾਂ ਨੂੰ ਗੁਰਦੁਆਰਾ ਸਾਹਿਬ ਤੋਂ ਲਗਭਗ 2 ਕਿੱਲੋਮੀਟਰ ਦੂਰ ਰਾਤ ਦੇ ਭੋਜਨ ਲਈ ਸੱਦਾ ਦਿੱਤਾ ਗਿਆ ਸੀ । ਜਿਸ ਵਿੱਚ ਸ਼ਰਾਬ ਪਿਆਏ ਜਾਣ ਦੀਆਂ ਅਫ਼ਵਾਹਾਂ ਪੂਰੀ ਤਰ੍ਹਾਂ ਨਾਲ ਮਨਘੜ੍ਹਤ ਹਨ । ਪੀ. ਐੱਮ. ਯੂ. ਦੇ ਡਿਪਟੀ ਸਕੱਤਰ (ਪ੍ਰਬੰਧਨ) ਸੈਫ਼ਉੱਲਾ ਖੋਖਰ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਆਉਣ ਵਾਲੇ ਪਾਕਿਸਤਾਨੀ ਯਾਤਰੂਆਂ ਲਈ ਬਣਾਈ ਪਾਰਕਿੰਗ ਤੋਂ ਥੋੜੀ ਦੂਰੀ 'ਤੇ ਚੈੱਕ ਪੁਆਇੰਟ ਹੈ ਅਤੇ ਉਸ ਦੇ ਅੱਗੇ ਡੋਡਾ ਪਿੰਡ ਦੇ ਨਾਲ ਪੀ. ਐੱਮ. ਯੂ. ਸਟਾਫ਼ ਦੇ ਰਿਹਾਇਸ਼ੀ ਕੁਆਰਟਰ ਹਨ, ਜਿੱਥੇ ਰਾਤ ਦੇ ਖਾਣੇ ਲਈ ਪੁਲਿਸ, ਜ਼ਿਲ੍ਹਾ ਪ੍ਰਸ਼ਾਸਨ, ਸਿੱਖਿਆ ਵਿਭਾਗ, ਇਮੀਗਰੇਸ਼ਨ, ਰੇਂਜਰਜ਼ ਆਦਿ ਦੇ ਅਧਿਕਾਰੀ ਪਰਿਵਾਰਾਂ ਸਮੇਤ ਹਾਜ਼ਰ ਸਨ ।

ਕਰਤਾਰਪੁਰ ਸਾਹਿਬ ਗੁਰਦੁਆਰਾ ਦੇ ਹੈੱਡ ਗ੍ਰੰਥੀ ਗਿਆਨੀ ਗੋਬਿੰਦ ਸਿੰਘ ਨੇ ਕਿਹਾ ਕਿ ਇਹ ਪਾਰਟੀ ਗੁਰਦੁਆਰਾ ਹਦੂਦ ਅੰਦਰ ਨਹੀਂ ਸਗੋਂ ਗੁਰੂ ਦਰਬਾਰ ਦੀ ਹੱਦ ਤੋਂ 2 ਕਿਲੋਮੀਟਰ ਦੂਰ ਹੋਈ ਹੈ। ਗੋਬਿੰਦ ਸਿੰਘ ਨੇ ਇਹ ਜ਼ਰੂਰ ਮੰਨਿਆ ਹੈ ਕਿ ਇਸ ਪਾਰਟੀ ਵਿੱਚ ਮੀਟ ਪਰੋਸਿਆ ਗਿਆ ਪਰ ਸ਼ਰਾਬ ਦੀ ਗੱਲ ਉਹਨਾਂ ਨੇ ਗਲਤ ਕਰਾਰ ਦਿੱਤੀ ਹੈ।

ਹੈੱਡ ਗ੍ਰੰਥੀ ਗੋਬਿੰਦ ਸਿੰਘ ਨੇ ਕਿਹਾ ਕਿ ਇਸ ਪਿੱਛੇ ਮਹਿਜ਼ ਇੱਕ ਸਾਜਿਸ਼ ਹੀ ਹੈ। ਸ਼ਰਾਰਤੀ ਲੋਕਾਂ ਦਾ ਮਕਸਦ ਹੈ ਕਿ ਇਸ ਦਰਬਾਰ ਸਾਹਿਬ ਸੰਗਤ ਮੱਥਾ ਟੇਕਣ ਨਾ ਆਵੇ। ਗੋਬਿੰਦ ਸਿੰਘ ਨੇ ਅਪੀਲ ਵੀ ਕੀਤੀ ਹੈ ਕਿ ਅਜਿਹੀਆਂ ਗਤੀਵਿਧੀਆਂ ਤੋਂ ਸੰਗਤ ਬੱਚ ਕੇ ਰਹੇ।

ਓਧਰ ਦੂਜੇ ਪਾਸੇ ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰਾ ਦਰਸ਼ਨ ਕਰਨ ਗਏ ਪੰਜਾਬ ਵਿਧਾਨ ਸਭਾ ਦੇ ਸਪੀਕਰ, ਇੱਕ ਮੰਤਰੀ ਤੇ 14 ਵਿਧਾਇਕਾਂ ਨੇ ਵੀ ਇਸ ਘਟਨਾ ਦਾ ਮੌਕਾ ਦੇਖਿਆ। ਜਿਸ ਤੋਂ ਬਾਅਦ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਪਾਕਿਸਤਾਨ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਸੰਧਵਾ ਨੇ ਕਿਹਾ ਕਿ ਉਸ ਸ਼ਰਾਬ ਮੀਟ ਪਾਰਟੀ ਦਾ ਗੁਰਦੁਆਰਾ ਕੰਪਲੈਕਸ ਨਾਲ ਕੋਈ ਮਤਲਬ ਨਹੀਂ ਹੈ। ਪਾਰਟੀ ਹਦੂਦ ਤੋਂ ਬਾਹਰ ਹੋਈ ਸੀ।

## .ਗਜ਼ਨੀ ਸੂਬੇ ਦੇ ਗੁਰਦੁਆਰਾ ਕੋਟਲਾ ਸਾਹਿਬ ਵਿਖੇ ਅ.ਫਗਾਨੀ ਸਿੱਖਾਂ ਨੇ ਨਿਸ਼ਾਨ ਸਾਹਿਬ ਦੀ ਕੀਤੀ ਸੇਵਾ

### ਅਫ਼ਗਾਨ ਸਿੱਖਾਂ ਵੱਲੋਂ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਰੱਖ-ਰਖਾਅ ਲਈ ਵੀ ਪੁਖ਼ਤਾ ਇੰਤਜ਼ਾਮ ਕਰਨ ਦੀ ਮੰਗ



ਅ.ਫ.ਗਾਨਿਸਤਾਨ ਵਿੱਚ ਰਹਿੰਦੇ ਸਿੱਖ ਭਾਈਚਾਰੇ ਵੱਲੋਂ ਲੰਘੇ ਦਿਨ .ਗਜ਼ਨੀ ਸੂਬੇ ਵਿਚਲੇ ਇਤਿਹਾਸਕ ਗੁਰਦੁਆਰਾ ਕੋਟਲਾ ਸਾਹਿਬ ਵਿੱਚ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। ਕਾਬੁਲ ਤੋਂ ਜਗਜੀਤ ਸਿੰਘ ਖੁਰਾਨਾ ਨੇ ਦੱਸਿਆ ਕਿ .ਗਜ਼ਨੀ ਸ਼ਹਿਰ ਵਿੱਚ ਦੋ ਇਤਿਹਾਸਕ ਗੁਰਦੁਆਰੇ ਮੌਜੂਦ ਹਨ ਅਤੇ ਜਿਸ ਗੁਰਦੁਆਰਾ ਸਾਹਿਬ ਵਿੱਚ ਅਫ਼ਗਾਨ ਸਿੱਖ ਭਾਈਚਾਰੇ ਵੱਲੋਂ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਕੀਤੀ ਗਈ ਹੈ, ਉਹ ਗੁਰਦੁਆਰਾ ਕੋਟਲਾ ਸ਼ਹਿਰ ਵਿੱਚ ਸਥਿਤ ਹੈ। ਉਨ੍ਹਾਂ ਦੱਸਿਆ ਕਿ ਕੋਟਲਾ ਮੌਜੂਦਾ ਸਮੇਂ .ਗਜ਼ਨੀ ਤੋਂ ਸਿਰ.ਫ 2 ਕਿਲੋਮੀਟਰ ਦੀ ਦੂਰੀ 'ਤੇ ਆਬਾਦ ਹੈ । ਜਗਜੀਤ ਸਿੰਘ ਖੁਰਾਨਾ ਮੁਤਾਬਿਕ ਗੁਰਦੁਆਰਾ ਕੋਟਲਾ ਸਾਹਿਬ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ ਅਤੇ ਗੁਰਦੁਆਰਾ ਸਾਹਿਬ ਦੇ ਅੰਦਰ ਵਿਸ਼ਾਲ ਬਾ.ਗ ਵੀ ਲਗਵਾਇਆ ਗਿਆ ਹੈ, ਜਿਸ 'ਚ ਭਾਂਤ-ਭਾਂਤ ਦੇ ਫਲਾਂ ਅਤੇ ਫੁੱਲਾਂ ਦੇ ਬੂਟੇ ਲਗਾਏ ਗਏ ਹਨ। ਇਥੇ ਤਾਲਿਬਾਨ ਦੇ ਸੱਤਾ 'ਚ ਆਉਣ ਤੋਂ ਪਹਿਲਾਂ ਹਰ ਸਾਲ

(ਬਾਕੀ ਸ.ਫਾ 31 'ਤੇ)

## ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਈ ਅਰਦਾਸ

### ਸਰਕਾਰੀ ਪਾਬੰਦੀਆਂ ਦੇ ਬਾਵਜੂਦ ਵਹੀਰਾਂ ਘਤਕੇ ਪਹੁੰਚੀਆਂ ਸੰਗਤਾਂ

### ਤੀਜੇ ਪੜਾਅ ਦਾ ਅਰਦਾਸ ਸਮਾਗਮ 3 ਦਸੰਬਰ ਨੂੰ ਤਖ਼ਤ ਦਮਦਮਾ ਸਾਹਿਬ ਵਿਖੇ ਹੋਵੇਗਾ



ਅਨੰਦਪੁਰ ਸਾਹਿਬ/ ਏ.ਟੀ.ਨਿਊਜ਼ : ਨੈਸ਼ਨਲ ਸਕਿਉਰਿਟੀ ਐਕਟ ਤਹਿਤ ਪੰਜਾਬ ਦੀ ਧਰਤੀ ਤੋਂ ਹਜ਼ਾਰਾਂ ਮੀਲ ਦੂਰ ਅਸਾਮ ਦੀ ਜੇਲ੍ਹ ਵਿੱਚ ਬੰਦ ਵਾਰਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਅਤੇ ਵੱਖ ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਬੰਦੀ ਸਿੰਘਾਂ ਦੇ ਪਰਿਵਾਰਾਂ, ਸਿੱਖ ਜਥੇਬੰਦੀਆਂ ਅਤੇ ਵੱਡੀ ਗਿਣਤੀ ਵਿੱਚ ਪਹੁੰਚੀਆਂ ਸਿੱਖ ਸੰਗਤਾਂ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਰਦਾਸ ਕੀਤੀ ਗਈ । ਉਪਰੰਤ ਅੰਮ੍ਰਿਤ ਸੰਚਾਰ ਵਿੱਚ ਅਨੇਕਾਂ ਨੌਜਵਾਨ ਹਿੱਸਾ ਲੈਂਦਿਆਂ ਗੁਰੂ ਵਾਲੇ ਬਣੇ।

ਅੰਮ੍ਰਿਤਪਾਲ ਸਿੰਘ ਦੇ ਮਾਤਾ ਬੀਬੀ ਬਲਵਿੰਦਰ ਕੌਰ ਨੇ ਦੱਸਿਆ ਕਿ ਇਹ ਪੰਜਾਂ ਤਖ਼ਤਾਂ 'ਤੇ ਕੀਤੇ ਜਾ ਰਹੇ ਅਰਦਾਸ ਸਮਾਗਮ ਦਾ ਦੂਸਰਾ ਪੜਾਅ ਹੈ। ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕੀਤੀ ਗਈ ਅਤੇ ਅਗਲਾ ਤੀਜੇ ਪੜਾਅ ਦਾ ਅਰਦਾਸ ਸਮਾਗਮ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ( ਬਠਿੰਡਾ) ਵਿਖੇ 3 ਦਸੰਬਰ ਐਤਵਾਰ ਨੂੰ ਹੋਵੇਗਾ ।

ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਦਾ ਏਜੰਡਾ ਸਿੱਖ ਨੌਜਵਾਨਾਂ ਨੂੰ ਨਸ਼ਿਆਂ ਤੋਂ ਹਟਾ ਕੇ ਅੰਮ੍ਰਿਤਧਾਰੀ ਬਣਾਉਣ ਦਾ ਰਿਹਾ। ਜਿਸ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਮਿਥੇ ਕੌਮੀ ਨਿਸ਼ਾਨੇ ਪ੍ਰਤੀ ਜਾਗਰੂਕ ਕੀਤਾ ਜਾ ਸਕੇ ਅਤੇ ਸਿੱਖ ਸੰਘਰਸ਼ ਨੂੰ ਪ੍ਰਚੰਡ ਕੀਤਾ ਜਾ ਸਕੇ।

ਬਲਵਿੰਦਰ ਕੌਰ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਨੌਜਵਾਨੀ ਨੂੰ ਅੰਮ੍ਰਿਤ ਛਕਣ ਦੀ ਲਹਿਰ ਨੂੰ ਪ੍ਰਚੰਡ ਕਰਨ ਪ੍ਰਤੀ ਸੁਨੇਹੇ ਤੋਂ ਘਬਰਾ ਕੇ ਜ਼ਾਲਮ ਸਰਕਾਰ ਨੇ ਪਿੰਡ ਜੱਲੂਪੁਰ ਵਿੱਚ ਦਹਿਸ਼ਤ ਪਾਉਣ ਲਈ ਫਿਰ ਪੁਲਿਸ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਸੀ । ਪਰ ਇਸ ਦੇ ਬਾਵਜੂਦ ਪੰਜਾਬ ਦੇ ਕੋਨੇ ਕੋਨੇ ਵਿੱਚੋਂ ਆਪ ਮੁਹਾਰੇ ਹੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਏ ਬੰਦੀ ਸਿੰਘਾਂ ਦੀ ਰਿਹਾਈ ਦੇ ਅਰਦਾਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ । ਉਨ੍ਹਾਂ ਕਿਹਾ ਕਿ ਜ਼ਾਲਮ ਸਰਕਾਰਾਂ ਤੇ ਨੌਜਵਾਨੀ ਨੂੰ ਖ਼ਤਮ ਕਰਨ ਵਾਲੇ ਨਸ਼ੇ ਦੇ ਸੌਦਾਗਰਾਂ ਦੀ ਹਾਰ ਹੈ । ਇਸ ਸਮਾਗਮ ਵਿੱਚ ਇੰਗਲੈਂਡ 'ਚ 34 ਸਾਲ ਸਜਾ ਕੱਟਣ ਵਾਲੇ ਭਾਈ ਰਜਿੰਦਰ ਸਿੰਘ ਤੁਗਲਵਾਲ, ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ, ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਭਾਈ ਸੁਰਿੰਦਰ ਸਿੰਘ ਕਿਸ਼ਨਪੁਰਾ, ਬਾਬਾ ਬਖ਼ਸ਼ੀਸ਼ ਸਿੰਘ, ਪਰਮਜੀਤ ਸਿੰਘ ਬਾਠ ਮੋਹਾਲੀ, ਮੈਨੇਜਰ ਗੁਰਪ੍ਰੀਤ ਸਿੰਘ ਰੋਡੇ, ਮੀਤ ਮੈਨੇਜਰ ਹਰਦੇਵ ਸਿੰਘ ਸਮੇਤ ਨਿਹੰਗ ਸਿੰਘ ਜਥੇਬੰਦੀਆਂ ਦੇ ਸਿੰਘ ਤੇ ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤ ਹਾਜ਼ਰ ਹੋਈ।

# ਜਦੋਂ ਫਲਸਤੀਨ ਨੇ ਕੋਹਲੀ ਨੂੰ ਪਿੱਛੋਂ ਜੱਫਾ ਮਾਰਿਆ !









ਅਹਿਮਦਾਬਾਦ/ਏ.ਟੀ.ਨਿਊਜ਼ :- ਫਲਸਤੀਨ ਵਿੱਚ ਜੰਗ ਚੱਲ ਰਹੀ ਸੀ। ਭਾਰਤ ਦੇ ਅਹਿਮਦਾਬਾਦ ਦੇ ਮੋਦੀ ਸਟੇਡੀਅਮ ਵਿੱਚ ਵਿਸ਼ਵ ਕੱਪ ਫ਼ਾਈਨਲ ਮੈਚ ਚੱਲ ਰਿਹਾ ਸੀ। ਸਭ ਕੰਮ ਆਪੋ ਆਪਣੀ ਜਗ੍ਹਾ ਹੋਣੇ ਜ਼ਰੂਰੀ ਹਨ। ਪਿਛਲੇ ਚਾਲ੍ਹੀ ਦਿਨਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 12000 ਦੱਸੀ ਜਾ ਰਹੀ ਹੈ। ਮੈਚ ਦੇ ਚੌਦ੍ਹਵੇਂ ਓਵਰ ਦੀਆਂ ਤਿੰਨ ਗੇਂਦਾਂ ਹੋ ਚੁੱਕੀਆਂ ਸਨ, ਭਾਰਤ ਦੀਆਂ 3 ਵਿਕਟਾਂ ਡਿੱਗਣ ਦੇ ਨਾਲ 92 ਦੌੜਾਂ ਬਣ ਚੁੱਕੀਆਂ ਸਨ। ਕੋਹਲੀ ਅਗਲੀ ਗੇਂਦ ਦਾ ਸਾਹਮਣਾ ਕਰਨ ਲਈ ਤਿਆਰ ਸੀ। ਅਚਾਨਕ... ਇਕ ਮੁੰਡਾ ਕ੍ਰਿਕਟ ਦੇ ਮੈਦਾਨ ਵਿੱਚ ਵੜ ਆਇਆ। ਮੂੰਹ 'ਤੇ ਮਾਸਕ ਫਲਸਤੀਨ ਦੇ ਝੰਡੇ ਵਾਲਾ, ਚਿੱਟੀ ਟੀ-ਸ਼ਰਟ, ਛਾਤੀ 'ਤੇ ਝੰਡਾ ਫਲਸਤੀਨ ਦਾ, ਨਾਲੇ ਲਿਖਿਆ, ਫਲਸਤੀਨ ਵਿੱਚ ਬੰਬਾਰੀ ਬੰਦ ਕਰੋ, ਪਿੱਠ 'ਤੇ ਝੰਡਾ ਫਲਸਤੀਨ ਦਾ, ਲਿਖਿਆ, ਫਲਸਤੀਨ ਨੂੰ ਆਜ਼ਾਦ ਕਰੋ, ਹੱਥ ਵਿੱਚ ਝੰਡਾ ਐਲਜੀਬੀਟੀਕਿਊ ਦਾ... ਪਿੱਛੋਂ ਆ ਕੇ ਉਸ ਨੇ ਆਪਣੀ ਖੱਬੀ ਬਾਂਹ ਕੋਹਲੀ ਨੂੰ ਵਲਦਿਆਂ ਸੱਜੇ ਮੋਢੇ 'ਤੇ ਹੱਥ ਰੱਖ ਲਿਆ। ਜਿਵੇਂ ਕੋਈ ਪੁਰਾਣਾ ਆੜੀ ਰੱਖਦੈ। ਸੱਜੇ ਹੱਥ ਵਿੱਚ ਫੜੇ ਝੰਡੇ ਵਾਲੀ ਬਾਂਹ ਮੂਹਰੋਂ ਦੀ ਵੱਖੀ ਕੋਲੋਂ ਵਲ਼ਦਿਆਂ, ਉਸ ਨੇ ਕੋਹਲੀ ਨੂੰ ਪਿਆਰ ਤੇ ਹੱਲਾਸ਼ੇਰੀ ਭਰੀ ਥਪਕੀ ਦਿੱਤੀ। ਡੌਰ-ਭੌਰ ਹੋਇਆ ਕੋਹਲੀ, ਭੰਬੀਰੀ ਵਾਂਗੂੰ ਗੋਲ ਘੁੰਮਿਆ ਤੇ ਵਲੇਵੇਂ ਵਿਚੋਂ ਬਾਹਰ ਆ ਗਿਆ। ਭੱਜ ਕੇ ਗਰਾਊਂਡ ਸਟਾਫ਼ ਆਇਆ ਆਇਆ ਤੇ ਘੁਸਪੈਠੀਏ ਨੂੰ ਧੱਫਾ ਮਾਰ ਕੇ ਭੁੰਜੇ ਲੰਮਾ ਪਾ ਲਿਆ। ਫਟਾਫਟ ਉਸ ਨੂੰ ਗਰਦਨ ਦੇ ਪਿਛਿਓਂ ਕਾਲਰ ਤੋਂ ਫੜਿਆ ਤੇ ਧੱਕਦੇ ਹੋਏ ਮੈਦਾਨ ਤੋਂ ਬਾਹਰ ਲੈ ਗਏ ਤਾਂ ਜੋ 'ਜੈਂਟਲਮੈਨ ਗੇਮ' ਨਿਰਵਿਘਨ ਚੱਲ ਸਕੇ। ਫਿਰ ਉਸ ਨੂੰ ਅਹਿਮਦਾਬਾਦ ਦੇ ਚਾਂਦਖੇੜਾ ਥਾਣੇ ਲਿਆਂਦਾ ਗਿਆ। ਹੁਣ ਉਸ ਨੇ ਕਿਸੇ ਕੰਪਨੀ ਦੇ ਲੋਗੋ ਵਾਲੀ ਪੀਲੀ ਟੀਸ਼ਰਟ ਪਾਈ ਹੋਈ ਸੀ। ਸ਼ਾਇਦ ਪੁਲਿਸ ਵਾਲਿਆਂ ਨੇ ਕਿਸੇ ਸਪੌਂਸਰ ਦੀ ਟੀ-ਸ਼ਰਟ ਪੁਆ ਕੇ, ਉਸ ਦੀ ਟੀਸ਼ਰਟ ਉਤਰਵਾ ਕੇ ਜ਼ਬਤ ਕਰ ਲਈ ਸੀ। ਪੁਲਿਸ ਵਾਲੇ ਉਸ ਨੂੰ ਅੰਦਰ ਲੈ ਜਾ ਰਹੇ ਸਨ। ਕੈਮਰੇ ਉਸ ਦਾ ਪਿੱਛਾ ਕਰਨ ਲੱਗੇ। ਸੁਆਲ ਦਾਗੇ ਗਏ... ਨਾਮ- ਜੌਹਨ, ਪਤਾ- ਆਸਟ੍ਰੇਲੀਆ, ਮੈਦਾਨ ਵਿੱਚ ਕਿਉਂ ਵੜਿਆ ?

## ਗੁਰਬਖਸ਼ ਸਿੱਧੂ ਨੇ ਆਊਟਡੋਰ ਮਾਸਟਰਜ਼ ਐਥਲੈਟਿਕਸ ਚੈਂਪੀਅਨਸ਼ਿਪ 'ਚੋਂ ਹੈਮਰ ਥਰੋਅ ਅਤੇ ਵੇਟ ਥਰੋਅ 'ਚ ਜਿੱਤਿਆ ਗੋਲਡ ਮੈਡਲ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ: ਫਰਿਜਨੋ ਨਿਵਾਸੀ ਐਥਲੀਟ ਅਕਸਰ ਐਥਲੈਟਿਕਸ ਮੀਟ ਵਿੱਚ ਹਿੱਸਾ ਲੈਕੇ ਸੀਨੀਅਰ ਖੇਡਾਂ ਵਿੱਚ ਪੰਜਾਬੀਅਤ ਦਾ ਝੰਡਾ ਬੁਲੰਦ ਕਰਦਾ ਰਹਿੰਦਾ ਹੈ। ਇਸ ਵਾਰ ਗੁਰਬਖ਼ਸ਼ ਸਿੰਘ ਸਿੱਧੂ ਨੇ ਸਿਉਡਾਡ, ਜੁਆਰੇਜ਼ ਮੈਕਸੀਕੋ ਵਿੱਚ ਉੱਤਰੀ ਮੱਧ ਅਮਰੀਕਾ ਅਤੇ ਕੈਰੇਬੀਅਨ ਦੇਸ਼ਾਂ ਦੀ ਆਊਟਡੋਰ ਮਾਸਟਰਜ਼ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ। 9 ਤੋਂ 12 ਨਵੰਬਰ ਤੱਕ ਚੱਲੀ ਇਸ ਮੀਟਿੰਗ ਵਿੱਚ 31 ਦੇਸ਼ਾਂ ਨੇ ਹਿੱਸਾ ਲਿਆ। ਅਮਰੀਕਾ ਭਰ ਤੋਂ 31 ਅਥਲੀਟਾਂ ਪੁਰਸ਼ ਅਤੇ ਔਰਤਾਂ ਨੇ ਭਾਗ ਲਿਆ। ਸਿੱਧੂ ਨੇ ਫਰਿਜ਼ਨੋ ਤੋਂ ਟੀਮ ਯੂਐਸਏ ਦੀ ਨੁਮਾਇੰਦਗੀ ਵੀ ਕੀਤੀ। ਉਸਨੇ ਹੈਮਰ ਥਰੋਅ ਅਤੇ ਵੇਟ ਥਰੋਅ ਵਿੱਚ ਗੋਲਡ ਮੈਡਲ ਜਿੱਤਿਆ। ਸਿੱਧੂ ਨੇ ਡਿਸਕਸ ਥਰੋਅ ਵਿੱਚ ਵੀ ਚਾਂਦੀ ਦਾ ਤਗਮਾ ਜਿੱਤਿਆ। ਸਿੱਧੂ ਨੇ ਫਰਿਜ਼ਨੋ, ਕੈਲੀਫੋਰਨੀਆ ਤੋਂ ਟੀਮ ਯੂਐਸਏ ਦੀ ਨੁਮਾਇੰਦਗੀ ਕਰਦਿਆਂ ਕੁੱਲ 3 ਤਗਮੇ ਜਿੱਤੇ ਹਨ। ਸਿੱਧੂ ਨੇ ਪੱਤਰਕਾਰਾਂ ਨਾਲ ਕਰਦਿਆਂ ਕਿਹਾ ਕਿ ਉਹ 68 ਸਾਲ ਦੀ ਉਮਰ ਵਿੱਚ ਵੀ ਫਿੱਟ ਮਹਿਸੂਸ ਕਰਦੇ ਹਨ, ਅਤੇ ਪਿਛਲੇ ਲੰਮੇ ਸਮੇਂ ਤੋਂ ਫਰਿਜਨੋ ਵਿਖੇ ਰਹਿਕੇ ਸੀਨੀਅਰ ਖੇਡਾਂ ਵਿੱਚ ਲਗਾਤਾਰ ਭਾਗ ਲੈ ਰਹੇ ਹਨ।

## ਚੰਨ 'ਤੇ ਬੇਸ ਬਣਾਉਣ ਲਈ ਤਿਆਰ ਚੀਨ, ਪੁਲਾੜ ਵਿੱਚ ਅਮਰੀਕਾ ਨੂੰ ਪਿੱਛੇ ਛੱਡੇਗਾ

### ਇੱਕ ਰਿਪੋਰਟ ਨੇ ਵਧਾਇਆ ਬਿਡੇਨ ਦਾ ਤਣਾਅ



ਵਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੀ ਖੁਫੀਆ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚੰਦਰਮਾ 'ਤੇ ਮਨੁੱਖਾਂ ਨੂੰ ਭੇਜਣ ਅਤੇ ਉਥੇ ਆਪਣਾ ਬੇਸ ਬਣਾਉਣ ਦੀ ਦੌੜ ਵਿੱਚ ਚੀਨ ਅਮਰੀਕਾ ਨੂੰ ਪਛਾੜ ਦੇਵੇਗਾ। ਇਹ ਰਿਪੋਰਟ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਅਮਰੀਕਾ ਅਤੇ ਚੀਨ ਚੰਦਰਮਾ ਦੇ ਆਧਾਰ 'ਤੇ ਖੋਜ ਅਤੇ ਵਿਸਤਾਰ ਕਰਨ ਦੀ ਦੌੜ 'ਚ ਰਣਨੀਤਕ ਸਥਿਤੀ ਲਈ ਮੁਕਾਬਲਾ ਕਰ ਰਹੇ ਹਨ। ਅਮਰੀਕੀ ਅਧਿਕਾਰੀ ਇਸ ਤੱਥ ਨੂੰ ਲੈ ਕੇ ਖਾਸ ਤੌਰ 'ਤੇ ਚਿੰਤਤ ਹਨ ਕਿ ਚੀਨ ਨੂੰ ਆਪਣੇ ਪੁਲਾੜ ਪ੍ਰੋਗਰਾਮ ਨੂੰ ਅੱਗੇ ਵਧਾਉਣ ਵਿੱਚ ਅਮਰੀਕਾ ਤੋਂ ਅੱਗੇ ਲੰਘ ਸਕਦਾ ਹੈ। ਅਮਰੀਕਾ ਦੇ ਖੁਫੀਆ ਅਧਿਕਾਰੀਆਂ ਨੇ ਸਪੇਸ ਪ੍ਰੋਗਰਾਮ ਵਿੱਚ ਚੀਨ ਵੱਲੋਂ ਪੁਲਾੜ ਸਟੇਸ਼ਨ ਦੇ ਤੇਜ਼ੀ ਨਾਲ ਨਿਰਮਾਣ 'ਤੇ ਹੈਰਾਨੀ ਪ੍ਰਗਟਾਈ ਹੈ ਅਮਰੀਕੀ ਅਧਿਕਾਰੀ ਹੁਣ ਦਾਅਵਾ ਕਰ ਰਹੇ ਹਨ ਕਿ ਚੀਨ ਚੰਦਰਮਾ 'ਤੇ ਮੀਲ ਪੱਥਰ ਨੂੰ ਹਾਸਲ ਕਰਨ ਦੇ ਰਾਹ 'ਤੇ ਹੈ। ਜੇਕਰ ਉਨ੍ਹਾਂ ਦੀ ਮੰਨੀਏ ਤਾਂ ਚੀਨ ਇਸ ਦਹਾਕੇ ਦੇ ਅੰਤ ਤੱਕ ਚੰਨ 'ਤੇ ਮਨੁੱਖਾਂ ਨੂੰ ਉਤਾਰਨ ਅਤੇ ਆਪਣੇ ਦੱਖਣੀ ਧਰੁਵ 'ਤੇ ਸਥਾਈ ਅਧਾਰ ਸਥਾਪਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਹ ਖ਼ੁਲਾਸਾ ਉਦੋਂ ਹੋਇਆ ਹੈ ਜਦੋਂ ਇਨ੍ਹਾਂ ਦਿਸ਼ਾਵਾਂ ਵਿੱਚ ਨਾਸਾ ਦੀਆਂ ਕੋਸ਼ਿਸ਼ਾਂ ਵਿੱਚ ਦੇਰੀ ਹੋ ਰਹੀ ਹੈ। ਨਾਸਾ ਨੇ ਜੂਨ 2023 ਵਿੱਚ ਅਰਟੇਮਿਸ 3 ਮਿਸ਼ਨ ਲਈ ਸਪੇਸਐਕਸ ਦੇ ਸਟਾਰਸ਼ਿਪ ਚੰਦਰਮਾ ਲੈਂਡਰ ਦੀ ਤਿਆਰੀ ਬਾਰੇ ਚਿੰਤਾ ਜ਼ਾਹਰ ਕੀਤੀ ਹੈ। 2025 ਦੇ ਅੰਤ ਤੱਕ ਅਮਰੀਕੀਆਂ ਨੂੰ ਚੰਨ 'ਤੇ ਵਾਪਸ ਲੈ ਜਾਣ (ਬਾਕੀ ਸਫ਼ਾ 31 'ਤੇ)

## ਦੁਨੀਆਂ ਭਰ 'ਚ ਖਸਰੇ ਦੇ ਮਾਮਲਿਆਂ 'ਚ 18 ਫ਼ੀਸਦੀ ਦਾ ਹੋਇਆ ਵਾਧਾ

### ਵਿਸ਼ਵ ਸਿਹਤ ਸੰਗਠਨ ਅਤੇ ਅਮਰੀਕੀ ਰੋਕ ਕੰਟਰੋਲ ਰੋਕਥਾਮ ਕੇਂਦਰ ਨੇ ਪੇਸ਼ ਕੀਤੀ ਰਿਪੋਰਟ



ਨਵੀਂ ਦਿੱਲੀ/ ਏ.ਟੀ.ਨਿਊਜ਼ : ਵਿਸ਼ਵ ਸਿਹਤ ਸੰਗਠਨ (ਡਬਲਿਊ ਐੱਚ ਓ) ਅਤੇ ਅਮਰੀਕੀ ਰੋਕ ਕੰਟਰੋਲ ਰੋਕਥਾਮ ਕੇਂਦਰ (ਸੀ ਡੀ ਸੀ) ਦੀ ਰਿਪੋਰਟ 'ਵਿਸ਼ਵ ਪੱਧਰ 'ਤੇ ਖਸਰਾ ਉਨਮੂਲਨ ਦੀ ਦਿਸ਼ਾ 'ਚ ਪ੍ਰਗਤੀ 2000-2022' ਅਨੁਸਾਰ ਪਿਛਲੇ ਸਾਲ ਦੁਨੀਆ ਭਰ 'ਚ ਖਸਰੇ ਦੇ ਮਾਮਲਿਆਂ 'ਚ 18 ਫ਼ੀਸਦੀ ਦਾ ਵਾਧਾ ਹੋਇਆ ਹੈ। ਬੀਤੇ ਸਾਲ 'ਚ 2.2 ਕਰੋੜ ਬੱਚੇ ਆਪਣੀ ਪਹਿਲੀ ਅਤੇ 1.1 ਕਰੋੜ ਬੱਚੇ ਆਪਣੀ ਦੂਜੀ ਖੁਰਾਕ ਲੈਣ ਤੋਂ ਵਾਂਝੇ ਰਹਿ ਗਏ। ਉਥੇ ਹੀ ਭਾਰਤ 10 ਪ੍ਰਮੁੱਖ ਦੇਸ਼ਾਂ 'ਚ ਸ਼ਾਮਲ ਹੈ, ਜਿੱਥੇ ਉਨ੍ਹਾਂ ਬੱਚਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ, ਜਿਨ੍ਹਾ ਨੇ ਇਸ ਸੰਕਰਮਣ ਬਿਮਾਰੀ ਤੋਂ ਬਚਾਅ ਦਾ ਪਹਿਲਾ ਟੀਕਾ ਨਹੀਂ ਲਿਆ। ਪਿਛਲੇ ਸਾਲ ਭਾਰਤ ਵਿੱਚ 11 ਲੱਖ ਬੱਚੇ ਇਸ ਮਹੱਤਵਪੂਰਨ ਖੁਰਾਕ ਤੋਂ ਵਾਂਝੇ ਰਹਿ ਗਏ। ਖਸਰਾ ਆਮ ਤੌਰ 'ਤੇ ਛੋਟੇ ਬੱਚਿਆਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਕਦੀ-ਕਦੀ ਉਸ ਲਈ ਜਾਨਲੇਵਾ ਵੀ ਸਾਬਿਤ ਹੁੰਦਾ ਹੈ। ਇਸ ਦੇ ਕਾਰਨ 2021 ਤੋਂ 2022 ਤੱਕ ਹੋਣ ਵਾਲੀਆਂ ਮੌਤਾਂ ਵਿੱਚ ਵਿਸ਼ਵ ਪੱਧਰ 'ਤੇ 43 ਫ਼ੀਸਦੀ ਦਾ ਵਾਧਾ ਹੋਇਆ ਹੈ। ਹਾਲਾਂਕਿ ਕੋਰੋਨਾ ਮਹਾਂਮਾਰੀ ਦੀ ਅਸਫ਼ਲਤਾ ਤੋਂ ਬਾਅਦ ਪਿਛਲੇ ਸਾਲ ਖਸਰਾ ਟੀਕਾਕਰਨ ਕਵਰੇਜ਼ ਵਿੱਚ ਕੁਝ ਸੁਧਾਰ ਹੋਇਆ। ਉਥੇ ਹੀ ਦੁਨੀਆਂ ਦਾ ਕੋਈ ਵੀ ਖੇਤਰ ਖਸਰਾ ਉਨਮੂਲਨ ਲਈ ਦੋਵੇਂ ਡੋਜ਼ ਦੇ 95 ਫ਼ੀਸਦੀ ਦੇ ਟੀਚੇ ਨੂੰ ਪੂਰਾ ਨਹੀਂ ਕਰ ਸਕਿਆ। ਪਿਛਲੇ ਸਾਲ 37 ਦੇਸ਼ਾਂ ਵਿੱਚ ਵਿਆਪਕ ਪੱਧਰ 'ਤੇ ਖਸਰੇ ਦਾ ਪ੍ਰਕੋਪ ਫ਼ੈਲਿਆ, ਜਿਨ੍ਹਾਂ ਵਿੱਚ ਅਫ਼ਰੀਕੀ ਦੇਸ਼ ਸਨ। ਘੱਟ ਇਨਕਮ ਵਾਲੇ ਦੇਸ਼ਾਂ 'ਚ ਜਿੱਥੇ ਖਸਰੇ ਨਾਲ ਮੌਤ ਦਾ ਜੋਖਮ ਵੱਧ ਹੈ, ਜਿੱਥੇ ਟੀਕਾਕਰਨ ਦਰ ਕੇਵਲ 66 ਫ਼ੀਸਦੀ ਦੇ ਨਾਲ ਸਭ ਤੋਂ ਘੱਟ ਬਣੀ ਹੋਈ ਹੈ। 2022 'ਚ ਖਸਰੇ ਦੇ ਟੀਕੇ ਦੀ ਪਹਿਲੀ ਖੁਰਾਕ ਲੈਣ ਤੋਂ ਵਾਂਝੇ ਰਹਿ ਗਏ ਬੱਚਿਆਂ 'ਚੋਂ ਅੱਧੇ ਤੋਂ ਵੱਧ ਸਿਰਫ਼ 10 ਦੇਸ਼ਾਂ ਅੰਗੋਲਾ, ਕਾਂਗੋ ਲੋਕਤੰਤਰਿਕ ਗਣਰਾਜ, ਇਥੋਪੀਆ, ਭਾਰਤ, ਇੰਡੋਨੇਸ਼ੀਆ, ਮੇਡਾਗਾਸਕਰ, ਨਾਈਜੀਰੀਆ, ਪਾਕਿਸਤਾਨ ਅਤੇ ਫ਼ਿਲਪਾਈਨਜ਼ ਵਿੱਚ ਰਹਿੰਦੇ ਹਨ।

## ਆਈ.ਸੀ.ਸੀ. ਵੱਲੋਂ ਟਰਾਂਸਜੈਂਡਰ ਕ੍ਰਿਕਟਰਾਂ ਦੇ ਮਹਿਲਾ ਕ੍ਰਿਕਟ ਵਿੱਚ ਹਿੱਸਾ ਲੈਣ 'ਤੇ ਪਾਬੰਦੀ




ਨਵੀਂ ਦਿੱਲੀ/ਏ.ਟੀ.ਨਿਊਜ਼ : ਇੱਕ ਵੱਡੇ ਨੀਤੀਗਤ ਫੈਸਲੇ ਵਿੱਚ, ਅੰਤਰਰਾਸ਼ਟਰੀ ਕ੍ਰਿਕਟ ਪਰਿਸ਼ਦ (ਆਈਸੀਸੀ) ਨੇ ਟਰਾਂਸਜੈਂਡਰ ਕ੍ਰਿਕਟਰਾਂ ਦੇ ਉੱਚ ਪੱਧਰ 'ਤੇ ਮਹਿਲਾ ਕ੍ਰਿਕਟ ਵਿੱਚ ਹਿੱਸਾ ਲੈਣ 'ਤੇ ਪਾਬੰਦੀ ਲਗਾ ਦਿੱਤੀ। ਟਰਾਂਸਜੈਂਡਰ ਖਿਡਾਰੀ, ਜੋ ਕਿਸੇ ਵੀ ਕਿਸਮ ਦੀ ਮਰਦ ਜਵਾਨੀ ਵਿੱਚੋਂ ਲੰਘੇ ਹਨ, ਨੂੰ ਅੰਤਰਰਾਸ਼ਟਰੀ ਮਹਿਲਾ ਖੇਡਾਂ ਵਿੱਚ ਮੁਕਾਬਲਾ ਕਰਨ ਤੋਂ ਮਨ੍ਹਾ ਕੀਤਾ ਜਾਵੇਗਾ ਭਾਵੇਂ ਉਹਨਾਂ ਨੇ ਸਰਜਰੀ ਜਾਂ ਲਿੰਗ ਪੁਨਰ ਨਿਯੁਕਤੀ ਦਾ ਇਲਾਜ ਕਰਵਾਇਆ ਹੋਵੇ ਜਾਂ ਨਹੀਂ।

ਆਈਸੀਸੀ ਨੇ ਕਿਹਾ ਕਿ ਉਹ ਅੰਤਰਰਾਸ਼ਟਰੀ ਮਹਿਲਾ ਖੇਡ ਦੀ ਅਖੰਡਤਾ ਅਤੇ ਖਿਡਾਰੀਆਂ ਦੀ ਸੁਰੱਖਿਆ ਲਈ ਇਹ ਫੈਸਲਾ ਲੈ ਰਿਹਾ ਹੈ। ਬੋਰਡ ਨੇ ਕ੍ਰਿਕਟ ਦੇ ਸਟੇਕਹੋਲਡਰਾਂ ਨਾਲ ਨੌਂ ਮਹੀਨਿਆਂ ਦੀ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਤੋਂ ਬਾਅਦ ਨਵੀਂ ਨੀਤੀ ਨੂੰ ਅੰਤਿਮ ਰੂਪ ਦਿੱਤਾ, ਜਿਸ ਨਾਲ ਬੋਰਡ ਨੇ ਅੰਤਿਮ ਫੈਸਲਾ ਲਿਆ। ਆਈਸੀਸੀ ਦੇ ਮੁੱਖ ਕਾਰਜਕਾਰੀ ਜਿਓਫ ਐਲਾਰਡਿਸ ਨੇ ਫੈਸਲੇ ਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਲਿੰਗ ਯੋਗਤਾ ਨਿਯਮਾਂ ਵਿੱਚ ਬਦਲਾਅ ਇੱਕ ਵਿਆਪਕ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੇ ਨਤੀਜੇ ਵਜੋਂ ਹੋਏ ਹਨ ਅਤੇ ਵਿਗਿਆਨ ਵਿੱਚ ਸਥਾਪਿਤ ਕੀਤੇ ਗਏ ਹਨ ਅਤੇ ਸਮੀਖਿਆ ਦੌਰਾਨ ਵਿਕਸਤ ਕੀਤੇ ਗਏ ਮੁੱਖ ਸਿਧਾਂਤਾਂ ਦੇ ਨਾਲ ਜੁੜੇ ਹੋਏ ਹਨ। ਇੱਕ ਖੇਡ ਦੇ ਤੌਰ 'ਤੇ ਸਾਡੇ ਲਈ ਸ਼ਮੂਲੀਅਤ ਬਹੁਤ ਮਹੱਤਵਪੂਰਨ ਹੈ, ਪਰ ਸਾਡੀ ਤਰਜੀਹ ਅੰਤਰਰਾਸ਼ਟਰੀ ਮਹਿਲਾ ਖੇਡ ਦੀ ਅਖੰਡਤਾ ਅਤੇ ਖਿਡਾਰੀਆਂ ਦੀ ਸੁਰੱਖਿਆ ਦੀ ਰੱਖਿਆ ਕਰਨਾ ਸੀ। (ਬਾਕੀ ਸਫ਼ਾ 31 'ਤੇ)

# ਪੰਜਾਬ ਕੈਬਨਿਟ ਵਿੱਚ ਵੱਡਾ ਫੇਰਬਦਲ: ਮੀਤ ਹੇਅਰ ਤੋਂ ਤਿੰਨ ਵਿਭਾਗ ਵਾਪਸ ਲਏ, ਜਲ ਸਰੋਤ ਮਹਿਕਮੇ ਦੀ ਕਮਾਨ ਜੌੜਾਮਾਜਰਾ ਨੂੰ ਸੌਂਪੀ

ਚੰਡੀਗੜ੍ਹ,/ਏ.ਟੀ.ਨਿਊਜ਼ :- ਪੰਜਾਬ ਮੰਤਰੀ ਮੰਡਲ ਵਿਚ ਅੱਜ ਹੋਏ ਵੱਡੇ ਵਿਭਾਗੀ ਫੇਰਬਦਲ 'ਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੋਂ ਬਹੁਤੇ ਵਿਭਾਗ ਵਾਪਸ ਲੈ ਲਏ ਗਏ ਹਨ। 'ਆਪ' ਸਰਕਾਰ ਨੇ ਅਹਿਮ ਵਿਭਾਗ ਵਾਪਸ ਲੈ ਕੇ ਬਰਨਾਲਾ ਤੋਂ ਦੂਸਰੀ ਦਫ਼ਾ ਵਿਧਾਇਕ ਬਣ ਕੇ ਕੈਬਨਿਟ ਮੰਤਰੀ ਬਣੇ ਮੀਤ ਹੇਅਰ ਨੂੰ ਸਿਆਸੀ ਹਲੂਣਾ ਦਿੱਤਾ ਹੈ। ਮੁੱਖ ਮੰਤਰੀ ਨੇ ਦੋ ਹੋਰ ਨਵੇਂ ਵਿਭਾਗ ਚੇਤਨ ਸਿੰਘ ਜੌੜਾਮਾਜਰਾ ਨੂੰ ਸੌਂਪ ਦਿੱਤੇ ਹਨ। ਵਿਭਾਗੀ ਬਦਲਾਓ ਮਗਰੋਂ ਹੁਣ ਸੂਬੇ ਨੂੰ ਕਰੀਬ ਪੌਣੇ ਦੋ ਸਾਲ ਦੇ ਅਰਸੇ ਦੌਰਾਨ





ਚੌਥਾ ਜਲ ਸਰੋਤ ਮੰਤਰੀ ਮਿਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕੈਬਨਿਟ ਵਿਚ ਫੇਰਬਦਲ ਦੀ ਤਜਵੀਜ਼ ਪੇਸ਼ ਕੀਤੀ ਸੀ ਜਿਸ ਨੂੰ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮਨਜ਼ੂਰੀ ਦਿੱਤੀ ਹੈ। ਵਜ਼ਾਰਤ ਵਿੱਚ ਹੋਏ ਵਿਭਾਗੀ ਫੇਰਬਦਲ ਵਿਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੋਂ ਖਾਣਾਂ ਤੇ ਭੂ-ਵਿਗਿਆਨ ਅਤੇ ਜਲ ਸਰੋਤ ਵਿਭਾਗ ਵਾਪਸ ਲੈ ਕੇ ਇਹ ਦੋਵੇਂ ਵਿਭਾਗ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੂੰ ਦੇ ਦਿੱਤੇ ਗਏ ਹਨ।

ਵਜ਼ਾਰਤੀ ਫੇਰਬਦਲ 'ਚ ਮੀਤ ਹੇਅਰ ਤੋਂ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਵੀ ਵਾਪਸ ਲੈ ਲਿਆ ਗਿਆ ਹੈ ਅਤੇ ਹੁਣ ਇਹ ਵਿਭਾਗ ਮੁੱਖ ਮੰਤਰੀ ਕੋਲ ਰਹੇਗਾ। ਗੁਰਮੀਤ ਸਿੰਘ ਮੀਤ ਹੇਅਰ ਕੋਲ ਹੁਣ ਸਿਰਫ਼ ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਰਹਿ ਗਿਆ ਹੈ। ਮੀਤ ਹੇਅਰ ਤੋਂ ਤਿੰਨ ਵਿਭਾਗ ਵਾਪਸ ਲੈਣ ਦੇ ਕਾਰਨਾਂ ਦਾ ਹਾਲੇ ਭੇਤ ਬਣਿਆ ਹੋਇਆ ਹੈ। ਇਸ ਤੋਂ ਪਹਿਲਾਂ ਹੋਏ ਫੇਰਬਦਲ ਮੌਕੇ ਗੁਰਮੀਤ ਸਿੰਘ ਮੀਤ ਹੇਅਰ ਤੋਂ ਸਿੱਖਿਆ ਵਿਭਾਗ ਵਾਪਸ ਲਿਆ ਗਿਆ ਸੀ। ਮੀਤ ਹੇਅਰ ਤੋਂ ਦੋ ਦਫ਼ਾ ਵਿਭਾਗ ਵਾਪਸ ਲਏ ਗਏ ਹਨ। ਨਵੇਂ ਫੇਰਬਦਲ ਮਗਰੋਂ ਹੁਣ ਮੁੱਖ ਮੰਤਰੀ ਕੋਲ 11 ਵਿਭਾਗ ਹੋ ਗਏ ਹਨ ਜਦੋਂ ਕਿ ਚੇਤਨ ਸਿੰਘ ਜੌੜਾਮਾਜਰਾ ਕੋਲ ਵਿਭਾਗਾਂ ਦੀ ਗਿਣਤੀ ਸੱਤ ਹੋ ਗਈ ਹੈ। ਜੌੜਾਮਾਜਰਾ ਮੌਜੂਦਾ ਸਰਕਾਰ ਦੇ ਕਾਰਜਕਾਲ ਦੇ ਚੌਥੇ ਜਲ ਸਰੋਤ ਮੰਤਰੀ ਹਨ। ਸਭ ਤੋਂ ਪਹਿਲਾਂ ਜਲ ਸਰੋਤ ਮੰਤਰੀ ਬ੍ਰਮ ਸ਼ੰਕਰ ਜਿੰਪਾ ਬਣੇ ਸਨ ਅਤੇ ਉਸ ਮਗਰੋਂ ਇਹ ਵਿਭਾਗ ਹਰਜੋਤ ਸਿੰਘ ਬੈਂਸ ਨੂੰ ਦੇ ਦਿੱਤਾ ਗਿਆ ਸੀ। ਮਗਰੋਂ ਇਹ ਵਿਭਾਗ ਮੀਤ ਹੇਅਰ ਨੂੰ ਦੇ ਦਿੱਤਾ ਗਿਆ ਸੀ। ਕੈਬਨਿਟ ਮੰਤਰੀ ਜੌੜਾਮਾਜਰਾ ਕੋਲ ਪਹਿਲਾਂ ਸਿਹਤ ਵਿਭਾਗ ਸੀ, ਜੋ ਉਨ੍ਹਾਂ ਤੋਂ ਵਾਪਸ ਲੈ ਕੇ ਡਾ. ਬਲਵੀਰ ਸਿੰਘ ਨੂੰ ਸਿਹਤ ਮੰਤਰੀ ਬਣਾ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਹੋਏ ਵਜ਼ਾਰਤੀ ਫੇਰਬਦਲ ਵਿਚ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੋਂ ਦੋ ਅਹਿਮ ਖੇਤੀ ਵਿਭਾਗ ਅਤੇ ਪੰਚਾਇਤ ਵਿਭਾਗ ਵਾਪਸ ਲੈ ਲਏ ਗਏ ਸਨ। 'ਆਪ' ਸਰਕਾਰ ਵੱਲੋਂ ਆਪਣੇ ਕਾਰਜਕਾਲ ਦੇ 20 ਮਹੀਨਿਆਂ ਦੌਰਾਨ ਹੁਣ ਤੱਕ ਕੈਬਨਿਟ 'ਚੋਂ ਤਿੰਨ ਵਜ਼ੀਰਾਂ ਵਿਜੈ ਸਿੰਗਲਾ, ਫੌਜਾ ਸਿੰਘ ਸਰਾਰੀ ਅਤੇ ਇੰਦਰਬੀਰ ਸਿੰਘ ਨਿੱਝਰ ਦੀ ਛਾਂਟੀ ਕੀਤੀ ਜਾ ਚੁੱਕੀ ਹੈ। ਸਿਆਸੀ ਹਲਕਿਆਂ ਨੂੰ ਅੱਜ ਦੇ ਵਜ਼ਾਰਤੀ ਫੇਰਬਦਲ ਨੇ ਹੈਰਾਨੀ ਵਿਚ ਪਾ ਦਿੱਤਾ ਹੈ। ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਨੇ ਕਿਹਾ ਕਿ ਮੀਤ ਹੇਅਰ ਤੋਂ ਕਿਸੇ ਖ਼ਾਸ ਵਜ੍ਹਾ ਕਰਕੇ ਮਹਿਕਮੇ ਵਾਪਸ ਨਹੀਂ ਲਏ ਗਏ ਬਲਕਿ ਮੀਤ ਹੇਅਰ ਨਾਲ ਸਲਾਹ ਮਸ਼ਵਰਾ ਕਰਕੇ ਹੀ ਫੇਰਬਦਲ ਕੀਤਾ ਗਿਆ ਹੈ। ਮੁੱਖ ਮੰਤਰੀ ਦਫ਼ਤਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, "ਉਹ (ਮੀਤ ਹੇਅਰ) ਖੇਡ ਅਤੇ ਯੁਵਕ ਸੇਵਾਵਾਂ ਮੰਤਰੀ ਵਜੋਂ ਬਹੁਤ ਵਧੀਆ ਕੰਮ ਕਰ ਰਹੇ ਹਨ। ਨਵੀਂ ਖੇਡ ਨੀਤੀ ਅਤੇ ਪਿੰਡਾਂ ਵਿਚ ਖੇਡ ਨਰਸਰੀਆਂ ਬਣਾਉਣ ਦੀ ਨੀਤੀ ਦੀ ਮੁੱਖ ਮੰਤਰੀ ਸ਼ਲਾਘਾ ਕਰ ਚੁੱਕੇ ਹਨ।"

### ਸੋਨੀਆ-ਰਾਹੁਲ ਦੀਆਂ ਮੁਸ਼ਕਿਲਾਂ ਵਧੀਆਂ

## ਈਡੀ ਨੇ ਏ.ਜੇ.ਐੱਲ. ਅਤੇ ਯੰਗ ਇੰਡੀਆ ਦੀ 751 ਕਰੋੜ ਰੁਪਏ ਦੀ ਜਾਇਦਾਦ ਕੀਤੀ ਜ਼ਬਤ

ਨਵੀਂ ਦਿੱਲੀ/ਏ.ਟੀ.ਨਿਊਜ਼ : ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਨੈਸ਼ਨਲ ਹੈਰਾਲਡ ਮਾਮਲੇ ਵਿੱਚ ਕਾਂਗਰਸ ਨਾਲ ਜੁੜੇ ਏਜੇਐੱਲ ਤੇ ਯੰਗ ਇੰਡੀਆ ਦੀ ਕਰੋੜਾਂ ਰੁਪਏ ਦੀ ਜਾਇਦਾਦ ਅਸਥਾਈ ਤੌਰ 'ਤੇ ਕੁਰਕ ਕਰਨ ਦਾ ਹੁਕਮ ਜਾਰੀ ਕੀਤਾ ਹੈ। ਈਡੀ ਨੇ ਇਹ ਕਾਰਵਾਈ ਮਨੀ ਲਾਂਡਰਿੰਗ ਮਾਮਲੇ ਵਿੱਚ ਕੀਤੀ ਹੈ। ਇਸ ਤਹਿਤ 751.9 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਕੇਂਦਰੀ ਜਾਂਚ ਏਜੰਸੀ ਨੇ ਕਿਹਾ ਕਿ ਜ਼ਬਤ ਕੀਤੀ ਗਈ ਸੰਪਤੀ 'ਚੋਂ ਏਜੇਐੱਲ ਦੀ ਦਿੱਲੀ, ਮੁੰਬਈ ਅਤੇ ਲਖਨਊ ਸਮੇਤ ਕਈ ਥਾਵਾਂ 'ਤੇ ਜਾਇਦਾਦਾਂ ਹਨ। ਇਸ ਦੀ ਕੁਲ ਲਾਗਤ 661.69 ਕਰੋੜ ਰੁਪਏ ਹੈ। ਈਡੀ ਨੇ ਕਿਹਾ ਕਿ ਯੰਗ ਇੰਡੀਅਨ ਦੀ ਜਾਇਦਾਦ ਦੀ ਕੀਮਤ 90.21 ਕਰੋੜ ਰੁਪਏ ਹੈ।

ਈਡੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਅਖ਼ਬਾਰ ਪ੍ਰਕਾਸ਼ਕ ਐਸੋਸੀਏਟਿਡ ਜਰਨਲ ਲਿਮਟਿਡ ਤੇ ਇਸ ਦੀ ਹੋਲਡਿੰਗ ਕੰਪਨੀ ਯੰਗ ਇੰਡੀਅਨ ਦੇ ਖ਼ਿਲਾਫ਼ ਪੀਐੱਮਐੱਲਏ ਤਹਿਤ ਇੱਕ ਆਦੇਸ਼ ਜਾਰੀ ਕੀਤਾ ਗਿਆ ਸੀ। ਬਿਆਨ ਵਿੱਚ ਕਿਹਾ ਗਿਆ ਹੈ, 'ਜਾਂਚ 'ਚ ਸਾਹਮਣੇ ਆਇਆ ਹੈ ਕਿ ਏਜੇਐੱਲ ਕੋਲ ਅਚੱਲ ਜਾਇਦਾਦਾਂ ਦੇ ਰੂਪ ਵਿੱਚ ਅਪਰਾਧ ਦੀ ਕਮਾਈ ਹੈ, ਜੋ ਕਿ ਦੇਸ਼ ਦੇ ਕਈ ਸ਼ਹਿਰਾਂ ਜਿਵੇਂ ਕਿ ਦਿੱਲੀ, ਮੁੰਬਈ ਅਤੇ ਲਖਨਊ ਵਿੱਚ ਸਥਿਤ ਹਨ। ਇਨ੍ਹਾਂ ਦੀ ਕੀਮਤ 661.69 ਕਰੋੜ ਰੁਪਏ ਹੈ। ਉਥੇ ਹੀ ਯੰਗ ਇੰਡੀਆ ਦੇ ਕੋਲ ਅਪਰਾਧ ਤੋਂ ਪ੍ਰਾਪਤ ਕਮਾਈ 90.21 ਕਰੋੜ ਰੁਪਏ ਏ.ਜੇ.ਐਲ. ਦੇ ਇਕਵਿਟੀ ਸ਼ੇਅਰਾਂ ਦੇ ਰੂਪ ਵਿੱਚ ਹੈ। ਈਡੀ ਨੇ ਇਸ ਮਾਮਲੇ 'ਚ ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਤੋਂ ਪੁੱਛਗਿੱਛ ਕੀਤੀ ਹੈ ਅਤੇ ਉਨ੍ਹਾਂ ਦੇ ਬਿਆਨ ਦਰਜ ਕੀਤੇ ਹਨ। ਈਡੀ ਦੀ ਇਸ ਕਾਰਵਾਈ 'ਤੇ ਕਾਂਗਰਸ ਦੇ ਸੀਨੀਅਰ ਨੇਤਾ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਈਡੀ ਦੁਆਰਾ ਏਜੇਐੱਲ ਦੀਆਂ ਜਾਇਦਾਦਾਂ ਕੁਰਕ ਕਰਨ ਦੀ ਖ਼ਬਰ ਰਾਜਾਂ ਵਿੱਚ ਚੱਲ ਰਹੀਆਂ ਚੋਣਾਂ 'ਚ ਨਿਸ਼ਚਿਤ ਹਾਰ ਤੋਂ ਧਿਆਨ ਹਟਾਉਣ ਲਈ ਉਨ੍ਹਾਂ ਦੀ ਨਿਰਾਸ਼ਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਪੀਐੱਮਐੱਲਏ ਦੀ ਕਾਰਵਾਈ ਸਿਰਫ ਇਕ ਅਚਨਚੇਤ ਜਾਂ ਮੁੱਖ ਅਪਰਾਧ ਦੇ ਨਤੀਜੇ ਵਜੋਂ ਕੀਤੀ ਜਾ ਸਕਦੀ ਹੈ। ਕੋਈ ਅਚੱਲ ਜਾਇਦਾਦ ਦਾ ਕੋਈ ਤਬਾਦਲਾ ਨਹੀਂ ਹੁੰਦਾ। ਅਸਲ 'ਚ ਅਜਿਹਾ ਕੋਈ ਸ਼ਿਕਾਇਤਕਰਤਾ ਨਹੀਂ ਹੈ, ਜੋ ਇਹ ਦਾਅਵਾ ਕਰਦਾ ਹੋਵੇ ਕਿ ਉਸ ਨੂੰ ਧੋਖਾ ਦਿੱਤਾ ਗਿਆ ਹੈ।

## 21 ਦਿਨ ਦੀ ਪੈਰੋਲ 'ਤੇ ਜੇਲ੍ਹ 'ਚੋਂ ਬਾਹਰ ਆਇਆ ਰਾਮ ਰਹੀਮ



ਚੰਡੀਗੜ੍ਹ/ਏ.ਟੀ.ਨਿਊਜ਼ : ਡੇਰਾ ਸੱਚਾ ਸੌਦਾ ਮੁਖੀ ਅਤੇ ਜਬਰ-ਜ਼ਿਨਾਹ ਮਾਮਲੇ 'ਚ ਦੋਸ਼ੀ ਗੁਰਮੀਤ ਰਾਮ ਰਹੀਮ 21 ਦਿਨਾਂ ਦੀ ਪੈਰੋਲ ਮਿਲਣ ਮਗਰੋਂ ਮੰਗਲਵਾਰ ਨੂੰ ਜੇਲ੍ਹ 'ਚੋਂ ਬਾਹਰ ਆਇਆ। ਦੱਸ ਦੇਈਏ ਕਿ ਰਾਮ ਰਹੀਮ ਹਰਿਆਣਾ ਦੇ ਰੋਹਤਕ ਜ਼ਿਲ੍ਹੇ 'ਚ ਸਥਿਤ ਸੁਨਾਰੀਆ ਜੇਲ੍ਹ 'ਚ ਬੰਦ ਹੈ। ਇਸ ਸਾਲ ਜੇਲ੍ਹ ਤੋਂ ਰਾਮ ਰਹੀਮ ਦੀ ਤੀਜੀ ਅਸਥਾਈ ਰਿਹਾਈ ਹੈ। ਅਧਿਕਾਰਤ ਸੂਤਰਾਂ ਨੇ ਕਿਹਾ ਕਿ ਰਾਮ ਰਹੀਮ ਦੁਪਹਿਰ ਕਰੀਬ 2 ਵਜੇ ਜੇਲ੍ਹ 'ਚੋਂ ਬਾਹਰ ਆਇਆ। ਅਸਥਾਈ ਰਿਹਾਈ ਦੇ ਸਮੇਂ ਦੌਰਾਨ ਰਾਮ ਰਹੀਮ ਉੱਤਰ ਪ੍ਰਦੇਸ਼ ਦੇ ਬਾਗਪਤ ਦੇ ਬਰਨਾਵਾ 'ਚ ਸਥਿਤ ਡੇਰਾ ਸੱਚਾ ਸੌਦਾ ਆਸ਼ਰਮ ਜਾਵੇਗਾ। ਡੇਰਾ ਸੱਚਾ ਸੌਚਾ ਦਾ ਹੈੱਡਕੁਆਰਟਰ ਹਰਿਆਣਾ ਦੇ ਸਿਰਸਾ ਵਿੱਚ ਹੈ। ਇਸ ਤੋਂ ਪਹਿਲਾਂ ਰਾਮ ਰਹੀਮ 30 ਜੁਲਾਈ ਨੂੰ 30 ਦਿਨ ਦੀ ਪੈਰੋਲ 'ਤੇ ਜੇਲ੍ਹ ਵਿਚੋਂ ਬਾਹਰ ਆਇਆ ਸੀ। ਡੇਰਾ ਮੁਖੀ ਨੂੰ ਜਨਵਰੀ ਵਿੱਚ 40 ਦਿਨ ਦੀ ਪੈਰੋਲ ਦਿੱਤੀ ਗਈ ਸੀ। ਪਿਛਲੇ ਸਾਲ (**ਬਾਕੀ ਸਫ਼ਾ 31 'ਤੇ**)

## ਨਹੀਂ ਰਹੇ ਸਹਾਰਾ ਗਰੁੱਪ ਦੇ ਮੁਖੀ ਸੁਬਰਤ ਰਾਏ

### ਅੰਤਿਮ ਸਸਕਾਰ ਵਿੱਚ ਨਹੀਂ ਪਹੁੰਚੇ ਦੋਵੇਂ ਪੁੱਤਰ

ਨਵੀਂ ਦਿੱਲੀ/ਏ.ਟੀ.ਨਿਊਜ਼ :- ਸਹਾਰਾ ਗਰੁੱਪ ਦੇ ਮੁਖੀ ਸੁਬਰਤ ਰਾਏ ਦਾ ਵੀਰਵਾਰ ਨੂੰ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੇ ਪੋਤਰੇ ਨੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ। ਹਾਲਾਂਕਿ ਇਸ ਦੌਰਾਨ ਉਨ੍ਹਾਂ ਦੇ ਦੋਵੇਂ ਪੁੱਤਰ ਅੰਤਿਮ ਸੰਸਕਾਰ 'ਚ ਸ਼ਾਮਲ ਨਹੀਂ ਹੋਏ।



ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਲਖਨਊ ਦੇ ਭੈਂਸਾਕੁੰਡ ਲਿਆਂਦਾ ਗਿਆ, ਜਿੱਥੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਇਸ ਤੋਂ ਪਹਿਲਾਂ ਉਨ੍ਹਾਂ ਦੀ ਅੰਤਿਮ ਯਾਤਰਾ ਸਹਾਰਾ ਸ਼ਹਿਰ ਤੋਂ ਬੈਕੁੰਠਧਾਮ ਪਹੁੰਚੀ, ਜਿੱਥੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਇਸ ਦੌਰਾਨ ਸਪਾ ਮੁਖੀ ਅਖਿਲੇਸ਼ ਯਾਦਵ, ਰਾਜ ਬੱਬਰ, ਕਾਂਗਰਸ ਨੇਤਾ ਪ੍ਰਮੋਦ ਤਿਵਾੜੀ ਸਮੇਤ ਹਜ਼ਾਰਾਂ ਲੋਕ ਮੌਜੂਦ ਸਨ। ਸੁਬਰਤ ਰਾਏ ਵੀਰਵਾਰ ਨੂੰ ਪੰਚਤੱਤ ਵਿੱਚ ਵਿਲੀਨ ਹੋ ਗਏ। ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਪੋਤੇ ਨੇ ਕੀਤਾ। ਉਨ੍ਹਾਂ ਦੇ ਦੋਵੇਂ ਪੁੱਤਰ ਉਨ੍ਹਾਂ ਦੇ ਅੰਤਿਮ ਸੰਸਕਾਰ 'ਚ ਮੌਜੂਦ ਨਹੀਂ ਸਨ। ਇਸ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਸਨ। ਸੁਬਰਤ ਦੀ ਪਤਨੀ ਸਵਪਨਾ ਰਾਏ (**ਬਾਕੀ ਸਫ਼ਾ 31 'ਤੇ**)

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੇਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਕਿਸਾਨਾਂ ਦੇ ਹੱਕ ਵਿੱਚ ਬੁਲੰਦ ਆਵਾਜ਼ ਉਠਾਉਣ ਵਾਲੇ ਕਾਮੇਡੀਅਨ ਵੀਰ ਦਾਸ ਨੇ ਐਮੀ ਐਵਾਰਡ ਜਿੱਤਿਆ

## ਮੋਦੀ ਭਗਤਾਂ ਨੇ ਉਸਦੇ ਸ਼ੋਅ ਰੱਦ ਕਰਵਾਏ ਸਨ ਤੇ ਸ਼ੋਸ਼ਲ ਮੀਡੀਆ ਉੱਪਰ ਟਰੋਲ ਕੀਤਾ

ਨਵੀਂ ਦਿੱਲੀ/ਏ.ਟੀ.ਨਿਊਜ਼ : ਕਾਮੇਡੀਅਨ ਵੀਰ ਦਾਸ ਨੇ ਆਪਣੇ ਵਿਸ਼ੇਸ਼ ਸਟੈਂਡ-ਅੱਪ ਕਾਮੇਡੀ ਸ਼ੋਅ 'ਵੀਰ ਦਾਸ : ਲੈਂਡਿੰਗ' ਲਈ ਸਰਵੋਤਮ ਕਾਮੇਡੀ ਸੀਰੀਜ਼ ਸ਼੍ਰੇਣੀ ਵਿੱਚ ਵਕਾਰੀ ਐਮੀ ਐਵਾਰਡ ਜਿੱਤਿਆ ਹੈ। ਅਮਰੀਕਾ ਦੇ ਨਿਊਯਾਰਕ ਵਿੱਚ ਐਵਾਰਡ ਸਮਾਰੋਹ ਹੋਇਆ। ਦਾਸ ਨੂੰ ਦੂਜੀ ਵਾਰ ਐਮੀ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਸੀ ਅਤੇ ਉਸ ਨੇ ਇਸ ਸ਼੍ਰੇਣੀ ਵਿੱਚ ਪਹਿਲੀ ਵਾਰ ਪੁਰਸਕਾਰ ਜਿੱਤਿਆ। ਦਾਸ ਨੇ ਪ੍ਰਸਿੱਧ ਬਰਤਾਨਵੀ ਅੱਲ੍ਹੜਾਂ 'ਚ ਮਕਬੂਲ ਕਾਮੇਡੀ ਸ਼ੋਅ 'ਡੈਰੀ ਗਰਲਜ਼' ਦੇ ਤੀਜੇ ਸੀਜ਼ਨ ਨਾਲ ਟਰਾਫੀ ਸਾਂਝੀ ਕੀਤੀ। 'ਵੀਰ ਦਾਸ : ਲੈਂਡਿੰਗ' ਫਿਲਹਾਲ ਨੈੱਟਫਲਿਕਸ 'ਤੇ ਚੱਲ ਰਿਹਾ ਹੈ।

ਵਿਸ਼ਵ ਪੱਧਰ 'ਤੇ ਬਿਹਤਰੀਨ ਟੈਲੀਵੀਯਨ ਪੇਸ਼ਕਾਰੀ ਦਾ ਸਨਮਾਨ ਕਰਨ ਵਾਲੇ ਐਮੀ ਐਵਾਰਡ ਨੇ ਵੀਰ ਦਾਸ ਦੀ ਪ੍ਰਤਿਭਾ ਦਾ ਲੋਹਾ ਮੰਨਿਆ ਹੈ।

ਵੀਰ ਦਾਸ ਦੇ ਨਾਲ ਸ਼ੇਫਾਲੀ ਸ਼ਾਹ ਤੇ ਜਿਮ ਸਰਭ ਵਰਗੇ ਭਾਰਤੀ ਵੀ ਹੋਰਨਾਂ ਸ਼੍ਰੇਣੀਆਂ ਵਿੱਚ ਨਾਮਜ਼ਦ ਸਨ, ਪਰ ਉਹ ਸਫਲ ਨਹੀਂ ਰਹੇ। ਵੀਰ ਦਾਸ ਨੇ ਆਪਣੇ ਸ਼ੋਅ ਵਿੱਚ ਸਿਆਸਤ ਦੇ ਚਸ਼ਮੇ ਨਾਲ ਭਾਰਤੀ ਤੇ ਅਮਰੀਕੀ ਸੱਭਿਆਚਾਰਾਂ ਦੇ ਅੰਤਰ-ਸੰਬੰਧ ਬਾਰੇ ਗੱਲ ਕੀਤੀ ਹੈ। ਵੀਰ ਦਾਸ ਭਾਰਤ ਵਿੱਚ ਪੈਦਾ ਹੋਇਆ ਤੇ ਅਮਰੀਕਾ ਵਿੱਚ ਵੱਡਾ ਹੋਇਆ ਹੈ। ਪੁਰਸਕਾਰ ਸਮਾਰੋਹ ਤੋਂ ਇੱਕ ਦਿਨ ਪਹਿਲਾਂ ਵੀਰ ਦਾਸ ਨੇ ਇਕ ਕਲਿੱਪ ਪੋਸਟ ਕਰਕੇ ਕਿਹਾ ਸੀ-ਜਿਸ ਦਿਨ ਮੈਨੂੰ ਦਹਿਸ਼ਤਗਰਦ ਗਰਦਾਨਿਆ ਗਿਆ, ਉਸੇ ਦਿਨ ਮੈਨੂੰ ਕੌਮਾਂਤਰੀ ਐਮੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ। ਦੁਨੀਆ ਗੋਲ ਹੈ, ਇਸ ਲਈ ਬਸ ਧੰਨਵਾਦ ਸਹਿਤ ਕਹਿਣਾ ਚਾਹੁੰਦਾ ਹਾਂ ਕਿ ਜੇ ਉਥੇ ਕੋਈ ਵੀ ਕਦੇ ਹਨੇਰੇ 'ਚ ਹੈ ਤਾਂ ਸੂਰਜ ਦੀ ਰੌਸ਼ਨੀ ਤੱਕ ਰੁਕੇ ਅਤੇ ਜਾਨ ਲਵੇ ਕਿ ਪਿਆਰ ਉਸ ਨੂੰ ਲੱਭ ਲਵੇਗਾ ਅਤੇ ਦੁਨੀਆਂ ਉਸ ਨੂੰ ਮੌਕਾ ਦੇਵੇਗੀ।

ਵੀਰ ਦਾਸ ਨੇ 100 ਤੋਂ ਵੱਧ ਸਟੈਂਡ-ਅੱਪ ਕਾਮੇਡੀ ਸ਼ੋਅ ਕੀਤੇ ਹਨ। 15 ਫਿਲਮਾਂ ਵਿੱਚ ਵੀ ਕੰਮ ਕੀਤਾ ਹੈ। 2021 ਵਿਚ ਵਾਸ਼ਿੰਗਟਨ ਡੀ ਸੀ ਦੇ ਜੌਹਨ ਐੱਫ ਕੈਨੇਡੀ ਸੈਂਟਰ ਵਿੱਚ ਪੇਸ਼ ਵੀਰ ਦਾਸ ਦੇ ਮੌਨੋਲੌਗ 'ਟੂ ਇੰਡੀਆਜ਼'



ਨਾਲ ਵੱਡਾ ਵਿਵਾਦ ਪੈਦਾ ਹੋ ਗਿਆ ਸੀ। ਉਸ ਨੇ ਭਾਰਤ ਦੇ ਦਵੰਦ 'ਤੇ ਟਿੱਪਣੀ ਕੀਤੀ ਸੀ, ਜਿਸ ਵਿੱਚ ਕੋਰੋਨਾ ਮਹਾਂਮਾਰੀ, ਹਵਾ ਪ੍ਰਦੂਸ਼ਣ, ਕਿਸਾਨ ਅੰਦੋਲਨ, ਕਿ ?ਕੇਟ ਤੇ ਬਲਾਤਕਾਰ ਦੀਆਂ ਘਟਨਾਵਾਂ ਵਰਗੇ ਵਿਸ਼ੇ ਚੁੱਕੇ ਸਨ। ਭਾਰਤੀ ਲੋਕਾਂ ਦੇ ਦੋਹਰੇ ਚਰਿੱਤਰ ਦੀ ਗੱਲ ਕਰਨ 'ਤੇ ਮੋਦੀ ਭਗਤਾਂ ਨੇ ਸੋਸ਼ਲ ਮੀਡੀਆ 'ਤੇ ਉਸ ਨੂੰ ਭਾਰਤ ਵਿਰੋਧੀ ਦੱਸਿਆ ਸੀ।

ਵੀਰ ਦਾਸ ਨੇ ਕਿਹਾ ਸੀ-ਮੈਂ ਉਸ ਭਾਰਤ ਤੋਂ ਆਉਦਾ ਹਾਂ, ਜਿੱਥੇ ਅਸੀਂ ਦਿਨੇ ਔਰਤਾਂ ਦੀ ਪੂਜਾ ਕਰਦੇ ਹਾਂ ਤੇ ਰਾਤ ਨੂੰ ਗੈਂਗਰੇਪ ਕਰਦੇ ਹਾਂ। ਮੈਂ ਉਸ ਭਾਰਤ ਤੋਂ ਆਉਦਾ ਹਾਂ, ਜਿੱਥੇ ਅਸੀਂ ਸ਼ਾਕਾਹਾਰੀ ਹੋਣ ਵਿੱਚ ਮਾਣ ਮਹਿਸੂਸ ਕਰਦੇ ਹਾਂ ਪਰ ਕਿਸਾਨਾਂ ਨੂੰ ਕੁਚਲ ਦਿੰਦੇ ਹਾਂ, ਜਿਹੜੇ ਇਹ ਸਬਜ਼ੀਆਂ ਉਗਾਉਂਦੇ ਹਨ। ਮੈਂ ਉਸ ਭਾਰਤ ਤੋਂ ਆਉਦਾ ਹਾਂ, ਜਿੱਥੇ ਬੱਚੇ ਮਾਸਕ ਲਾ ਕੇ ਇਕ-ਦੂਜੇ ਨਾਲ ਹੱਥ ਮਿਲਾਉਦੇ ਹਨ ਤੇ ਮੈਂ ਉਸ ਭਾਰਤ ਤੋਂ ਆਉਦਾ ਹਾਂ ਜਿੱਥੋਂ ਦੇ ਆਗੂ ਬਿਨਾਂ ਮਾਸਕ ਲਗਾਏ ਗਲੇ ਮਿਲਦੇ ਹਨ। ਮੈਂ ਉਸ ਭਾਰਤ ਤੋਂ ਆਉਦਾ ਹਾਂ, ਜਿੱਥੇ ਹਿੰਦੂ, ਮੁਸਲਮ, ਈਸਾਈ, ਸਿੱਖ, ਪਾਰਸੀ ਤੇ ਯਹੂਦੀ ਵੀ ਹਨ ਤੇ ਜਦੋਂ ਅਸੀਂ ਸਾਰੇ ਆਸਮਾਨ ਵੱਲ ਦੇਖਦੇ ਹਾਂ ਤਾਂ ਸਾਨੂੰ ਸਾਰਿਆਂ ਨੂੰ ਇਕ ਹੀ ਚੀਜ਼ ਦਿਸਦੀ ਹੈ-ਪੈਟਰੋਲ ਦੀਆਂ ਕੀਮਤਾਂ।

ਵਿਵਾਦ ਤੋਂ ਬਾਅਦ ਵੀ ਵੀਰ ਦਾਸ ਨੇ ਕਿਹਾ ਸੀ ਕਿ ਉਹ ਜਦੋਂ ਤੱਕ ਕਾਮੇਡੀ ਕਰੇਗਾ, ਅਜਿਹੇ ਵਿਅੰਗ ਕੱਸਦਾ ਰਹੇਗਾ। ਇਸ ਦਾ ਉਸ ਨੂੰ ਖਮਿਆਜ਼ਾ ਵੀ ਭੁਗਤਣਾ ਪਿਆ ਸੀ। ਪਿਛਲੇ ਸਾਲ ਮੋਦੀ ਭਗਤਾਂ ਦੇ ਵਿਰੋਧ ਕਾਰਨ ਵੀਰ ਦਾਸ ਦਾ ਬੇਂਗਲੁਰੂ ਦਾ ਸ਼ੋਅ ਰੱਦ ਕਰ ਦਿੱਤਾ ਗਿਆ ਸੀ। ਇਸ ਸ਼ੋਅ ਦਾ ਕੱਟੜਪੰਥੀ ਹਿੰਦੂ ਗਰੁੱਪ ਨੇ ਵਿਰੋਧ ਕੀਤਾ ਸੀ।

ਵੀਰ ਦਾਸ ਦੇ ਨਾਲ ਸ਼ੇਫਾਲੀ ਸ਼ਾਹ ਤੇ ਜਿਮ ਸਰਭ ਵਰਗੇ ਭਾਰਤੀ ਵੀ ਹੋਰਨਾਂ ਸ਼੍ਰੇਣੀਆਂ ਵਿਚ ਨਾਮਜ਼ਦ ਸਨ, ਪਰ ਉਹ ਸਫਲ ਨਹੀਂ ਰਹੇ। ਨਿਰਮਾਤਾ-ਨਿਰਦੇਸ਼ਕ ਏਕਤਾ ਕਪੂਰ ਨੂੰ ਡਾਇਰੈਕਟਰੇਟ ਕੈਟੇਗਰੀ ਦਾ ਐਵਾਰਡ ਮਿਲਿਆ। ਉਸ ਨੇ ਇੰਸਟਾਗਰਾਮ 'ਤੇ ਭਾਰਤ ਵਾਸੀਆਂ ਲਈ ਸੁਨੇਹਾ ਪੋਸਟ ਕੀਤਾ-ਇੰਡੀਆ, ਮੈਂ ਤੁਹਾਡਾ ਐਮੀ ਐਵਾਰਡ ਘਰ ਲਿਆ ਰਹੀ ਹਾਂ।

# ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹੋਣਗੀਆਂ ਅਗਾਮੀ ਲੋਕ ਸਭਾ ਚੋਣਾਂ ਲਈ ਸੈਮੀਫਾਈਨਲ

## ਮੋਦੀ ਦੀ ਪ੍ਰਸਿੱਧੀ ਤੇ ਅਮਿਤ ਸ਼ਾਹ ਦੇ ਚੋਣ ਪ੍ਰਬੰਧ ਤੇ ਰਾਹੁਲ ਗਾਂਧੀ ਦੀ ਲੀਡਰਸ਼ਿਪ ਦੀ ਵੀ ਹੋਵੇਗੀ ਪਰਖ

ਚੰਡੀਗੜ੍ਹ/ਏ.ਟੀ.ਨਿਊਜ਼ :-ਪੰਜ ਰਾਜਾਂ-ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ ਦੀਆਂ ਵਿਧਾਨ ਸਭਾ ਚੋਣਾਂ ਦੀ ਪ੍ਰਕਿਰਿਆ ਹੁਣ ਆਖ਼ਰੀ ਦੌਰ ਵਿੱਚ ਹੈ। ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਮਿਜ਼ੋਰਮ ਵਿੱਚ ਵੋਟਾਂ ਪੈ ਚੁੱਕੀਆਂ ਹਨ, ਜਦ ਕਿ ਰਾਜਸਥਾਨ ਵਿੱਚ 25 ਨਵੰਬਰ ਨੂੰ ਅਤੇ ਤੇਲੰਗਾਨਾ ਵਿੱਚ 30 ਨਵੰਬਰ ਨੂੰ ਵੋਟਾਂ ਪੈਣਗੀਆਂ। ਇਨ੍ਹਾਂ ਚੋਣਾਂ ਨੂੰ ਅਗਾਮੀ ਲੋਕ ਸਭਾ ਚੋਣਾਂ ਲਈ ਸੈਮੀਫਾਈਨਲ ਕਿਹਾ ਜਾ ਰਿਹਾ ਹੈ।

ਹਾਲੇ ਸਿਆਸੀ ਮਾਹਿਰਾਂ ਵਿੱਚ ਇਹ ਧਾਰਨਾ ਬਣੀ ਹੋਈ ਹੈ ਕਿ 10 ਸਾਲ ਤੋਂ ਕੇਂਦਰ ਵਿੱਚ ਸਰਕਾਰ ਚਲਾ ਰਹੀ ਭਾਜਪਾ ਲਈ ਅਗਲੀ ਚੋਣ ਮੁਸ਼ਕਿਲ ਹੋਣ ਵਾਲੀ ਹੈ। ਇਹ ਧਾਰਨਾ 10 ਸਾਲ ਦੀ ਐਂਟੀ-ਇਨਕੰਬੈਸੀ (ਸੱਤਾ ਵਿਰੋਧੀ ਭਾਵਨਾ) ਦੀ ਵਜ੍ਹਾ ਨਾਲ ਤਾਂ ਹੈ ਹੀ, ਨਾਲ ਹੀ ਇਸ ਵਜ੍ਹਾ ਨਾਲ ਵੀ ਹੈ ਕਿ ਵਿਰੋਧੀ ਪਾਰਟੀਆਂ ਨੇ 'ਇੰਡੀਆ' ਨਾਂਅ ਨਾਲ ਆਪਣਾ ਗੱਠਜੋੜ ਬਣਾਇਆ ਹੈ ਅਤੇ ਇਹ ਤੈਅ ਕੀਤਾ ਹੈ ਕਿ ਲੋਕ ਸਭਾ ਚੋਣਾਂ ਵਿੱਚ ਭਾਜਪਾ ਵਿਰੁੱਧ ਹਰ ਸੀਟ 'ਤੇ ਵਿਰੋਧੀ ਧਿਰ ਦਾ ਵੀ ਇਕ ਹੀ ਉਮੀਦਵਾਰ ਹੋਵੇਗਾ। ਇਸ ਲਈ ਭਾਜਪਾ ਨੇ ਵੀ ਪ੍ਰਤੀਕਿਰਿਆ ਵਜੋਂ ਅੱਗੇ ਵਧ ਕੇ ਆਪਣੇ ਪੁਰਾਣੇ ਸਹਿਯੋਗੀਆਂ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ ਅਤੇ ਛੋਟੇ-ਛੋਟੇ ਨਵੇਂ ਸਹਿਯੋਗੀ ਵੀ ਲੱਭੇ। ਉਸ ਨੇ ਵਿਰੋਧੀ ਗੱਠਜੋੜ 'ਇੰਡੀਆ' ਦੇ ਮੁਕਾਬਲੇ 38 ਪਾਰਟੀਆਂ ਨੂੰ ਆਪਣੇ ਕੌਮੀ ਜਮਹੂਰੀ ਗੱਠਜੋੜ ਭਾਵ ਐਨ.ਡੀ.ਏ. ਦੇ ਬੈਨਰ ਹੇਠ ਬੁਲਾ ਕੇ ਮੀਟਿੰਗ ਕੀਤੀ। ਸਭ ਛੋਟੇ-ਵੱਡੇ ਦਲਾਂ ਦੇ ਨੇਤਾਵਾਂ ਨੂੰ ਪ੍ਰਧਾਨ ਮੰਤਰੀ ਮੋਦੀ ਖ਼ੁਦ ਮਿਲੇ।

ਜੇਕਰ ਇਨ੍ਹਾਂ ਪੰਜ ਰਾਜਾਂ ਦੀਆਂ ਚੋਣਾਂ ਵਿੱਚ ਭਾਜਪਾ ਦਾ ਪ੍ਰਦਰਸ਼ਨ ਚੰਗਾ ਨਹੀਂ ਰਹਿੰਦਾ ਤਾਂ ਇਹ ਧਾਰਨਾ ਹੋਰ ਮਜ਼ਬੂਤ ਹੋਵੇਗੀ ਕਿ 'ਇੰਡੀਆ' ਦੇ ਮੁਕਾਬਲੇ ਐਨ.ਡੀ.ਏ. ਕਮਜ਼ੋਰ ਹੈ ਅਤੇ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। ਜੇਕਰ ਭਾਜਪਾ ਦਾ ਪ੍ਰਦਰਸ਼ਨ ਚੰਗਾ ਰਹਿੰਦਾ ਹੈ ਤਾਂ ਕਾਂਗਰਸ ਦੀ ਕਮਜ਼ੋਰੀ ਜ਼ਾਹਿਰ ਹੋਵੇਗੀ, ਜਿਸ ਦਾ ਅਸਰ ਵਿਰੋਧੀ ਗੱਠਜੋੜ 'ਇੰਡੀਆ' 'ਤੇ ਪਵੇਗਾ। ਵਿਰੋਧੀ ਪਾਰਟੀਆਂ ਕਾਂਗਰਸ 'ਤੇ ਦਬਾਅ ਬਣਾਉਣਗੀਆਂ ਅਤੇ ਜ਼ਿਆਦਾ ਸੀਟਾਂ ਲਈ ਤੋਲ-ਮੋਲ ਕਰਨਗੀਆਂ। ਇਸ ਤਰ੍ਹਾਂ ਹੋਣ 'ਤੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀ ਗੱਠਜੋੜ ਵਿੱਚ ਫੁੱਟ ਪੈ ਸਕਦੀ ਹੈ।

ਗੱਠਜੋੜ ਦੀ ਚਰਚਾ ਕਰਦੇ ਹੋਏ ਇਹ ਵੀ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਹਾਲੇ ਇਨ੍ਹਾਂ ਪੰਜਾਂ ਰਾਜਾਂ ਵਿੱਚ 'ਇੰਡੀਆ' ਜਾਂ ਐਨ.ਡੀ.ਏ. ਗੱਠਜੋੜ ਚੋਣਾਂ ਨਹੀਂ ਲੜ ਰਿਹਾ ਹੈ। ਤਿੰਨ ਰਾਜਾਂ-ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਮੁਕਾਬਲਾ ਮੁੱਖ ਰੂਪ ਨਾਲ ਭਾਜਪਾ ਅਤੇ ਕਾਂਗਰਸ ਦਰਮਿਆਨ ਹੈ। ਤੇਲੰਗਾਨਾ ਵਿੱਚ ਕੇ. ਚੰਦਰਸ਼ੇਖਰ ਰਾਓ ਦੀ ਭਾਰਤ ਰਾਸ਼ਟਰ ਸਮਿਤੀ ਦਾ ਮੁਕਾਬਲਾ ਕਾਂਗਰਸ ਨਾਲ ਹੈ, ਜਦ ਕਿ ਭਾਜਪਾ ਮੁਕਾਬਲੇ ਨੂੰ ਤ੍ਰਿਕੋਣੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮਿਜ਼ੋਰਮ ਵਿੱਚ ਮਿਜ਼ੋ ਨੈਸ਼ਨਲ ਫਰੰਟ ਨੂੰ ਕੋਈ ਚੁਣੌਤੀ ਨਹੀਂ ਹੈ। ਚੋਣਾਂ ਦੇ ਐਲਾਨ ਤੋਂ ਬਾਅਦ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿੱਚ ਕਾਂਗਰਸ ਦਾ ਆਮ ਆਦਮੀ ਪਾਰਟੀ ਜਾਂ ਸਮਾਜਵਾਦੀ ਪਾਰਟੀ ਨਾਲ




ਕੋਈ ਤਾਲਮੇਲ ਬਣਦਾ ਹੈ ਜਾਂ ਨਹੀਂ, ਇਹ ਦੇਖਣ ਵਾਲੀ ਗੱਲ ਹੋਵੇਗੀ। ਹਾਲੇ ਆਮ ਆਦਮੀ ਪਾਰਟੀ ਅਤੇ ਸਮਾਜਵਾਦੀ ਪਾਰਟੀ ਦੋਵੇਂ ਵੱਖ-ਵੱਖ ਚੋਣਾਂ ਲੜ ਰਹੀਆਂ ਹਨ। ਫਿਲਹਾਲ, ਗੱਠਜੋੜ ਬਣੇ ਜਾਂ ਨਾ ਬਣੇ ਪਰ ਪੰਜ ਰਾਜਾਂ ਦੀਆਂ ਇਹ ਚੋਣਾਂ ਧਾਰਨਾ ਦੇ ਪੱਧਰ 'ਤੇ 'ਇੰਡੀਆ' ਬਨਾਮ ਐਨ.ਡੀ.ਏ. ਮੰਨੀਆਂ ਜਾਣਗੀਆਂ ਅਤੇ ਇਨ੍ਹਾਂ ਦੇ ਨਤੀਜਿਆਂ ਦਾ ਮੁਲਾਂਕਣ ਇਸੇ ਆਧਾਰ 'ਤੇ ਹੋਵੇਗਾ।

ਇਨ੍ਹਾਂ ਚੋਣਾਂ ਵਿੱਚ ਮੋਦੀ ਦੇ ਕ੍ਰਿਸ਼ਮੇ ਦੀ ਪ੍ਰੀਖਿਆ ਵੀ ਹੋਣੀ ਹੈ। ਪਿਛਲੇ 20 ਸਾਲ ਵਿੱਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਭਾਜਪਾ ਮੁੱਖ ਮੰਤਰੀ ਦੇ ਤੌਰ 'ਤੇ ਬਿਨਾਂ ਕੋਈ ਚਿਹਰਾ ਪੇਸ਼ ਕੀਤੇ ਲੜ ਰਹੀ ਹੈ। 2003 ਤੋਂ 2018 ਤੱਕ ਰਾਜਸਥਾਨ ਵਿੱਚ ਚੋਣਾਂ ਭਾਜਪਾ ਨੇ ਵਸੁੰਧਰਾ ਰਾਜੇ ਦੇ ਚਿਹਰੇ 'ਤੇ ਅਤੇ ਛੱਤੀਸਗੜ੍ਹ ਵਿੱਚ ਰਮਨ ਸਿੰਘ ਦੇ ਚਿਹਰੇ 'ਤੇ ਲੜੀਆਂ ਹਨ। ਮੱਧ ਪ੍ਰਦੇਸ਼ ਵਿੱਚ 2003 ਦੀਆਂ ਚੋਣਾਂ ਉਹ ਉਮਾ ਭਾਰਤੀ ਦੇ ਚਿਹਰੇ 'ਤੇ ਲੜੀਆਂ ਸੀ। 2008 ਤੋਂ 2018 ਤੱਕ ਤਿੰਨੇ ਚੋਣਾਂ ਉਸ ਨੇ ਸ਼ਿਵਰਾਜ ਸਿੰਘ ਚੌਹਾਨ ਦੇ ਚਿਹਰੇ 'ਤੇ ਲੜੀਆਂ ਸਨ, ਪਰ ਇਸ ਵਾਰ ਤਿੰਨਾਂ ਰਾਜਾਂ ਵਿੱਚ ਭਾਜਪਾ ਐਲਾਨੇ ਰੂਪ ਨਾਲ ਪ੍ਰਧਾਨ ਮੰਤਰੀ ਮੋਦੀ ਦੇ ਚਿਹਰੇ 'ਤੇ ਮੈਦਾਨ ਵਿੱਚ ਉੱਤਰੀ ਹੈ। ਤਿੰਨਾਂ ਰਾਜਾਂ ਵਿੱਚ ਮੋਦੀ ਨੇ ਧੂੰਆਂਧਾਰ ਪ੍ਰਚਾਰ ਕੀਤਾ ਹੈ ਅਤੇ ਆਪਣੀ ਪਾਰਟੀ ਦੇ ਚੋਣ ਵਾਅਦਿਆਂ ਨੂੰ 'ਮੋਦੀ ਕੀ ਗਾਰੰਟੀ' ਦੇ ਤੌਰ 'ਤੇ ਪੇਸ਼ ਕੀਤਾ ਹੈ। ਵਰਣਨਯੋਗ ਹੈ ਕਿ ਇਸੇ ਸਾਲ ਕਰਨਾਟਕ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵੀ ਭਾਜਪਾ ਨੇ ਮੋਦੀ ਦੇ ਚਿਹਰੇ 'ਤੇ ਹੀ ਲੜੀਆਂ ਸਨ ਅਤੇ ਦੋਵਾਂ ਥਾਵਾਂ 'ਤੇ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਫਿਲਹਾਲ ਭਾਜਪਾ ਲੋਕ ਸਭਾ ਵਾਂਗ ਮੋਦੀ ਦੇ ਚਿਹਰੇ ਅਤੇ ਅਮਿਤ ਸ਼ਾਹ ਦੇ ਪ੍ਰਬੰਧਨ 'ਤੇ ਚੋਣ ਲੜ ਰਹੀ ਹੈ। ਸੋ, ਮੋਦੀ ਦੇ ਕ੍ਰਿਸ਼ਮੇ ਅਤੇ ਸ਼ਾਹ ਦੇ ਪ੍ਰਬੰਧਨ ਦੋਵਾਂ ਦੀ ਪ੍ਰੀਖਿਆ ਵੀ ਇਨ੍ਹਾਂ ਚੋਣਾਂ ਵਿੱਚ ਹੋਵੇਗੀ।

ਭਾਜਪਾ ਤੋਂ ਉਲਟ ਕਾਂਗਰਸ ਇਸ ਵਾਰ ਚਾਰ ਰਾਜਾਂ ਵਿੱਚ ਸੂਬਾਈ, ਖੇਤਰੀ ਚਿਹਰਿਆਂ 'ਤੇ ਲੜ ਰਹੀ ਹੈ। ਮੱਧ ਪ੍ਰਦੇਸ਼ ਵਿੱਚ ਕਮਲਨਾਥ, ਰਾਜਸਥਾਨ ਵਿੱਚ ਅਸ਼ੋਕ ਗਹਿਲੋਤ, ਛੱਤੀਸਗੜ੍ਹ ਵਿੱਚ ਭੂਪੇਸ਼ ਬਘੇਲ ਅਤੇ ਤੇਲੰਗਾਨਾ ਵਿੱਚ ਰੇਵੰਤ ਰੈਡੀ ਦੇ ਕਾਂਗਰਸ ਦੇ ਚਿਹਰੇ ਹਨ। ਸੋ, ਇਨ੍ਹਾਂ ਖੇਤਰੀ ਆਗੂਆਂ ਨੇ ਆਪਣੇ-ਆਪ ਨੂੰ ਸਾਬਤ ਕਰਕੇ ਦਿਖਾਉਣਾ ਹੈ। ਠੀਕ ਉਵੇਂ ਹੀ ਜਿਵੇਂ ਕਰਨਾਟਕ ਵਿੱਚ ਸਿਧਾਰਮਈਆ ਅਤੇ ਡੀ.ਕੇ. ਸ਼ਿਵ ਕੁਮਾਰ ਨੇ ਆਪਣੇ-ਆਪ ਨੂੰ ਸਾਬਤ ਕੀਤਾ ਹੈ।

ਜੇਕਰ ਮੁੱਦਿਆਂ ਦੀ ਗੱਲ ਕਰੀਏ ਤਾਂ ਪਹਿਲਾ ਮੁੱਦਾ 'ਮੁਫ਼ਤ ਦੀ ਰੇਵੜੀ' ਦਾ ਹੈ, ਜੋ ਸਭ ਸਰਕਾਰਾਂ ਨੇ ਵੰਡੀਆਂ ਹਨ। ਜੋ ਵਿਰੋਧੀ ਧਿਰ ਵਿੱਚ ਹਨ, ਉਨ੍ਹਾਂ ਨੇ ਵੰਡਣ ਦਾ ਵਾਅਦਾ ਕੀਤਾ ਹੈ। ਇਸ ਤੋਂ ਇਲਾਵਾ ਭਾਜਪਾ ਦੇ ਡਬਲ ਇੰਜਨ ਦੀ ਸਰਕਾਰ, ਵਿਸ਼ਵ ਗੁਰੂ ਭਾਰਤ, ਹਿੰਦੂਤਵ, ਰਾਮ ਮੰਦਰ, ਸਨਾਤਨ ਧਰਮ ਦੀ ਰੱਖਿਆ ਅਤੇ ਮਜ਼ਬੂਤ ਅਗਵਾਈ ਦੇ ਮੁਕਾਬਲੇ ਕਾਂਗਰਸ ਵਲੋਂ ਪੁਰਾਣੀ ਪੈਸ਼ਨ ਯੋਜਨਾ ਦੀ ਬਹਾਲੀ, ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀ, ਜਾਤੀ ਜਨਗਣਨਾ, ਸਮਾਜਿਕ ਨਿਆਂ ਅਤੇ ਰਾਖਵਾਂਕਰਨ ਦੇ ਮੁੱਦੇ ਹਨ। ਕਾਂਗਰਸ ਅਤੇ ਰਾਹੁਲ ਗਾਂਧੀ ਨੇ ਜਾਤੀ ਮਰਦਮਸ਼ੁਮਾਰੀ ਨੂੰ ਵੱਡਾ ਮੁੱਦਾ ਬਣਾਇਆ ਹੈ। ਚੋਣਾਂ ਦੇ ਐਲਾਨ ਤੋਂ ਦੋ ਦਿਨ ਪਹਿਲਾਂ ਰਾਜਸਥਾਨ ਵਿੱਚ ਜਾਤੀ ਮਰਦਮਸ਼ੁਮਾਰੀ ਦਾ ਨੋਟਿਸ ਜਾਰੀ ਹੋਇਆ। ਸਭ ਰਾਜਾਂ ਵਿੱਚ ਕਾਂਗਰਸ ਨੇ ਵਾਅਦਾ ਕੀਤਾ ਹੈ ਕਿ ਸਰਕਾਰ ਵਿੱਚ ਆਉਣ 'ਤੇ ਉਹ ਜਾਤੀ ਮਰਦਮਸ਼ੁਮਾਰੀ ਕਰਾਏਗੀ। ਇਸ ਨਾਲ ਉਹ ਪੱਛੜੀਆਂ ਜਾਤੀਆਂ ਨੂੰ ਇਕ ਸੁਨੇਹਾ ਦੇਣਾ ਚਾਹੁੰਦੀ ਹੈ। ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਉਸ ਦੇ ਮੁੱਖ ਮੰਤਰੀ ਵੀ ਪੱਛੜੀ ਜਾਤੀ ਵਿਚੋਂ ਆਉਂਦੇ ਹਨ। ਸੋ, ਇਸ ਮੁੱਦੇ ਦੀ ਪ੍ਰੀਖਿਆ ਇਨ੍ਹਾਂ ਚੋਣਾਂ ਵਿੱਚ ਹੋਣੀ ਹੈ।

ਰਾਹੁਲ ਗਾਂਧੀ ਆਪਣੀ ਭਾਰਤ ਜੋੜੋ ਯਾਤਰਾ ਦੀ ਲੜੀ ਵਿੱਚ ਪਿਛਲੇ ਸਾਲ ਮੱਧ ਪ੍ਰਦੇਸ਼, ਰਾਜਸਥਾਨ ਅਤੇ ਤੇਲੰਗਾਨਾ ਵਿਚ ਕਾਫ਼ੀ ਸਮਾਂ ਰਹੇ ਸਨ। ਇਸ ਲਈ ਕਾਂਗਰਸ ਨੂੰ ਉਮੀਦ ਹੈ ਕਿ ਉਸ ਯਾਤਰਾ ਦਾ ਕੁਝ ਫਾਇਦਾ ਪਾਰਟੀ ਨੂੰ ਹੋਵੇਗਾ। ਕੁੱਲ ਮਿਲਾ ਕੇ ਪੰਜ ਰਾਜਾਂ ਦੀਆਂ ਚੋਣਾਂ ਵਿੱਚ ਅਗਵਾਈ ਦੇ ਨਾਲ-ਨਾਲ ਰਣਨੀਤੀ ਅਤੇ ਲੋਕ ਸਭਾ ਚੋਣਾਂ ਦੇ ਲਿਹਾਜ਼ ਨਾਲ ਅਹਿਮ ਮੁੱਦਿਆਂ ਦੀ ਪ੍ਰੀਖਿਆ ਹੋਵੇਗੀ।

ਭਾਜਪਾ ਨੂੰ ਹੁਣ ਰਾਮ ਮੰਦਰ 'ਤੇ ਵੱਡੀਆਂ ਆਸਾਂ

2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ, ਭਾਜਪਾ ਨੇ ਪੂਰੇ ਭਾਰਤ 'ਚ ਮੰਦਰਾਂ ਨੂੰ ਜਗਮਗਾਉਣ ਤੋਂ ਇਲਾਵਾ 22 ਜਨਵਰੀ, 2024 ਨੂੰ ਅਯੁੱਧਿਆ 'ਚ ਰਾਮ ਮੰਦਰ ਦੇ ਉਦਘਾਟਨ ਦੇ ਮੱਦੇਨਜ਼ਰ ਭਾਵਨਾਵਾਂ ਦੀ ਲਹਿਰ ਨੂੰ ਸੁਨਾਮੀ 'ਚ ਬਦਲਣ ਦੀ ਰਣਨੀਤਕ ਯੋਜਨਾ ਬਣਾਈ ਹੈ। ਸੰਘ ਪਰਿਵਾਰ ਇਸ ਗੱਲ 'ਤੇ ਚਰਚਾ ਕਰ ਰਿਹਾ ਹੈ ਕਿ, ਕੀ ਉਹ ਦੇਸ਼ ਭਰ 'ਚ ਜਨਤਕ ਥਾਵਾਂ 'ਤੇ ਡਿਜੀਟਲ ਸਕਰੀਨ 'ਤੇ ਰਾਮ ਮੰਦਰ ਦੇ 'ਪ੍ਰਾਨਪ੍ਰਤੀਸ਼ਠਤਾ' ਦਾ ਸਿੱਧਾ ਪ੍ਰਸਾਰਨ ਕਰ ਸਕਦਾ ਹੈ, ਜਿਸ ਦਾ ਉਦੇਸ਼ ਭਾਰਤ ਦੇ ਅੰਦਰ ਅਤੇ ਬਾਹਰ ਲੱਖਾਂ ਹਿੰਦੂਆਂ ਲਈ ਇਸ ਦਾ ਸਿੱਧਾ ਪ੍ਰਸਾਰਨ ਕਰਨਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਦੋਵਾਂ ਦੀ ਭਾਗੀਦਾਰੀ ਵਾਲੇ ਇਸ ਇਤਿਹਾਸਕ ਅਤੇ ਰਾਜਨੀਤਕ ਤੌਰ 'ਤੇ ਮਹੱਤਵਪੂਰਨ ਇਸ ਪ੍ਰੋਗਰਾਮ ਨਾਲ ਭਾਜਪਾ-ਆਰ.ਐਸ.ਐਸ. ਹਿੰਦੂਆਂ ਦੀ ਧਾਰਮਿਕਤਾ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ।

ਦਰਪਣ ਝੂਠ ਨਹੀਂ ਬੋਲਦਾ

# ਪੰਜਾਬ 'ਚ ਵਧੇ ਅਪਰਾਧਾਂ ਕਾਰਨ ਪੰਜਾਬੀ ਡਰ ਅਤੇ ਸਹਿਮ ਦੇ ਮਾਹੌਲ ਵਿੱਚ

## ਗੈਂਗਸਟਰ ਕਰ ਰਹੇ ਨੇ ਵਪਾਰੀਆਂ ਨੂੰ ਅਗਵਾ, ਵਸੂਲ ਰਹੇ ਨੇ ਫਿਰੌਤੀਆਂ

## 'ਆਪ' ਸਰਕਾਰ ਅਪਰਾਧਾਂ ਨੂੰ ਕਾਬੂ ਕਰਨ ਵਿੱਚ ਬੁਰੀ ਤਰ੍ਹਾਂ ਅਸਫ਼ਲ

ਪੰਜਾਬ ਅੰਦਰ ਵਾਪਰ ਰਹੀਆਂ ਅਪਰਾਧਿਕ ਘਟਨਾਵਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਹਰ ਰੋਜ਼ ਹਰ ਪਾਸੇ ਚੋਰੀਆਂ, ਲੁੱਟਾਂ-ਖੋਹਾਂ, ਕਤਲ, ਵਪਾਰੀਆਂ ਦੇ ਅਗਵਾ, ਪੁਲਿਸ ਅਧਿਕਾਰੀਆਂ ਦਾ ਕਤਲ ਅਤੇ ਲੜਾਈ-ਝਗੜੇ ਅਮਨ-ਕਾਨੂੰਨ ਲਈ ਸਿਰਦਰਦੀ ਬਣੇ ਹੋਏ ਹਨ। ਇੱਥੋਂ ਦੇ ਲੋਕ ਡਰ ਅਤੇ ਸਹਿਮ ਦੇ ਮਾਹੌਲ ਵਿੱਚ ਜੀਅ ਰਹੇ ਹਨ। ਪੰਜਾਬ ਦੀ ਸੱਤਾ 'ਤੇ ਕਾਬਜ਼ ਆਪ ਪਾਰਟੀ ਦੀ ਸਰਕਾਰ ਇਸ ਨੂੰ ਕਾਬੂ ਕਰਨ ਵਿੱਚ ਬੁਰੀ ਤਰ੍ਹਾਂ ਅਸਫ਼ਲ ਸਿੱਧ ਹੋ ਰਹੀ ਹੈ।

18 ਨਵੰਬਰ ਦੌਰਾਨ ਲੁਧਿਆਣਾ ਵਿੱਚ ਦੇਰ ਰਾਤ ਇੱਕ ਕੱਪੜਾ ਵਪਾਰੀ ਸੰਭਵ ਜੈਨ, ਜਿਸ ਦੀ ਫੈਕਟਰੀ ਨੂਰਵਾਲਾ ਰੋਡ 'ਤੇ ਹੈ,ਦਾ ਬਦਮਾਸ਼ਾਂ ਵੱਲੋ ਫੈਕਟਰੀ ਦੇ ਬਾਹਰੋ ਕਿਡਨੈਪ ਕਰ ਲਿਆ ਗਿਆ ਹੈ । ਇਸ ਦੇ ਬਾਅਦ ਪਰਿਵਾਰ ਤੋਂ ਬਦਮਾਸ਼ਾਂ ਨੇ ਫਿਰੌਤੀ ਮੰਗੀ ਹੈ । ਪਰਿਵਾਰ ਨੇ ਇਸ ਬਾਰੇ ਪੁਲਿਸ ਨੂੰ ਇਤਲਾਹ ਕਰ ਦਿੱਤੀ ਹੈ,ਬਦਮਾਸ਼ਾਂ ਨੂੰ ਜਦੋਂ ਪਤਾ ਚੱਲਿਆ ਕਿ ਪੁਲਿਸ ਉਨ੍ਹਾਂ ਨੂੰ ਫੜਨ ਦੇ ਲਈ ਟਰੈਪ ਲੱਗਾ ਰਹੀ ਹੈ ਤਾਂ ਕਾਰੋਬਾਰੀ ਨੂੰ ਗੋਲੀ ਮਾਰ ਕੇ ਸੜਕ 'ਤੇ ਸੁੱਟ ਦਿੱਤਾ। ਗਨੀਮਤ ਇਹ ਹੈ ਕੀ ਗੋਲੀ ਵਪਾਰੀ ਦੇ ਪੱਟ 'ਤੇ ਲੱਗੀ ਹੈ । ਜ਼ਖਮੀ ਕਾਰੋਬਾਰੀ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।



ਬਿਕਰਮ ਸਿੰਘ ਮਜੀਠੀਆ ਨੇ ਲੁਧਿਆਣਾ ਦੇ ਵਪਾਰੀ ਦੇ ਕਿਡਨੈਪ ਵਾਲੀ ਘਟਨਾ 'ਤੇ ਆਪਣੇ ਸੋਸ਼ਲ ਮੀਡੀਆ ਐਕਾਉਂਟ ਐਕਸ 'ਤੇ ਇੱਕ ਪੋਸਟ ਪਾਕੇ ਲਿਖਿਆ ਹੈ 'ਮੁੱਖ ਮੰਤਰੀ ਭਗਵੰਤ ਮਾਨ ਜੀ ਕੁਝ ਤਾਂ ਤਰਸ ਕਰੋ ਪੰਜਾਬ 'ਤੇ ਲਾਲਾ ਜੀ ਅਰਵਿੰਦ ਕੇਜਰੀਵਾਲ ਦੀ ਸੇਵਾ ਵਾਸਤੇ ਪੰਜਾਬੀਆਂ ਨੇ ਤੁਹਾਨੂੰ ਵਾਗਡੋਰ ਨਹੀਂ ਸੌਂਪੀ। ਬਲਕਿ ਪੰਜਾਬ ਦੀ ਬੇਹਤਰੀ, ਭਲਾਈ ਤੇ ਤਰੱਕੀ ਵਾਸਤੇ ਸੌਂਪੀ ਹੈ। ਇਹ ਕਿਹੋ ਜਿਹਾ ਰੰਗਲਾ ਪੰਜਾਬ ਬਣਾ ਦਾ ਤੁਸੀਂ..ਨਿੱਤ ਦਿਹਾੜੇ ਕਤਲ, ਫਿਰੌਤੀਆਂ, ਲੁੱਟਾਂ ਖੋਹਾਂ ਤੇ ਹੋਰ ਅਪਰਾਧ ਆਮ ਹੋ ਗਏ। ਕੁਝ ਤਾਂ ਸ਼ਰਮ ਕਰੋ ਜਨਾਬ ਜੀਓ। ਜੇਕਰ ਬਹੁਤ ਨਹੀਂ ਤਾਂ ਅੱਧਾ ਦਿਨ ਹੀ ਪੰਜਾਬ ਵਾਸਤੇ ਲਾ ਲਿਆ ਕਰੋ ਜੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਖਿਆ ਕਿ ਉਹ ਦੱਸਣ ਕਿ ਉਹਨਾਂ ਨੂੰ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵੱਲੋਂ ਖੇਮਕਰਨ ਦੇ ਵਿਧਾਇਕ ਸਰਵਣ ਸਿੰਘ ਧੁੰਨ ਦੇ ਭਤੀਜੇ ਦੀ ਇੱਕ ਕਿਲੋ ਹੈਰੋਇਨ ਤੇ ਪਾਕਿਸਤਾਨ ਡ੍ਰੋਨ ਸਣੇ ਗ੍ਰਿਫ਼ਤਾਰੀ ਮਗਰੋਂ ਨਸ਼ਾ ਤਸਕਰੀ ਵਿਚ ਆਪ ਦੇ ਨੇਤਾਵਾਂ ਦੀ ਸ਼ਮੂਲੀਅਤ ਬਾਰੇ ਹੋਰ ਕੀ ਸਬੂਤ ਲੋੜੀਂਦੇ ਹਨ? ਆਪ ਵਿਧਾਇਕ ਨਸ਼ਾ ਤਸਕਰਾਂ ਨਾਲ ਰਲੇ ਹੋਏ ਹਨ ਤੇ ਉਹ ਸੂਬਾ ਪੁਲਿਸ 'ਤੇ ਤਸ਼ਕਰਾਂ ਤਸਕਰਾਂ 'ਤੇ ਕਾਰਵਾਈ ਨਾ ਕਰਨ ਵਾਸਤੇ ਦਬਾਅ ਬਣਾ ਰਹੇ ਹਨ। ਉਹਨਾਂ ਕਿਹਾ ਕਿ ਪਹਿਲਾਂ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਜੀਜੇ ਨੂੰ ਗ਼ੈਰ ਕਾਨੂੰਨੀ ਮਾਇਨਿੰਗ ਕਰਦਿਆਂ ਫੜਿਆ ਗਿਆ ਸੀ ਪਰ ਬਜਾਏ ਉਹਨਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਤਰਨਤਾਰਨ ਦੇ ਐੱਸਐੱਸਪੀ ਦਾ ਤਬਾਦਲਾ ਕਰ ਦਿੱਤਾ ਗਿਆ।

ਦੂਸਰੇ ਪਾਸੇ ਵਿਧਾਇਕ ਸਰਵਣ ਸਿੰਘ ਧੁੰਨ ਨੇ ਇੱਕ ਵੀਡੀਓ ਜਾਰੀ ਕੀਤੀ ਜਿਸ ਵਿਚ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਕੋਈ ਸਕਾ ਭਰਾ ਹੀ ਨਹੀਂ ਤਾਂ ਭਤੀਜਾ ਕਿੱਥੋਂ ਆ ਗਿਆ। ਉਨ੍ਹਾਂ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵਾਲੇ ਘਟੀਆ ਰਾਜਨੀਤੀ 'ਤੇ ਉੱਤਰ ਆਏ ਹਨ।

ਪੰਜਾਬ ਵਿੱਚ ਵਧ ਰਹੇ ਨਸ਼ਿਆਂ ਅਤੇ ਬੇਰੁਜ਼ਗਾਰੀ ਦੇ ਰੁਝਾਨ ਨੇ ਮਾਪਿਆਂ ਦੀ ਚਿੰਤਾ ਵਧਾ ਦਿੱਤੀ ਹੈ। ਸਰਕਾਰ ਦੇ ਵੱਡੇ-ਵੱਡੇ ਦਾਅਵੇ ਸਨ ਕਿ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਆਪ ਪਾਰਟੀ ਦੀ ਸਰਕਾਰ ਬਣਨ 'ਤੇ ਨਸ਼ਿਆਂ ਦਾ ਖ਼ਾਤਮਾ ਕਰ ਦੇਵੇਗੀ, ਇਹ ਪੂਰੀ ਤਰ੍ਹਾਂ ਗ਼ਲਤ ਸਾਬਿਤ ਹੋਏ ਹਨ। ਬੇਰੁਜ਼ਗਾਰੀ ਦਾ ਆਲਮ ਇਹ ਹੈ ਕਿ ਨਿੱਤ ਪੜ੍ਹੇ-ਲਿਖੇ ਨੌਜਵਾਨ ਨੌਕਰੀਆਂ ਲਈ ਸਰਕਾਰ ਖ਼ਿਲਾਫ਼ ਧਰਨਿਆਂ 'ਤੇ ਬੈਠਣ ਲਈ ਮਜਬੂਰ ਹਨ। ਇਸ ਸਰਕਾਰ ਦਾ ਕੰਮ ਰਾਜ ਦਾ ਵਿਕਾਸ ਅਤੇ ਇੱਥੇ ਪੈਦਾ ਹੋਈਆਂ ਸਮੱਸਿਆਵਾਂ ਦਾ ਹੱਲ ਕਰਨਾ ਸੀ, ਪ੍ਰੰਤੂ ਇਹ ਸਰਕਾਰ ਵਿਰੋਧੀਆਂ ਨਾਲ ਟਕਰਾਅ ਵੱਲ ਤੁਰ ਪਈ ਹੈ। ਸਰਕਾਰ ਆਪਣੇ ਕੰਮਾਂ ਦਾ ਗੁਣਗਾਣ ਕਰਨ ਲਈ ਇਸ਼ਤਿਹਾਰਾਂ ਦਾ ਸਹਾਰਾ ਲੈ ਰਹੀ ਹੈ। ਸਰਕਾਰ ਨੇ ਆਪਣੀ ਫ਼ੋਕੀ ਸ਼ੋਹਰਤ ਬਣਾਉਣ ਲਈ ਪੰਜਾਬ ਦੇ ਖ਼ਜ਼ਾਨੇ ਵਿਚੋਂ ਇਕ ਸਾਲ ਦੌਰਾਨ ਅੰਦਾਜ਼ਨ 750 ਕਰੋੜ ਰੁਪਏ ਖ਼ਰਚ ਦਿੱਤੇ ਹਨ। 'ਆਪ' ਸਰਕਾਰ ਪੰਜਾਬ ਦੇ ਮੀਡੀਆ 'ਤੇ ਵੀ ਆਪਣਾ ਦਬਦਬਾ ਬਣਾ ਰਹੀ ਹੈ। ਅਫ਼ਸੋਸ ਹੈ ਕਿ 'ਆਪ' ਸਰਕਾਰ ਪਿਛਲੀਆਂ ਸਰਕਾਰਾਂ ਦੇ ਜਿਹੜੇ ਕੰਮਾਂ ਦਾ ਵਿਰੋਧ ਕਰਕੇ ਤੇ ਨਵੀਆਂ ਪਿਰਤਾਂ ਪਾਉਣ ਦਾ ਭਰੋਸਾ ਦੇ ਕੇ ਸੱਤਾ 'ਚ ਆਈ ਹੈ, ਹੁਣ ਖ਼ੁਦ ਵੀ ਉਸੇ ਰਾਹ 'ਤੇ ਚਲਦੀ ਦਿਖਾਈ ਦੇ ਰਹੀ ਹੈ। ਕੁਝ ਦਿਨ ਪਹਿਲਾਂ ਸਰਕਾਰ ਨੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ 'ਚ ਪੰਜਾਬ ਦੇ ਮੁੱਦਿਆਂ 'ਤੇ ਬਹਿਸ ਲਈ ਸਮਾਗਮ ਰੱਖਿਆ ਸੀ ਪਰ ਸਰਕਾਰ ਦੇ ਹਮਲਾਵਰ ਰਵੱਈਏ ਕਾਰਨ ਵਿਰੋਧੀ ਧਿਰਾਂ ਨਹੀਂ ਆਈਆਂ ਅਤੇ ਸਰਕਾਰ ਇਸ ਨੂੰ ਵੀ ਆਪਣੀ ਪ੍ਰਾਪਤੀ ਦੱਸ ਰਹੀ ਹੈ। ਪਰ ਸੋਚ ਦਾ ਵਿਸ਼ਾ ਹੈ ਕਿ ਮੌਜੂਦਾ ਸਮੇਂ ਸੂਬੇ 'ਚ ਚੋਰੀਆਂ, ਡਕੈਤੀਆਂ, ਲੁੱਟਾਂ-ਖੋਹਾਂ, ਭ੍ਰਿਸ਼ਟਾਚਾਰ, ਨਸ਼ਾ, ਬੇਰੁਜ਼ਗਾਰੀ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਆਦਿ ਮੁੱਦਿਆਂ 'ਤੇ ਲੋਕਾਂ ਵਲੋਂ ਜਵਾਬਦੇਹੀ ਆਮ ਆਦਮੀ ਪਾਰਟੀ ਦੀ ਹੀ ਹੋਵੇਗੀ। ਇਸ 'ਤੇ ਗੌਰ ਕਰਨ ਦੀ ਲੋੜ ਹੈ।

# ਮੋਦੀ ਸਰਕਾਰ ਅੱਤਵਾਦ ਵਿਰੋਧੀ ਕਾਨੂੰਨਾਂ ਰਾਹੀਂ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਦਬਾਉਣ ਲੱਗੀ

## ਅਮਰੀਕਨ ਬਾਰ ਨੇ ਪੇਸ਼ ਕੀਤੀ ਰਿਪੋਰਟ

ਮੋਦੀ ਸਰਕਾਰ ਬਣਨ ਤੋਂ ਬਾਅਦ ਭਾਰਤ ਵਿੱਚ ਸਮਾਜ ਵਿੱਚ ਚੇਤਨਾ ਪੈਦਾ ਕਰਨ ਦਾ ਕੰਮ ਮਨੁੱਖੀ ਅਧਿਕਾਰ ਸੰਗਠਨਾਂ ਰਾਹੀਂ ਕਰਨਾ ਔਖਾ ਹੁੰਦਾ ਜਾ ਰਿਹਾ ਹੈ। ਮੋਦੀ ਸਰਕਾਰ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਗੈਰ-ਲਾਭਕਾਰੀ ਸੰਗਠਨਾਂ ਨੂੰ ਤੰਗ ਕਰਨ ਲਈ ਅੱਤਵਾਦ ਵਿਰੋਧੀ ਕਾਨੂੰਨਾਂ ਦਾ ਵੀ ਸਹਾਰਾ ਲੈ ਰਹੀ ਹੈ। ਅਮਰੀਕਨ ਬਾਰ ਐਸੋਸੀਏਸ਼ਨ ਸੈਂਟਰ ਫਾਰ ਹਿਊਮਨ ਰਾਈਟਸ (ਏਬੀਏ) ਦੀ ਇੱਕ ਤਾਜ਼ਾ ਰਿਪੋਰਟ ਵਿੱਚ ਇਹ ਸਿੱਟਾ ਕੱਢਿਆ ਗਿਆ ਹੈ ਕਿ ਭਾਰਤ ਸਰਕਾਰ ਮਨੁੱਖੀ ਅਧਿਕਾਰਾਂ ਦੇ ਰਾਖਿਆਂ ਅਤੇ ਨਾਗਰਿਕ ਅਧਿਕਾਰਾਂ ਦੇ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਲਈ ਵਿੱਤੀ ਐਕਸ਼ਨ ਟਾਸਕ ਫੋਰਸ (ਐਫਏਟੀਐਫ) ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰ ਰਹੀ ਹੈ।



ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ ਇੱਕ ਗਲੋਬਲ ਸੰਸਥਾ ਹੈ, ਜੋ ਮਨੀ ਲਾਂਡਰਿੰਗ ਅਤੇ ਅੱਤਵਾਦੀਆਂ ਨੂੰ ਮਿਲਣ ਵਾਲੀ ਵਿੱਤੀ ਸਹਾਇਤਾ ਦੀ ਨਿਗਰਾਨੀ ਕਰਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ, 2010 ਵਿੱਚ ਐਫਏਟੀਐਫ ਮੈਂਬਰ ਬਣਨ ਤੋਂ ਬਾਅਦ, ਭਾਰਤ ਨੇ ਆਪਣੇ ਅੱਤਵਾਦ ਵਿਰੋਧੀ ਅਤੇ ਮਨੀ ਲਾਂਡਰਿੰਗ ਕਾਨੂੰਨ ਵਿੱਚ ਸੋਧਾਂ ਦੀ ਇੱਕ ਲੜੀ ਸ਼ੁਰੂ ਕੀਤੀ, ਜਿਸਦਾ ਉਦੇਸ਼ ਆਪਣੇ ਆਪ ਨੂੰ ਐਫਏਟੀਐਫ ਦੀਆਂ ਜ਼ਰੂਰਤਾਂ ਅਨੁਸਾਰ ਬਣਾਉਣਾ ਸੀ। ਹਾਲਾਂਕਿ, ਅਜਿਹਾ ਕਰਨ ਨਾਲ ਗੈਰ-ਮੁਨਾਫ਼ਾ ਸੰਗਠਨਾਂ ਤੇ ਮਨੁੱਖੀ ਅਧਿਕਾਰਾਂ ਦੇ ਬਚਾਅ ਕਰਨ ਵਾਲਿਆਂ 'ਤੇ ਬਹੁਤ ਮਾੜਾ ਪ੍ਰਭਾਵ ਪਿਆ ਹੈ ਜੋ ਅਕਸਰ ਆਪਣੀ ਨਾਗਰਿਕ ਅਜ਼ਾਦੀ ਦੀ ਵਰਤੋਂ ਕਰਨ ਅਤੇ ਸਰਕਾਰ ਦੀ ਆਲੋਚਨਾ ਕਰਨ ਲਈ ਕਾਨੂੰਨੀ ਸ਼ਿਕੰਜਿਆਂ ਦੀ ਲਪੇਟ ਵਿੱਚ ਹਨ। ਰਿਪੋਰਟ ਵਿੱਚ ਤਿੰਨ ਸਖ਼ਤ ਅੱਤਵਾਦ ਵਿਰੋਧੀ ਕਾਨੂੰਨਾਂ ਗੈਰ-ਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ 1967 (ਯੂਏਪੀਏ), ਮਨੀ ਲਾਂਡਰਿੰਗ ਦੀ ਰੋਕਥਾਮ ਐਕਟ (ਪੀਐਮਐਲ ਏ), ਅਤੇ ਵਿਦੇਸ਼ੀ ਯੋਗਦਾਨ (ਰੈਗੂਲੇਸ਼ਨ) ਐਕਟ (ਐਫਸੀਆਰਏ) ਦੀ ਜਾਂਚ ਕੀਤੀ ਗਈ ਹੈ।

ਇਸ ਤੋਂ ਇਲਾਵਾ, ਇਹ ਰਿਪੋਰਟ ਭਾਰਤ ਵਿੱਚ ਐਨਪੀਓ ਅਤੇ ਮਨੁੱਖੀ ਅਧਿਕਾਰਾਂ ਦੇ ਰਾਖਿਆਂ ਨਾਲ ਜੁੜੇ ਖਾਸ ਮਾਮਲਿਆਂ ਬਾਰੇ ਹੈ, ਜਿਸ ਵਿੱਚ ਪੱਤਰਕਾਰ ਸਿੱਦੀਕੀ ਕਪਨ ਦੇ ਖਿਲਾਫ ਫਰਜ਼ੀ ਕੇਸ, ਸਿਟੀਜ਼ਨਸ਼ਿਪ ਬਿੱਲ ਦੇ ਪ੍ਰਦਰਸ਼ਨਕਾਰੀਆਂ ਦੇ ਖਿਲਾਫ ਅੱਤਵਾਦ ਫੰਡਿੰਗ ਦੇ ਦੋਸ਼, ਕਸ਼ਮੀਰੀ ਸਿਆਸੀ ਨੇਤਾ ਵਹੀਦ-ਉਰ-ਰਹਿਮਾਨ ਪਾਰਾ ਦੀ ਗ੍ਰਿਫਤਾਰੀ, ਭੀਮ ਕੋਰੇਗਾਂਵ ਕੇਸ, ਅਤੇ ਤੇਲੰਗਾਨਾ ਵਿੱਚ ਜਮਹੂਰੀ ਅਧਿਕਾਰ ਕਾਰਕੁਨਾਂ ਦਾ ਦਮਨ ਸ਼ਾਮਲ ਹੈ। ਰਿਪੋਰਟ ਵਿੱਚ ਸਿਫਾਰਸ਼ ਕੀਤੀ ਗਈ ਹੈ ਕਿ ਭਾਰਤ ਸਰਕਾਰ ਇਨ੍ਹਾਂ ਕਾਨੂੰਨਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਯੂਏਪੀਏ, ਪੀਐਮਐਲਏ ਅਤੇ ਐਫਸੀਆਰਏ ਕਾਨੂੰਨਾਂ ਵਿੱਚ ਸੋਧ ਕਰੇ। ਰਿਪੋਰਟ ਵਿੱਚ ਇਹ ਵੀ ਸਿਫ਼ਾਰਸ਼ ਕੀਤੀ ਗਈ ਹੈ ਕਿ ਕਾਨੂੰਨੀ, ਪੱਤਰਕਾਰੀ ਜਾਂ ਮਨੁੱਖੀ ਅਧਿਕਾਰਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਤੰਗ ਕਰਨ ਤੋਂ ਗੁਰੇਜ਼ ਕਰੇ।

# ਵਿਦੇਸ਼ਾਂ 'ਚ ਪ੍ਰਵਾਸ ਕਾਰਨ ਪੰਜਾਬ ਹੋ ਰਿਹੈ ਖਾਲੀ, ਸਿੱਖਾਂ ਦੀ ਗਿਣਤੀ ਪੰਜਾਬ ਵਿੱਚ ਘਟੀ

## ਅਨੇਕਾਂ ਘਰਾਂ ਤੇ ਕੋਠੀਆਂ ਨੂੰ ਲੱਗ ਰਹੇ ਹਨ 'ਤਾਲੇ', ਸਸਤੇ ਭਾਅ ਵੇਚੀਆਂ ਜਾ ਰਹੀਆਂ ਨੇ ਜ਼ਮੀਨਾਂ

ਬੇਰੁਜ਼ਗਾਰੀ ਕਾਰਨ ਪੰਜਾਬ ਦੇ ਪੜ੍ਹੇ ਲਿਖੇ ਨੌਜਵਾਨ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਜਾਣ ਲਈ ਮਜਬੂਰ ਹਨ। ਮਾਂ-ਬਾਪ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣਾ ਚਾਹੁੰਦੇ ਹਨ। ਇਸ ਕਾਰਨ ਵੀ ਵੱਡੀ ਗਿਣਤੀ ਵਿੱਚ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਭੇਜਣਾ ਚਾਹੁੰਦੇ ਹਨ। ਪੰਜਾਬ ਵਿੱਚ ਨੌਜਵਾਨਾਂ ਦੀ ਵਿਦੇਸ਼ ਜਾਣ ਦੀ ਲਾਲਸਾ ਇੰਨੀ ਜ਼ਿਆਦਾ ਵੱਧ ਰਹੀ ਹੈ ਕਿ ਹਰ ਕੋਈ ਵਿਦੇਸ਼ ਜਾਣ ਦੀ ਚਾਹਤ ਵਿੱਚ ਚੰਗੇ-ਮਾੜੇ ਢੰਗ-ਤਰੀਕੇ ਅਪਣਾ ਰਿਹਾ ਹੈ। ਰੋਜ਼ਾਨਾ ਵਿਦੇਸ਼ਾਂ ਨੂੰ ਜਾਂਦੇ ਪੰਜਾਬੀ ਨੌਜਵਾਨਾਂ ਨੂੰ ਵੇਖ ਕੇ ਇੰਝ ਲੱਗਦਾ ਹੈ ਕਿ ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬ ਬੁੱਢਿਆਂ ਦਾ ਸੂਬਾ ਵੱਜਣ ਲੱਗ ਪਵੇਗਾ। ਬਹੁਤੇ ਪਿੰਡਾਂ ਵਿੱਚ ਵੱਡੀਆਂ-ਵੱਡੀਆਂ ਕੋਠੀਆਂ ਵਿੱਚ ਇਕੱਲੇ ਬਜ਼ੁਰਗ ਹੀ ਰਹਿ ਰਹੇ ਹਨ, ਜਿਨ੍ਹਾਂ ਦੇ ਧੀ-ਪੁੱਤ ਵਿਦੇਸ਼ਾਂ ਵਿੱਚ ਹਨ। ਦੁਆਬੇ ਦੇ ਪਿੰਡ ਨੂਰਮਹਿਲ ,ਸ਼ੰਕਰ, ਸ਼ਰੀਂਹ , ਜੰਡਿਆਲਾ, ਛੋਟੀ ਮਿਆਣੀ ਆਦਿ ਇਸ ਗਲ ਦੇ ਗਵਾਹ ਹਨ। ਪੰਜਾਬ ਵਿੱਚ ਘਰਾਂ ਤੇ ਕੋਠੀਆਂ ਨੂੰ ਜਿੰਦਰੇ ਲੱਗ ਰਹੇ ਹਨ। ਅਜਿਹੇ ਘਰਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਪਿੰਡਾਂ ਵਿਚ ਜਾਇਦਾਦ ਖਰੀਦਣ ਵਾਲਾ ਗਾਹਕ ਛੇਤੀ ਨਹੀਂ ਲੱਭ ਰਿਹਾ।ਬਹੁਤੇ ਲੋਕ ਮਜਬੂਰੀ ਕਰਕੇ ਆਪਣੀ ਸੰਪਤੀ ਸਸਤੇ ਭਾਅ ਦੇ ਰਹੇ ਹਨ। ਵਿਦੇਸ਼ ਜਾਣ ਦੇ ਰੁਝਾਨ ਕਾਰਣ ਕਈ ਕਾਲਜਾਂ ਵਿੱਚ ਤਾਂ ਵਿਦਿਆਰਥੀਆਂ ਦੀ ਗਿਣਤੀ ਇੰਨੀ ਘਟ ਗਈ ਕਿ ਕਾਲਜ ਬੰਦ ਹੋਣ ਕਿਨਾਰੇ ਹਨ। ਵਿਦੇਸ਼ਾਂ ਵਿੱਚ ਪ੍ਰਵਾਸ ਕਰਨਾ ਪੰਜਾਬ ਦੀ ਆਬਾਦੀ ਵਿਕਾਸ (ਬਾਕੀ ਸਫ਼ਾ 31 'ਤੇ)



# ਬਾਇਡਨ ਸ਼ੀ ਵਾਰਤਾ ਵਿਸ਼ਵ ਸ਼ਾਂਤੀ ਵੱਲ ਕਦਮ

## ਦੋਵੇਂ ਦੇਸ਼ਾਂ ਦੇ ਫ਼ੌਜੀ ਹੈਡਕੁਆਰਟਰਾਂ ਵਿਚਕਾਰ ਸੰਚਾਰ ਸਬੰਧ ਬਹਾਲ ਕਰਨ ਲਈ ਹੋਈ ਸਹਿਮਤੀ

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਉਸ ਦੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ ਵਿਚਕਾਰ ਸਾਂ ਫਰਾਂਸਿਸਕੋ ਵਿੱਚ ਚਾਰ ਘੰਟੇ ਗੱਲਬਾਤ ਹੋਈ। ਮੀਟਿੰਗ ਤੋਂ ਇਹ ਸੰਕੇਤ ਮਿਲਦੇ ਹਨ ਕਿ ਦੁਨੀਆਂ ਦੀਆਂ ਸਭ ਤੋਂ ਵੱਡੀਆਂ ਆਰਥਿਕ ਸ਼ਕਤੀਆਂ ਅਮਨ ਸ਼ਾਂਤੀ ਵੱਲ ਵਧ ਰਹੀਆਂ ਹਨ। ਮੀਟਿੰਗ ਵਿੱਚ ਦੋਵੇਂ ਆਗੂ ਆਪਸ ਵਿੱਚ ਹਾਟ ਲਾਈਨ 'ਤੇ ਗੱਲਬਾਤ ਕਰਨ ਅਤੇ ਦੋਵਾਂ ਦੇਸ਼ਾਂ ਦੇ ਫ਼ੌਜੀ ਹੈਡਕੁਆਰਟਰਾਂ ਵਿਚਕਾਰ ਸੰਚਾਰ ਸਬੰਧ ਬਹਾਲ ਕਰਨ ਲਈ ਸਹਿਮਤ ਹੋ ਗਏ। ਮੀਟਿੰਗ ਤੋਂ ਬਾਅਦ ਜੋਅ ਬਾਇਡਨ ਨੇ ਕਿਹਾ, "ਅਮਰੀਕਾ ਚੀਨ ਦਾ ਪੂਰੇ ਜ਼ੋਰ ਨਾਲ ਮੁਕਾਬਲਾ ਕਰਦਾ ਰਹੇਗਾ ਪਰ ਇਹ ਮੁਕਾਬਲਾ ਜ਼ਿੰਮੇਵਾਰੀ ਨਾਲ ਕੀਤਾ ਜਾਵੇਗਾ ਤਾਂ ਜੋ ਕਿਤੇ ਵੀ ਕੋਈ ਬਿਖੇੜਾ ਪੈਦਾ ਨਾ ਹੋਵੇ।" ਸ਼ੀ ਨੇ ਵੀ ਸਹਿਮਤੀ ਵਾਲੀ ਸੁਰ ਅਪਣਾਉਂਦਿਆਂ ਕਿਹਾ ਕਿ ਦੁਨੀਆਂ ਦੀ ਜ਼ਰੂਰਤ ਹੈ ਕਿ ਚੀਨ ਤੇ ਅਮਰੀਕਾ ਰਲ ਕੇ ਕੰਮ ਕਰਨ। ਯਾਦ ਰਹੇ ਕਿ ਚੀਨ ਵਿਸ਼ਵ ਪੱਧਰੀ ਤਾਕਤ ਬਣ ਚੁਕਾ ਹੈ। ਚੀਨ ਦੀ ਬੈਲਟ ਐਂਡ ਰੋਡ ਪਹਿਲ ਦੀ ਸਫ਼ਲਤਾ, ਇੱਕ ਸੌ ਤੀਹ ਦੇਸ਼ਾਂ ਨਾਲ ਗਹਿਰੇ ਵਪਾਰਕ ਰਿਸ਼ਤੇ ਤੇ ਇਨ੍ਹਾਂ ਦੇਸ਼ਾਂ ਵਿੱਚ ਬੁਨਿਆਦੀ ਢਾਂਚੇ ਦੀ ਉਸਾਰੀ ਵਿੱਚ ਚੀਨ ਦੀ ਅਹਿਮ ਭੂਮਿਕਾ ਨੇ ਇੱਕ ਨਵੇਂ ਵਿਸ਼ਵੀਕਰਨ ਵੱਲ ਲੰਮੇ ਕਦਮ ਪੁੱਟ ਲਏ ਹਨ। ਚੀਨ ਦੀ ਵਿਚੋਲਗਿਰੀ ਨਾਲ ਸਾਊਦੀ ਅਰਬ ਤੇ ਈਰਾਨ ਵਿਚਾਲੇ ਦਹਾਕਿਆਂ ਪੁਰਾਣੇ ਵੈਰ ਦੇ ਦੋਸਤੀ ਵਿੱਚ ਬਦਲਣ ਨੇ ਅਰਬ ਦੇਸ਼ਾਂ ਲਈ ਵੀ ਅਮਨ ਦੇ ਨਵੇਂ ਰਾਹ ਖੋਲ੍ਹ ਦਿੱਤੇ ਹਨ। ਫਰਵਰੀ ਵਿੱਚ ਅਮਰੀਕਾ ਤੇ ਚੀਨ ਦੇ ਆਪਸੀ ਸਬੰਧਾਂ ਵਿਚ ਵੱਡੀ ਗਿਰਾਵਟ ਉਦੋਂ ਆਈ ਜਦੋਂ ਅਮਰੀਕਾ ਨੇ ਚੀਨ ਦੇ ਇੱਕ ਜਾਸੂਸੀ ਗੁਬਾਰੇ ਨੂੰ ਡੇਗ ਲਿਆ ਸੀ। ਇਸ ਤੋਂ ਬਾਅਦ ਅਮਰੀਕਾ ਦੇ ਹੇਠਲੇ ਸਦਨ ਦੀ ਸਪੀਕਰ ਨੈਨਸੀ ਪੈਲੋਸੀ ਦੇ ਤਾਇਵਾਨ ਦਾ (ਬਾਕੀ ਸਫ਼ਾ 31 'ਤੇ)



# ਦੇਸ਼ ਦੀ ਰੱਖਿਆ ’ਚ ਸਿੱਖਾਂ ਦਾ ਵੱਡਾ ਯੋਗਦਾਨ: ਯੋਗੀ

## ਲਖਨਊ ਦੇ ਆਲਮਬਾ.ਗ ਵਿੱਚ ਖ਼ਾਲਸਾ ਚੌਕ ਦਾ ਉਦਘਾਟਨ

ਲਖਨਊ/ਏ.ਟੀ.ਨਿਊਜ਼ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਇੱਥੇ ਦੇਸ਼ ਲਈ ਸਿੱਖ ਗੁਰੂਆਂ ਦੇ ਯੋਗਦਾਨ ਅੱਗੇ ਸਿਰ ਝੁਕਾਉਂਦਿਆਂ ਕਿਹਾ ਕਿ ਸਿੱਖ ਗੁਰੂਆਂ ਦਾ ਤਿਆਗ ਅਤੇ ਬਲੀਦਾਨ ਦੇਸ਼-ਧਰਮ ਦੀ ਰੱਖਿਆ ਦੀ ਪ੍ਰੇਰਨਾ ਦਿੰਦਾ ਹੈ। ਮੁੱਖ ਮੰਤਰੀ ਯੋਗੀ ਨੇ ਇੱਥੇ ਆਲਮਬਾਗ ਵਿੱਚ ਖ਼ਾਲਸਾ ਚੌਕ ਦਾ ਉਦਘਾਟਨ ਕੀਤਾ। ਉੱਤਰ ਪ੍ਰਦੇਸ਼ ਸਰਕਾਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਟੇਢੀ ਪੁਲੀਆ ਦੇ ਨਾਂ ਨਾਲ ਜਾਣਿਆ ਜਾਣ ਵਾਲਾ ਇਹ ਚੌਕ ਹੁਣ ਖ਼ਾਲਸਾ ਚੌਕ ਦੇ ਨਾਂ ਨਾਲ ਜਾਣਿਆ ਜਾਵੇਗਾ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ, “ਖ਼ਾਲਸਾ ਪੰਥ ਨੇ ਦੇਸ਼ ਅਤੇ ਧਰਮ ਦੀ ਰੱਖਿਆ ਲਈ ਲਗਾਤਾਰ ਮੋਹਰੀ ਭੂਮਿਕਾ ਨਿਭਾਈ ਹੈ। ਖ਼ਾਲਸਾ ਚੌਕ ਦੀ ਸਥਾਪਨਾ ਇਤਿਹਾਸ ਦੀਆਂ




ਯਾਦਾਂ ਨੂੰ ਤਾਜ਼ਾ ਕਰਨ ਦਾ ਮੌਕਾ ਹੈ।” ਉਨ੍ਹਾਂ ਕਿਹਾ, “ਸੂਬੇ ਵਿੱਚ ਭਾਜਪਾ ਦੀ ਸਰਕਾਰ ਬਣਨ ਮਗਰੋਂ ਮੁੱਖ ਮੰਤਰੀ ਦਫ਼ਤਰ ਵਿੱਚ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ।” ਸਿੱਖ ਧਰਮ ਦੇ ਦਸਵੇਂ ਗੁਰੂ ਅਤੇ ਖ਼ਾਲਸਾ ਪੰਥ ਦੇ ਸੰਸਥਾਪਕ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਦਿਵਸ ਨੂੰ ਸਮਰਪਿਤ ਸਮਾਰੋਹ ਨੂੰ ਸੰਬੋਧਨ ਕਰਦਿਆਂ ਯੋਗੀ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਭਾਰਤ ਦੇ ਧਰਮ ਅਤੇ ਸੱਭਿਆਚਾਰ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਬਚਾਉਣ ਲਈ 1699 ਵਿੱਚ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਕਿਹਾ ਕਿ ਸਿੱਖ ਪੰਥ ਨੇ ਮਾਤ ਭੂਮੀ ਦੀ ਰਾਖੀ ਲਈ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ। ਯੋਗੀ ਨੇ ਕਿਹਾ ਕਿ ਸਿੱਖ ਗੁਰੂਆਂ ਦਾ ਤਿਆਗ ਅਤੇ ਬਲੀਦਾਨ ਸਾਨੂੰ ਸਭ ਨੂੰ ਦੇਸ਼ ਅਤੇ ਧਰਮ ਦੀ ਰੱਖਿਆ




ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਦਾ ਇਤਿਹਾਸ ਸਾਨੂੰ ਭਾਰਤ ਦੀ ਗੌਰਵਮਈ ਗਾਥਾ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਸਿੱਖ ਕੌਮ ਦੀ ਕੁਰਬਾਨੀ, ਤਿਆਗ, ਧਰਮ ਪ੍ਰਤੀ ਸਮਰਪਣ ਅਤੇ ਸਮਾਜ ਪ੍ਰਤੀ ਸੇਵਾ ਭਾਵਨਾ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਉਪ ਮੁੱਖ ਮੰਤਰੀ ਬ੍ਰਜੇਸ਼ ਪਾਠਕ ਅਤੇ ਹੋਰ ਆਗੂ ਵੀ ਮੌਜੂਦ ਸਨ।

# ਬਿਹਾਰ ਸਰਕਾਰ ਨੇ ਭਗਵਿਆਂ ਦੀ ਹਿੰਸਾ ਨੂੰ ਠਲਣ ਲਈ ਜਲੂਸਾਂ ’ਚ ਹਥਿਆਰਾਂ ਉੱਪਰ ਲਗਾਈ ਪਾਬੰਦੀ

## ਸਿੱਖ ਨਗਰ ਕੀਰਤਨ ਵਿੱਚ ਕਿਰਪਾਨ ਲੈ ਕੇ ਚਲ ਸਕਣਗੇ

ਪਟਨਾ/ਏ.ਟੀ.ਨਿਊਜ਼ :ਬਿਹਾਰ ਸਰਕਾਰ ਨੇ ਭਗਵਿਆਂ ਦੀ ਹਿੰਸਾ ਨੂੰ ਠਲਣ ਲਈ ਤੇ ਫਿਰਕੂ ਖਿਚਾਅ ਪੈਦਾ ਹੋਣ ਤੋਂ ਰੋਕਣ ਲਈ ਧਾਰਮਕ ਜਲੂਸਾਂ ਵਿੱਚ ਤਲਵਾਰਾਂ, ਨੇਜ਼ੇ, ਅਗਨ ਸ਼ਸਤਰ, ਲਾਠੀਆਂ ਤੇ ਹੋਰ ਹਥਿਆਰ ਲੈ ਕੇ ਚੱਲਣ ’ਤੇ ਪਾਬੰਦੀ ਲਾ ਦਿੱਤੀ ਹੈ । ਇਸ ਤੋਂ ਇਲਾਵਾ ਕੰਨ-ਪਾੜਵੇਂ ਸਪੀਕਰਾਂ ਦੀ ਵਰਤੋਂ ਵੀ ਰੋਕ ਦਿੱਤੀ ਹੈ । ਗ੍ਰਹਿ ਵਿਭਾਗ ਦੇ ਸਪੈਸ਼ਲ ਸੈਕਟਰੀ ਕੇ ਐੱਸ ਅਨੁਪਮ ਮੁਤਾਬਕ ਸਾਰੇ ਡਿਪਟੀ ਕਮਿਸ਼ਨਰਾਂ ਤੇ ਪੁਲਿਸ ਕਪਤਾਨਾਂ ਨੂੰ ਇਹ ਫੈਸਲਾ ਸਖਤੀ ਨਾਲ ਲਾਗੂ ਕਰਵਾਉਣ ਲਈ ਕਹਿ ਦਿੱਤਾ ਗਿਆ ਹੈ। ਅਜਿਹੇ ਫੈਸਲੇ ਲਾਗੂ ਕਰਾਉਣੇ ਔਖੇ ਹੁੰਦੇ ਹਨ ਪਰ ਨਿਤੀਸ਼ ਕੁਮਾਰ ਦੀ ਸਰਕਾਰ ਨੇ ਇਸ ਲਈ ਲੋੜੀਂਦੀ ਸਿਆਸੀ ਇੱਛਾ-ਸ਼ਕਤੀ ਦਿਖਾਈ ਹੈ । ਇਸ ਸਾਲ ਦੇ ਸ਼ੁਰੂ ਵਿੱਚ ਸੂਬੇ ’ਚ ਧਾਰਮਿਕ ਜਲੂਸਾਂ ਦੌਰਾਨ ਭਗਵਿਆਂ ਵੱਲੋਂ ਫਿਰਕੂ ਹਿੰਸਾ ਦੀਆਂ ਕਾਫੀ ਘਟਨਾਵਾਂ ਦੇਖਣ ਵਿਚ ਆਈਆਂ ਸਨ। ਜਲੂਸਾਂ ਵਿੱਚ ਹਥਿਆਰ ਲੈ ਕੇ ਚੱਲਣ ’ਤੇ ਅਸਲ੍ਹਾ ਐਕਟ ਤਹਿਤ ਰੋਕ ਲਾਈ ਗਈ ਹੈ । ਉਂਜ ਖਾਸ ਧਾਰਮਕ ਰਸਮਾਂ ਦੌਰਾਨ ਹਥਿਆਰ ਕੋਲ ਰੱਖੇ ਜਾ ਸਕਦੇ ਹਨ, ਜਿਵੇਂ ਕਿ ਸਿੱਖਾਂ ਦੇ ਧਾਰਮਕ ਸਮਾਗਮਾਂ ਦੌਰਾਨ ਕ੍ਰਿਪਾਨ ਤੇ ਸ੍ਰੀ ਸਾਹਿਬ ’ਤੇ ਰੋਕ ਨਹੀਂ ਹੋਵੇਗੀ। ਜੇ ਕ੍ਰਿਪਾਨ ਜਾਂ ਹੋਰ ਸ਼ਸਤਰ ਜ਼ਰੂਰੀ ਹੋਵੇਗਾ ਤਾਂ ਉਸ ਨੂੰ ਧਾਰਨ ਕਰਨ ਵਾਲੇ ਨੂੰ ਪ੍ਰਸ਼ਾਸਨ ਤੋਂ ਆਗਿਆ ਲੈਣੀ ਪਵੇਗੀ । ਸਰਕਾਰ ਦੇ ਫੈਸਲੇ ਵਿੱਚ ਇਹ ਵੀ ਸ਼ਾਮਲ ਹੈ ਕਿ 10 ਤੋਂ 25 ਲੋਕ ਆਪਣੇ ਨਾਂਅ-ਪਤੇ ਤੇ ਆਧਾਰ ਨੰਬਰਾਂ ਨਾਲ ਵਾਅਦਾ ਕਰਨਗੇ ਕਿ ਜਲੂਸ ਦੌਰਾਨ ਅਮਨ-ਕਾਨੂੰਨ ਬਣਾਈ ਰੱਖਣ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੋਵੇਗੀ । ਮਾਈਕਾਂ ਦੀ ਵਰਤੋਂ ਸਿਰਫ ਭੀੜ ਕੰਟਰੋਲ ਕਰਨ ਲਈ ਕੀਤੀ ਜਾਵੇਗੀ ਅਤੇ ਕਿਸੇ ਖਾਸ ਇਲਾਕੇ ਵਿੱਚ ਸਪੀਕਰਾਂ ਦੀ ਆਵਾਜ਼ ਉੱਚੀ ਕਰਨ ਦੀ ਮਨਾਹੀ ਹੋਵੇਗੀ । ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਸਕੂਲਾਂ, ਹਸਪਤਾਲਾਂ ਤੇ ਧਾਰਮਕ ਸਥਾਨਾਂ ਕੋਲ ਉੱਚੀ ਸਪੀਕਰ ਨਹੀਂ ਵਜਾਏ ਜਾਣਗੇ। ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਧਾਰਮਕ ਜਲੂਸ ਗੜਬੜ ਤੇ ਨਫਰਤ ਫੈਲਾਉਣ ਦੇ ਸਰੋਤ ਨਾ ਬਣਨ। ਪ੍ਰਸ਼ਾਸਨ ਸਾਰੇ ਜਲੂਸਾਂ ਦੀ ਵੀਡੀਓਗ੍ਰਾਫੀ ਵੀ ਕਰੇਗਾ ਤਾਂ ਕਿ ਗੁੰਡਿਆਂ ਨੂੰ ਨੱਪਿਆ ਜਾ ਸਕੇ ।

# ਕਾਂਗਰਸ ਦਿੱਲੀ ’ਚ ‘ਆਪ’ ਨੂੰ ਮੁੜ ਚੁਣੌਤੀ ਦੇਣ ਦੀ ਤਿਆਰੀ ਵਿੱਚ

## ਕਾਂਗਰਸ ਵੀ ਕੇਜਰੀਵਾਲ ਵਾਂਗ ਮੁ.ਫਤ ਦੀਆਂ ਚੀਜ਼ਾਂ ਵੰਡਣ ਦੀ ਰਾਜਨੀਤੀ ਕਰਨ ਲੱਗੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਰਾਜਧਾਨੀ ਦਿੱਲੀ ਵਿੱਚ ਲਗਾਤਾਰ 15 ਸਾਲ ਰਾਜ ਕਰਨ ਤੋਂ ਬਾਅਦ ਕਾਂਗਰਸ ਇਵੇਂ ਖ਼ਤਮ ਹੋਈ ਕਿ ਪਿਛਲੇ 10 ਸਾਲ ਤੋਂ ਉਸ ਦੀ ਚਰਚਾ ਹੀ ਬੰਦ ਹੋ ਗਈ ਸੀ। ਪਰ ਹੁਣ ਇੱਕ ਵਾਰ ਫਿਰ ਪ੍ਰਦੇਸ਼ ਕਾਂਗਰਸ ਨਵੇਂ ਸਿਰੇ ਤੋਂ ਆਪ ਪਾਰਟੀ ਨੂੰ ਚੁਣੌਤੀ ਦੇਣ ਦੀ ਤਿਆਰੀ ਕਰ ਰਹੀ ਹੈ। 15 ਸਾਲ ਮੁੱਖ ਮੰਤਰੀ ਰਹੀ ਸ਼ੀਲਾ ਦੀਕਸ਼ਿਤ ਦੇ ਬੇਹੱਦ ਕਰੀਬੀ ਰਹੇ ਅਰਵਿੰਦਰ ਸਿੰਘ ਲਵਲੀ ਨੂੰ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਕਾਂਗਰਸ ਦੇ ਪੁਰਾਣੇ ਨੇਤਾ ਇਕਜੁੱਟ ਹੋ ਰਹੇ ਹਨ। ਹਾਲ ਹੀ ਵਿੱਚ ਇਨ੍ਹਾਂ ਨੇਤਾਵਾਂ ਨੇ ਦਿੱਲੀ ਵਿੱਚ ਪ੍ਰਦੂਸ਼ਣ ਨੂੰ ਲੈ ਕੇ ਇੱਕ ਬੈਠਕ ਕੀਤੀ ਹੈ ਅਤੇ ਕੇਂਦਰ ਦੇ ਨਾਲ-ਨਾਲ ਰਾਜ ਸਰਕਾਰ ’ਤੇ ਵੀ ਨਿਸ਼ਾਨਾ ਸਾਧਿਆ ਹੈ। ਅਸਲ ਵਿਚ ਕਾਂਗਰਸ ਨੂੰ ਲੱਗ ਰਿਹਾ ਹੈ ਕਿ ਉਸ ਦੀਆਂ ਪੁਰਾਣੀਆਂ ਵੋਟਾਂ ਵਾਪਸ ਪਰਤ ਸਕਦੀਆਂ ਹਨ। ਤਮਾਮ ਪ੍ਰਦੇਸ਼ਾਂ ’ਚ ਕਾਂਗਰਸ ਵੀ ਕੇਜਰੀਵਾਲ ਵਾਂਗ ਮੁਫ਼ਤ ਦੀਆਂ ਚੀਜ਼ਾਂ ਵੰਡਣ ਦੀ ਰਾਜਨੀਤੀ ਕਰ ਰਹੀ ਹੈ। ਇਸ ਲਈ ਉਹ ਦਿੱਲੀ ’ਚ ਵੀ ਮੁਫ਼ਤ ਬਿਜਲੀ, ਪਾਣੀ ਆਦਿ ਦਾ ਐਲਾਨ ਕਰ ਸਕਦੀ ਹੈ। ਇਸ ਨਾਲ ਪ੍ਰਵਾਸੀ ਵੋਟ ਵਾਪਸ ਪਰਤ ਸਕਦੀ ਹੈ। ਕਰਨਾਟਕ ਵਿਚ ਕਾਂਗਰਸ ਦੀ ਜਿੱਤ ਤੋਂ ਬਾਅਦ ਮੁਸਲਿਮ ਵੋਟਰਾਂ ਦਾ ਰੁਝਾਨ ਵੀ ਪਾਰਟੀ ਵੱਲ ਵਧਿਆ ਹੈ,

(**ਬਾਕੀ ਸਫ਼ਾ 31 ’ਤੇ**)

## ਵਿਸ਼ਵ ਸਿਹਤ ਸੰਗਠਨ ਨੇ ਪੇਸ਼ ਕੀਤੀ ਨਵੀਂ ਰਿਪੋਰਟ

# ਸਿਗਰਟ ਛੱਡਣ ਨਾਲ ਘੱਟ ਹੋ ਸਕਦੈ ਸ਼ੂਗਰ ਦਾ ਖ਼ਤਰਾ

## ਡਾਇਬਟੀਜ਼ ਦੁਨੀਆਂ ਭਰ ਵਿੱਚ ਮੌਤ ਦਾ 9ਵਾਂ ਪ੍ਰਮੁੱਖ ਕਾਰਨ

ਹਾਲ ਹੀ ਵਿੱਚ ਵਿਸ਼ਵ ਸਿਹਤ ਸੰਗਠਨ , ਇੰਟਰਨੈਸ਼ਨਲ ਡਾਇਬਟੀਜ਼ ਫੈਡਰੇਸ਼ਨ ਤੇ ਯੂਨੀਵਰਸਿਟੀ ਆਫ ਨਿਊ ਕੈਸਲ ਨੇ ਰਿਪੋਰਟ ਦਿੱਤੀ ਹੈ ਕਿ ਸਮੋਕਿੰਗ ਛੱਡਣ ਨਾਲ ਟਾਈਪ-2 ਡਾਇਬਟੀਜ਼ ਦੇ ਖ਼ਤਰੇ ਨੂੰ 30-40 ਫ਼ੀਸਦੀ ਤੱਕ ਘੱਟ ਕੀਤਾ ਜਾ ਸਕਦਾ ਹੈ। ਇੰਟਰਨੈਸ਼ਨਲ ਡਾਇਬਟੀਜ਼ ਫੈਡਰੇਸ਼ਨ ਦੇ ਅਨੁਸਾਰ ਦੁਨੀਆਂ ਭਰ ਵਿੱਚ ਲਗਭਗ 537 ਮਿਲੀਅਨ ਲੋਕ ਸ਼ੂਗਰ ਤੋਂ ਪੀੜਤ ਹਨ ਤੇ ਇਹ ਗਿਣਤੀ ਵਧ ਰਹੀ ਹੈ। ਡਾਇਬਟੀਜ਼ ਦੁਨੀਆਂ ਭਰ ਵਿੱਚ ਮੌਤ ਦਾ 9ਵਾਂ ਪ੍ਰਮੁੱਖ ਕਾਰਨ ਹੈ।

ਸਮੋਕਿੰਗ ਸਾਡੇ ਸਰੀਰ ਦੀ ਬਲੱਡ ਸ਼ੂਗਰ ਦੇ ਪੱਧਰਾਂ ਨੂੰ ਕੰਟਰੋਲ ਕਰਨ ਦੀ ਸਮਰੱਥਾ ਨੂੰ ਪ੍ਰਭਾਵਤ ਕਰਦੀ ਹੈ ਜਿਸ ਨਾਲ ਟਾਈਪ 2 ਡਾਇਬਟੀਜ਼ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਡਬਲਯੂਐੱਚਓ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਮੋਕਿੰਗ ਡਾਇਬਟੀਜ਼ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਜਿਵੇਂ ਕਿ ਦਿਲ ਦੀਆਂ ਬਿਮਾਰੀਆਂ, ਅੱਖਾਂ ਦੀ ਰੌਸ਼ਨੀ ਵਿੱਚ ਕਮੀ, ਗੁਰਦੇ ਫੇਲ੍ਹ ਹੋਣ ਜਾਂ ਜ਼ਖ਼ਮ ਦੇ ਹੌਲੀ ਹੋਣ ਨੂੰ ਹੋਰ ਵੀ ਗੰਭੀਰ ਬਣਾ ਸਕਦੀ ਹੈ। ਸਮੋਕਿੰਗ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਵਿੱਚ ਕਿਸੇ ਦੀ ਲੱਤ ਗੁਆਉਣ ਦਾ ਜੋਖ਼ਮ ਵੀ ਸ਼ਾਮਲ ਹੈ। ਅਜਿਹੇ ਵਿਚ ਇਹ ਜਾਣਨਾ ਜ਼ਰੂਰੀ ਹੈ ਕਿ ਸਿਗਰਟ ਪੀਣ ਨਾਲ ਟਾਈਪ 2 ਡਾਇਬਟੀਜ਼ ਦਾ ਖਤਰਾ ਵੱਧ ਜਾਂਦਾ ਹੈ ਇੱਕ ਗੰਭੀਰ ਸਥਿਤੀ ਵਲੋਂ ਸੰਕੇਤ ਕਰ ਰਿਹਾ ਹੈ। ਨੌਜਵਾਨਾਂ ਵਿੱਚ ਸਮੋਕਿੰਗ ਦਾ ਰੁਝਾਨ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ। ਇਸ ਲਈ ਸਮੋਕਿੰਗ ਛੱਡਣ ਲਈ ਲੋਕਾਂ ਵਿੱਚ ਜਾਗਰੂਕਤਾ ਫੈਲਾਉਣੀ ਜ਼ਰੂਰੀ ਹੈ।



ਸ਼ੂਗਰ ਦੇ ਕੁੱਲ ਕੇਸਾਂ ਵਿੱਚੋਂ 95 ਪ੍ਰਤੀਸ਼ਤ ਟਾਈਪ-2 ਸ਼ੂਗਰ ਦੇ ਕੇਸ ਹਨ। ਟਾਈਪ-2 ਡਾਇਬਟੀਜ਼ ਨੂੰ ਰੋਕਿਆ ਜਾ ਸਕਦਾ ਹੈ। ਬਹੁਤ ਸਾਰੇ ਕਾਰਕ ਹਨ ਜਿਵੇਂ ਕਿ ਵੱਧ ਭਾਰ ਹੋਣਾ, ਕੋਲੈਸਟ੍ਰੋਲ ਵਧਣਾ, ਅਕਿਰਿਆਸ਼ੀਲ ਜੀਵਨ ਸ਼ੈਲੀ, ਜੈਨੇਟਿਕਸ, ਜੋ ਸ਼ੂਗਰ ਦੇ ਜੋਖ਼ਮ ਨੂੰ ਵਧਾਉਂਦੇ ਹਨ। ਪਰ ਜੀਵਨਸ਼ੈਲੀ ਵਿੱਚ ਬਦਲਾਅ ਕਰਕੇ ਸ਼ੂਗਰ ਦੇ ਜੋਖ਼ਮ ਨੂੰ ਘੱਟ ਕੀਤਾ ਜਾ ਸਕਦਾ ਹੈ। ਆਓ ਜਾਣਦੇ ਹਾਂ ਹੋਰ ਕਿਹੜੀਆਂ ਗੱਲਾਂ ਦਾ ਧਿਆਨ ਰੱਖ ਕੇ ਸ਼ੂਗਰ ਤੋਂ ਬਚਿਆ ਜਾ ਸਕਦਾ ਹੈ।

**ਕਸਰਤ ਕਰੋ**- ਇਹ ਨਾ ਸਿਰਫ਼ ਡਾਇਬਟੀਜ਼ ਨੂੰ ਰੋਕਣ ਲਈ ਜ਼ਰੂਰੀ ਹੈ ਬਲਕਿ ਤੁਹਾਡੀ ਸਮੁੱਚੀ ਸਿਹਤ ਲਈ ਵੀ ਫ਼ਾਇਦੇਮੰਦ ਹੈ। ਇਸ ਲਈ ਰੋਜ਼ਾਨਾ 30-40 ਮਿੰਟ ਕਸਰਤ ਕਰੋ। ਇਸ ਨਾਲ ਤੁਹਾਡੇ ਸਰੀਰ ਵਿੱਚ ਚਰਬੀ ਦੀ ਮਾਤਰਾ ਨਹੀਂ ਵਧੇਗੀ। ਐਰੋਬਿਕ ਕਸਰਤਸਟ੍ਰੈਂਥ ਟ੍ਰੇਨਿੰਗ ਵਰਗੀਆਂ ਕਸਰਤਾਂ ਸ਼ੂਗਰ ਨੂੰ ਰੋਕਣ ਵਿੱਚ ਮਦਦਗਾਰ ਹੁੰਦੀਆਂ ਹਨ। ਇਸ ਲਈ ਇਨ੍ਹਾਂ ਨੂੰ ਆਪਣੀ ਫਿਟਨੈੱਸ ਰੁਟੀਨ ਵਿਚ ਸ਼ਾਮਲ ਕਰੋ।

**ਸਿਹਤਮੰਦ ਖ਼ੁਰਾਕ**- ਤੁਸੀਂ ਪਹਿਲਾਂ ਹੀ ਜਾਣਦੇ ਹੋ ਕਿ ਤੁਹਾਡੀਆਂ ਖਾਣ-ਪੀਣ ਦੀਆਂ ਆਦਤਾਂ ਤੁਹਾਡੀ ਸਿਹਤ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਲਈ ਹਰੀਆਂ ਸਬਜ਼ੀਆਂ, ਫਲ, ਮੱਛੀ ਆਦਿ ਨੂੰ ਆਪਣੀ ਖ਼ੁਰਾਕ ’ਚ ਸ਼ਾਮਲ ਕਰੋ। ਇਸ ਤੋਂ ਇਲਾਵਾ ਚਰਬੀ ਨਾਲ ਭਰਪੂਰ ਭੋਜਨ ਖਾਣ ਨਾਲ ਤੁਹਾਡਾ ਭਾਰ ਵਧਦਾ ਹੈ ਜਿਸ ਨਾਲ ਸ਼ੂਗਰ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਲਈ ਆਪਣੀ ਖ਼ੁਰਾਕ ਵਿੱਚ ਜ਼ਿਆਦਾ ਤੇਲ ਵਾਲੇ ਜਾਂ ਅਲਟ੍ਰਾ ਪ੍ਰੋਸੈਸਡ ਭੋਜਨ ਪਦਾਰਥਾਂ ਨੂੰ ਸ਼ਾਮਲ ਨਾ ਕਰੋ।

**ਭਾਰ ਘਟਾਓ**- ਜ਼ਿਆਦਾ ਭਾਰ ਹੋਣ ਨਾਲ ਸ਼ੂਗਰ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਲਈ ਸਿਹਤਮੰਦ ਵਜ਼ਨ ਹੋਣਾ ਬਹੁਤ ਜ਼ਰੂਰੀ ਹੈ। ਕਸਰਤ ਅਤੇ ਸਿਹਤਮੰਦ ਖੁਰਾਕ ਇਸ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ। ਹਾਲਾਂਕਿ ਆਪਣੇ ਡਾਕਟਰ ਦੀ ਸਲਾਹ ਤੋਂ ਬਿਨਾਂ ਭਾਰ ਘਟਾਉਣ ਲਈ ਕਿਸੇ ਵੀ ਖੁਰਾਕ ਦੀ ਪਾਲਣਾ ਨਾ ਕਰੋ।

**ਚੀਨੀ ਘੱਟ ਖਾਓ**- ਆਪਣੇ ਖਾਣ-ਪੀਣ ਵਿਚ ਚੀਨੀ ਦੀ ਮਾਤਰਾ ਘੱਟ ਕਰੋ। ਬਹੁਤ ਜ਼ਿਆਦਾ ਖੰਡ ਖਾਣ ਨਾਲ ਤੁਹਾਡੇ ਬਲੱਡ ਸ਼ੂਗਰ ਦਾ ਪੱਧਰ ਵੱਧ ਜਾਂਦਾ ਹੈ ਜਿਸ ਨਾਲ ਸ਼ੂਗਰ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਲਈ ਮਿੱਠੇ ਵਾਲੇ ਪੀਣ ਵਾਲੇ ਪਦਾਰਥ, ਕੇਕ ਆਦਿ ਘੱਟ ਖਾਓ। ਇਸਦੀ ਬਜਾਏ ਇੱਕ ਸਿਹਤਮੰਦ ਵਿਕਲਪ ਚੁਣੋ।

**ਤਣਾਅ ਮੈਨੇਜ ਕਰੋ**- ਤਣਾਅ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ ਜਿਵੇਂ ਕਿ ਜ਼ਿਆਦਾ ਖਾਣਾ, ਹਾਈ ਬੀਪੀ, ਅਕਿਰਿਆਸ਼ੀਲ ਜੀਵਨ ਸ਼ੈਲੀ ਆਦਿ। ਇਹ ਸਭ ਸ਼ੂਗਰ ਦੇ ਖ਼ਤਰੇ ਨੂੰ ਵਧਾਉਂਦੇਹਨ। ਇਸ ਲਈ ਤਣਾਅ ਪ੍ਰਬੰਧਨ ਸਿੱਖੋ।



# ਡਿਜੀਟਲ ਅੱਤਵਾਦ ਨੂੰ ਨੱਥ ਪਾਉਣ ਦੀ ਲੋੜ

## ਖ਼ਤਰਨਾਕ ਹੈ ਡੀਪਫੇਕ ਵਰਗੀ ਕੰਪਿਊਟਰ ਟੈਕਨਾਲੋਜੀ ਦੀ ਦੁਰਵਰਤੋਂ

**ਓਮ ਥਨਵੀ**
ਸੀਨੀਅਰ ਪੱਤਰਕਾਰ

ਕੰਪਿਊਟਰ ਟੈਕਨਾਲੋਜੀ ਦੀ ਦੁਰਵਰਤੋਂ ਦੇ ਸੰਦਰਭ ਵਿੱਚ ਅੱਜ ਡੀਪਫ਼ੇਕਸ ਦੀ ਖੇਡ ਵੀ 'ਕਹੀਂ ਕੀ ਈਂਟ, ਕਹੀਂ ਕਾ ਰੋੜਾ, ਭਾਨੂੰਮਤੀ ਨੇ ਕੁਨਬਾ ਜੋੜਾ' ਵਰਗੀ ਭੂਮਿਕਾ ਨਿਭਾ ਰਹੀ ਹੈ। ਯਾਨੀ ਕਿ ਕਿਸੇ ਹੋਰ ਦੀ ਵੀਡੀਓ ਵਿੱਚ ਕਿਸੇ ਦਾ ਚਿਹਰਾ ਪਾ ਕੇ ਜਾਂ ਕਿਸੇ ਹੋਰ ਦੀ ਵੀਡੀਓ ਵਿੱਚ ਕਿਸੇ ਦੀ ਵੀਡੀਓ ਮਿਲਾ ਕੇ ਅਜਿਹੀ ਨਕਲੀ ਫ਼ੋਟੋ ਜਾਂ ਵੀਡੀਓ ਬਣਾਈ ਜਾਂਦੀ ਹੈ, ਜਿਸ ਨੂੰ ਸਮਝਣਾ ਆਮ ਤੌਰ 'ਤੇ ਮੁਸ਼ਕਲ ਹੁੰਦਾ ਹੈ ਕਿ ਇਹ ਅਸਲੀ ਹੈ ਜਾਂ ਨਕਲੀ। ਉੱਨਤ ਤਕਨਾਲੋਜੀ ਅੱਜ ਸਾਨੂੰ ਇੱਕ ਸ਼ਾਨਦਾਰ ਸੰਸਾਰ ਦਿਖਾ ਰਹੀ ਹੈ। ਇਹ ਯਕੀਨੀ ਤੌਰ 'ਤੇ ਸਾਡੀਆਂ ਸੰਭਾਵਨਾਵਾਂ ਦੇ ਦਰਵਾਜ਼ੇ ਖੋਲ੍ਹਦਾ ਹੈ, ਪਰ ਜਦੋਂ ਤਕਨਾਲੋਜੀ ਦੀ ਦੁਰਵਰਤੋਂ ਸ਼ੁਰੂ ਹੋ ਜਾਂਦੀ ਹੈ ਅਤੇ ਕਿਸੇ ਨੂੰ ਨਿੱਜੀ ਨੁਕਸਾਨ ਪਹੁੰਚਾਉਂਦੀ ਹੈ, ਤਾਂ ਇਹ ਅਸਲ ਵਿੱਚ ਚਿੰਤਾ ਦਾ ਕਾਰਨ ਹੈ ਅਤੇ ਸਮਾਜ ਲਈ ਖਤਰਨਾਕ ਹੈ। ਫ਼ਿਲਮ ਅਦਾਕਾਰਾ ਰਸ਼ਮਿਕਾ ਮੰਡਾਨਾ ਦੀ ਫ਼ਰਜ਼ੀ ਵੀਡੀਓ ਨੇ ਸਾਰੀਆਂ ਤਕਨੀਕੀ ਚਾਲਾਂ ਦਾ ਪਰਦਾਫ਼ਾਸ਼ ਕਰ ਦਿੱਤਾ ਹੈ। ਹੁਣ ਸਮਾਂ ਆ ਗਿਆ ਹੈ ਕਿ ਇਸ ਮੁੱਦੇ 'ਤੇ ਨਾ ਸਿਰਫ਼ ਚਰਚਾ ਕੀਤੀ ਜਾਵੇ ਸਗੋਂ ਇਸ ਦੀ ਦੁਰਵਰਤੋਂ ਨੂੰ ਵੀ ਰੋਕਿਆ ਜਾਵੇ। ਧਿਆਨ ਵਿੱਚ ਰੱਖੋ ਕਿ ਇੱਥੇ ਡੂੰਘੇ ਜਾਅਲੀ ਸਮਾਨ ਦਾ ਅਰਥ ਹੈ ਘੋਰ ਨਕਲੀ। ਇਸ ਤਕਨੀਕ ਨਾਲ ਛੇੜਛਾੜ ਕਰਕੇ ਕਿਸੇ ਦੇ ਚਿਹਰੇ ਦੀ ਫ਼ੋਟੋ ਜਾਂ ਵੀਡੀਓ ਨੂੰ ਆਸਾਨੀ ਨਾਲ ਵਿਗਾੜਿਆ ਜਾ ਸਕਦਾ ਹੈ। ਕਿਸੇ ਦੀ ਵੀ ਆਵਾਜ਼ ਦੀ ਨਕਲ ਕੀਤੀ ਜਾ ਸਕਦੀ ਹੈ। ਜ਼ਾਹਿਰ ਹੈ ਕਿ ਇਸ ਨਾਲ ਸਮਾਜ ਵਿੱਚ ਖਤਰੇ ਦਾ ਡਰ ਵਧਦਾ ਹੈ। ਅੱਜਕੱਲ੍ਹ ਸੋਸ਼ਲ ਮੀਡੀਆ ਪਲੇਟਫ਼ਾਰਮ ਜਾਂ ਇੰਟਰਨੈੱਟ 'ਤੇ ਅਜਿਹੀ ਹੇਰਾਫ਼ੇਰੀ ਬਹੁਤ ਚੱਲ ਰਹੀ ਹੈ। ਫ਼ਰਜ਼ੀ ਵੀਡੀਓਜ਼ ਦੀ ਗੱਲ ਕਰੀਏ ਤਾਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਇੱਕ ਫ਼ਰਜ਼ੀ ਵੀਡੀਓ ਜਾਰੀ ਕੀਤਾ ਗਿਆ ਸੀ, ਜਿਸ 'ਚ ਉਹ ਬੈਲਜੀਅਮ ਨਾਲ ਪੈਰਿਸ ਜਲਵਾਯੂ ਸਮਝੌਤੇ 'ਚੋਂ ਆਪਣਾ ਨਾਂ ਵਾਪਸ ਲੈਣ ਦੀ ਗੱਲ ਕਰ ਰਹੇ ਸਨ। ਇਸੇ ਤਰ੍ਹਾਂ ਇੱਕ ਵੀਡੀਓ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਰੂਸ-ਯੂਕਰੇਨ ਜੰਗ ਦੇ ਖ਼ਤਮ ਹੋਣ ਦਾ ਐਲਾਨ ਕਰ ਰਹੇ ਸਨ। ਮਾਰਕ ਜ਼ੁਕਰਬਰਗ ਇੱਕ ਵੀਡੀਓ ਵਿੱਚ ਇਹ ਕਹਿੰਦੇ ਹੋਏ ਪਾਏ ਗਏ ਸਨ ਕਿ ਉਨ੍ਹਾਂ ਦਾ ਸ਼ਹਿਰੀ ਲੋਕਾਂ ਦੇ ਚੋਰੀ ਹੋਏ ਡੇਟਾ 'ਤੇ ਪੂਰਾ ਕੰਟਰੋਲ ਹੈ। ਇਹ ਸਭ ਪੂਰੀ ਤਰ੍ਹਾਂ ਨਕਲੀ ਸੀ ਅਤੇ ਡੂੰਘੀ ਨਕਲੀ ਤਕਨੀਕ ਦੀ ਮਦਦ ਨਾਲ ਤਿਆਰ ਕੀਤਾ ਗਿਆ ਸੀ। ਅਜਿਹਾ ਬ੍ਰਿਟੇਨ ਦੀ ਊਰਜਾ ਕੰਪਨੀ ਦੇ ਮੁਖੀ ਨਾਲ ਹੋਇਆ। ਉਸ ਨੂੰ ਆਪਣੇ ਜਰਮਨ ਸੀਈਓ ਦਾ ਕਾਲ ਆਇਆ ਅਤੇ ਪੈਸੇ ਭੇਜ ਦਿੱਤੇ। ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਜਿੰਨੀਆਂ ਔਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਓਨਾ ਹੀ ਉਹ



ਵਰਚੁਅਲ ਦੁਨੀਆਂ ਵਿੱਚ ਵੀ ਸ਼ਿਕਾਰ ਬਣੀਆਂ ਹਨ। ਰਸ਼ਮਿਕਾ ਮੰਡਾਨਾ ਦਾ ਵਾਇਰਲ ਵੀਡੀਓ ਇਸੇ ਤਕਨੀਕ ਦਾ ਨਤੀਜਾ ਹੈ। ਉਂਝ ਪੁਲਿਸ ਨੇ ਇਸ ਜੁਰਮ ਖ਼ਿਲਾਫ਼ ਪ੍ਰਭਾਵਸ਼ਾਲੀ ਢੰਗ ਨਾਲ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ। ਡੂੰਘੇ ਫ਼ਰਜ਼ੀ ਵੀਡੀਓਜ਼ ਨੂੰ ਲੈ ਕੇ ਭਾਰਤ ਸਮੇਤ ਦੁਨੀਆ ਭਰ ਵਿੱਚ ਚਰਚਾ ਹੈ ਕਿ ਇਸ ਕਾਰਨ ਸਾਡੀ ਨਿੱਜਤਾ ਅਤੇ ਗੁਪਤਤਾ ਪ੍ਰਭਾਵਿਤ ਹੋ ਰਹੀ ਹੈ। ਭਵਿੱਖ 'ਚ ਇਸ ਦੀ ਵਰਤੋਂ ਵੱਡੇ ਪੱਧਰ 'ਤੇ ਹੋ ਸਕਦੀ ਹੈ, ਜਿਸ ਕਾਰਨ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਭਾਰਤ ਵਿੱਚ ਸਾਲ ਭਰ ਕਿਸੇ ਨਾ ਕਿਸੇ ਰਾਜ ਵਿੱਚ ਚੋਣਾਂ ਹੁੰਦੀਆਂ ਰਹਿੰਦੀਆਂ ਹਨ। ਜ਼ਰਾ ਸੋਚੋ ਕਿ ਜੇਕਰ ਕਿਸੇ ਵੱਡੇ ਨੇਤਾ ਦੀ ਆਵਾਜ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਕੱਟੜਪੰਥੀ ਸੋਚ ਨੂੰ ਉਤਸ਼ਾਹਿਤ ਕਰਨ, ਦੂਜੀ ਧਿਰ ਦੇ ਵੱਡੇ ਨੇਤਾਵਾਂ 'ਤੇ ਗੰਭੀਰ ਦੋਸ਼ ਲਗਾਉਣ ਜਾਂ ਗਲਤ ਜਾਣਕਾਰੀ ਦੇਣ ਲਈ ਵਰਤੀ ਜਾਂਦੀ ਹੈ ਤਾਂ ਮਾਮਲਾ ਕਿੰਨਾ ਗੰਭੀਰ ਹੋ ਸਕਦਾ ਹੈ। ਕਿੰਨੇ ਦੁੱਖ ਦੀ ਗੱਲ ਹੈ ਜੇਕਰ ਕੋਈ ਫ਼ਰਜ਼ੀ ਖਬਰਾਂ ਬਣਾ ਰਿਹਾ ਹੈ ਅਤੇ ਸਮਾਜ ਵਿੱਚ ਅਸ਼ਾਂਤੀ ਪੈਦਾ ਕਰਨ ਅਤੇ ਔਰਤਾਂ ਨੂੰ ਬਦਨਾਮ ਕਰਨ ਲਈ ਇਸਨੂੰ ਹਥਿਆਰ ਵਜੋਂ ਵਰਤ ਰਿਹਾ ਹੈ। ਇਸ ਨੂੰ ਅਸੀਂ 'ਡਿਜੀਟਲ ਅੱਤਵਾਦ' ਵੀ ਕਹਿ ਸਕਦੇ ਹਾਂ। ਸਾਨੂੰ ਸਾਰਿਆਂ ਨੂੰ ਇਸ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ। ਜੇਕਰ ਤੁਸੀਂ ਕਿਸੇ ਸੋਸ਼ਲ ਮੀਡੀਆ ਪਲੇਟਫ਼ਾਰਮ 'ਤੇ ਕੁਝ ਇਤਰਾਜ਼ਯੋਗ ਦੇਖਦੇ ਹੋ, ਤਾਂ ਤੁਸੀਂ ਈਮੇਲ ਰਾਹੀਂ ਜਾਂ ਚਿੱਠੀ ਲਿਖ ਕੇ ਇਸ ਪਲੇਟਫ਼ਾਰਮ ਨੂੰ ਮਿਟਾਉਣ ਲਈ ਬੇਨਤੀ ਭੇਜ ਸਕਦੇ ਹੋ। ਜੇਕਰ ਇਸਨੂੰ 36 ਘੰਟਿਆਂ ਦੇ ਅੰਦਰ ਨਹੀਂ ਮਿਟਾਇਆ ਜਾਂਦਾ ਹੈ, ਤਾਂ ਤੁਸੀਂ ਇਸਦੇ ਖਿਲਾਫ਼ ਕਾਨੂੰਨੀ ਕਾਰਵਾਈ ਕਰ ਸਕਦੇ ਹੋ।

ਡੂੰਘੀ ਨਕਲੀ ਤਕਨਾਲੋਜੀ ਦੇ ਕੁਝ ਸਕਾਰਾਤਮਕ ਪਹਿਲੂ ਵੀ ਹਨ, ਜਿਵੇਂ ਕਿ ਵਿਦੇਸ਼ੀ ਭਾਸ਼ਾ ਦੀਆਂ ਫ਼ਿਲਮਾਂ ਦੀ ਡਬਿੰਗ ਨੂੰ ਬਿਹਤਰ ਬਣਾਉਣ ਲਈ ਇਸਦੀ ਵਰਤੋਂ ਕਰਨਾ। ਕਿਸੇ ਅਭਿਨੇਤਾ ਜਾਂ ਸ਼ਖ਼ਸੀਅਤ ਦੀ ਆਵਾਜ਼ ਜਾਂ ਫ਼ੋਟੋ ਜੋ ਹੁਣ ਸਾਡੇ ਨਾਲ ਨਹੀਂ ਹੈ, ਨੂੰ ਦੁਬਾਰਾ ਤਿਆਰ ਕੀਤਾ ਜਾ ਸਕਦਾ ਹੈ। ਅਜਿਹਾ ਮਾਸਕੋ ਵਿੱਚ ਹੋਇਆ ਹੈ, ਜਿੱਥੇ ਸੈਮਸੰਗ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਲੈਮੀਨੇਟ ਦ ਫ਼ੇਕ ਤਕਨੀਕ ਦੀ ਵਰਤੋਂ ਕਰਕੇ ਮੋਨਾਲੀਸਾ ਦੀ ਜ਼ਿੰਦਗੀ ਨੂੰ ਮੁੜ ਬਣਾਇਆ ਗਿਆ ਸੀ। ਇਸ ਤਕਨੀਕ ਨਾਲ ਸਕਲੇਰੋਸਿਸ ਨਾਂ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਦੀ ਆਵਾਜ਼ ਵਾਪਸ ਲਿਆਂਦੀ ਗਈ ਅਤੇ ਕਈ ਥਾਵਾਂ 'ਤੇ ਇਹ ਤਕਨੀਕ ਯੁੱਧਗ੍ਰਸਤ ਇਲਾਕਿਆਂ ਦੇ ਲੋਕਾਂ ਵਿੱਚ ਹਮਦਰਦੀ ਪੈਦਾ ਕਰਨ ਵਿੱਚ ਮਦਦਗਾਰ ਸਾਬਤ ਹੋਈ। ਪਰ ਚਿੰਤਾ ਇਹ ਹੈ ਕਿ ਇਸ ਦੀ ਦੁਰਵਰਤੋਂ ਕਾਰਨ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਕਿਵੇਂ ਰੋਕਿਆ ਜਾਵੇ? ਸਾਨੂੰ ਅਤੇ ਸਾਡੀ ਸਰਕਾਰ ਨੂੰ ਇਸ ਤਕਨੀਕ ਪ੍ਰਤੀ ਜਾਗਰੂਕ ਹੋਣਾ ਪਵੇਗਾ ਅਤੇ ਸਾਨੂੰ ਤਕਨੀਕੀ ਤੌਰ 'ਤੇ ਵੀ ਸਾਖਰ ਹੋਣਾ ਪਵੇਗਾ। ਡੂੰਘੀ ਨਕਲੀ ਤਕਨੀਕ ਕੀ ਹੈ ਇਸਦੀ ਜਾਂਚ ਜ਼ਰੂਰੀ ਹੈ। ਸਰਕਾਰ ਨੂੰ ਸਭ ਤੋਂ ਪਹਿਲਾਂ ਇੱਕ ਕਾਨੂੰਨੀ ਢਾਂਚਾ ਲਿਆਉਣਾ ਚਾਹੀਦਾ ਹੈ ਤਾਂ ਜੋ ਇਸ ਤਕਨੀਕ ਦੀ ਵਰਤੋਂ ਨੂੰ ਰੋਕਿਆ ਜਾ ਸਕੇ। ਕਿਉਂਕਿ ਇਹ ਮਾਮਲਾ ਇੱਕ ਸੈਲੀਬ੍ਰਿਟੀ ਨਾਲ ਜੁੜਿਆ ਹੋਇਆ ਸੀ, ਇਸ ਲਈ ਇਸ ਨੇ ਕਾਫ਼ੀ ਚਰਚਾ ਕੀਤੀ। ਜੇਕਰ ਅਜਿਹਾ ਕਿਸੇ ਆਮ ਆਦਮੀ ਨਾਲ ਹੋਇਆ ਹੁੰਦਾ ਤਾਂ ਉਸ ਦਾ ਕਿੰਨਾ ਨਿੱਜੀ ਨੁਕਸਾਨ ਹੁੰਦਾ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਜਨਤਕ ਜੀਵਨ ਜਿਉਣ ਵਾਲਿਆਂ ਨੂੰ ਇਸ ਗੱਲ ਦੀ ਚਿੰਤਾ ਜ਼ਰੂਰ ਹੋਣੀ ਚਾਹੀਦੀ ਹੈ। ਪੱਤਰਕਾਰਾਂ ਅਤੇ ਲੇਖਕਾਂ ਨੂੰ ਵੀ ਅਜਿਹੇ ਗੰਭੀਰ ਵਿਸ਼ੇ 'ਤੇ ਆਪਣੀ ਕਲਮ ਦੀ ਵਰਤੋਂ ਕਰਨੀ ਚਾਹੀਦੀ ਹੈ।

## ਚੈਟ ਜੀ.ਪੀ.ਟੀ. ਦੇ ਜਨਮਦਾਤਾ ਸੈਮ ਓਲਟਮੈਨ ਨੂੰ ਸੀ.ਈ.ਓ. ਦੇ ਅਹੁਦੇ ਤੋਂ ਹਟਾਇਆ

ਸੈਮ ਓਲਟਮੈਨ ਦਾ ਨਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਦੁਨੀਆ 'ਚ ਕਾਫੀ ਮਸ਼ਹੂਰ ਹੈ। ਅੱਜ, ਜ਼ਿਆਦਾਤਰ ਲੋਕਾਂ ਨੇ ਚੈਟ ਜੀਪੀਟੀ ਦੇ ਕਾਰਨ ਹੀ ਏ.ਆਈ. ਨੂੰ ਜਾਣਨਾ ਅਤੇ ਸਮਝਣਾ ਸ਼ੁਰੂ ਕਰ ਦਿੱਤਾ ਹੈ। ਹਾਲਾਂਕਿ ਏ.ਆਈ. ਕਈ ਸਾਲਾਂ ਤੋਂ ਤਕਨੀਕੀ ਉਦਯੋਗ ਦਾ ਹਿੱਸਾ ਰਿਹਾ ਹੈ, ਪਰ ਚੈਟ ਜੀਪੀਟੀ ਦੇ ਆਉਣ ਤੋਂ ਬਾਅਦ ਇਹ ਆਮ ਲੋਕਾਂ ਦੀ ਚਰਚਾ ਦਾ ਹਿੱਸਾ ਬਣ ਗਿਆ ਹੈ।

ਜੇਕਰ ਤੁਹਾਨੂੰ ਏ.ਆਈ. ਬਾਰੇ ਕੋਈ ਸਵਾਲ ਪੁੱਛਿਆ ਜਾਂਦਾ ਹੈ, ਤਾਂ ਪਹਿਲਾ ਨਾਮ ਚੈਟਜੀਪੀਟੀ ਦਾ ਹੋਵੇਗਾ। ਪਿਛਲੇ ਸਾਲ ਨਵੰਬਰ 'ਚ ਲਾਂਚ ਕੀਤਾ ਗਿਆ ਇਹ ਪਲੇਟਫਾਰਮ ਕੁਝ ਹੀ ਦਿਨਾਂ 'ਚ ਲੱਖਾਂ ਲੋਕਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ। ਇਸ ਤੋਂ ਪਹਿਲਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਨਾਂ ਸ਼ਾਇਦ ਹੀ ਆਮ ਲੋਕਾਂ ਦੀ ਚਰਚਾ 'ਚ ਆਇਆ ਹੋਵੇਗਾ।

ਏ.ਆਈ. ਬਹੁਤ ਸਾਰੇ ਲੋਕਾਂ ਦੀਆਂ ਨੌਕਰੀਆਂ ਗੁਆਉਣ ਅਤੇ ਆਪਣੀ ਆਮਦਨ ਗੁਆਉਣ ਦਾ ਕਾਰਨ ਬਣ ਗਿਆ। ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਇਸ ਕਮਰੇ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਸੈਮ ਓਲਟਮੈਨ ਨੇ ਕੀਤਾ। ਇਹ ਇੱਕ ਦੋ ਸਾਲ ਦੀ ਮਿਹਨਤ ਨਹੀਂ ਸੀ। ਇਸ ਕਾਮਯਾਬੀ ਤੱਕ ਪਹੁੰਚਣ ਦੀ ਸ਼ੁਰੂਆਤ



ਕਰੀਬ 8 ਸਾਲ ਪਹਿਲਾਂ ਹੋਈ ਸੀ।

ਅੱਜ ਸੈਮ ਓਲਟਮੈਨ ਨੂੰ ਓਪਨ ਏ.ਆਈ. ਦੇ ਸੀ.ਈ.ਓ.ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਓਪਨ ਏਆਈ ਨੂੰ 2015 ਵਿੱਚ ਸ਼ੁਰੂ ਕੀਤਾ ਗਿਆ ਸੀ। ਸੈਮ ਓਲਟਮੈਨ ਅਤੇ ਗ੍ਰੇਗ ਬ੍ਰੋਕਮੈਨ ਨੇ ਇਸ ਕੰਪਨੀ ਨੂੰ ਇੱਕ ਕਮਰੇ ਵਿੱਚ ਸ਼ੁਰੂ ਕੀਤਾ। ਉਸ ਸਮੇਂ ਐਲੋਨ ਮਸਕ ਵੀ ਇਸ ਕੰਪਨੀ ਦਾ ਹਿੱਸਾ ਸਨ, ਪਰ ਸਾਲ 2018 ਵਿੱਚ ਉਨ੍ਹਾਂ ਨੇ ਓਪਨ ਏ.ਆਈ. ਤੋਂ ਆਪਣੇ ਆਪ ਨੂੰ ਵੱਖ ਕਰ ਲਿਆ। ਚੈਟਜੀਪੀਟੀ ਨੂੰ ਜਾਰੀ ਕਰਨ ਤੋਂ ਬਾਅਦ, ਓਲਟਮੈਨ ਓਪਨਏਆਈ ਦਾ ਚਿਹਰਾ ਬਣ ਗਿਆ।

### ਦੁਨੀਆ ਨੂੰ ਏ.ਆਈ. ਦੇ ਅਜੂਬੇ ਦਿਖਾਏ

ਚੈਟ ਜੀ.ਪੀ.ਟੀ. ਦੀ ਸ਼ੁਰੂਆਤ ਤੋਂ ਬਾਅਦ, ਏ.ਆਈ. ਦੀ ਦੌੜ ਤੇਜ਼ ਹੋ ਗਈ ਹੈ। ਮਾਈਕ੍ਰੋਸਾਫਟ, ਗੂਗਲ ਅਤੇ ਕਈ ਹੋਰ ਕੰਪਨੀਆਂ ਨੇ ਆਪਣੇ ਆਰਟੀਫੀਸ਼ੀਅਲ ਇੰਟੈਲੀਜੈਂਸ ਚੈਟਬੋਟਸ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਓਪਨ ਏ.ਆਈ. ਨੇ ਨਾ ਸਿਰਫ਼ ਚੈਟ ਜੀ.ਪੀ.ਟੀ. ਤਿਆਰ ਕੀਤਾ ਹੈ। ਦਰਅਸਲ, ਕੰਪਨੀ ਨੇ ਟੈਕਸਟ ਤੋਂ ਫੋਟੋਆਂ ਬਣਾਉਣ ਦਾ ਟੂਲ ਡੈਲ-ਈ ਵੀ ਤਿਆਰ ਕੀਤਾ ਹੈ।

ਜਿੱਥੇ ਚੈਟਜੀ.ਪੀ.ਟੀ. ਦੀ ਮਦਦ ਨਾਲ ਤੁਸੀਂ ਸਾਰੇ ਸਵਾਲਾਂ ਦੇ ਜਵਾਬ ਲੱਭ ਸਕਦੇ ਹੋ। ਡਾਲ-ਈ ਦੀ ਮਦਦ ਨਾਲ ਤੁਸੀਂ ਤਸਵੀਰ ਵਿੱਚ ਕੋਈ ਵੀ ਟੈਕਸਟ ਬਣਾ ਸਕਦੇ ਹੋ। ਇਨ੍ਹਾਂ ਦੋਵਾਂ ਪਲੇਟਫਾਰਮਾਂ ਦੀ ਪ੍ਰਸਿੱਧੀ ਤੋਂ ਬਾਅਦ, ਕਈ ਹੋਰ ਉਤਪਾਦ ਵੀ ਮਾਰਕੀਟ ਵਿੱਚ ਆਏ, ਜੋ ਆਮ ਲੋਕਾਂ ਤੱਕ ਏ.ਆਈ. ਰਾਹੀਂ ਪਹੁੰਚਾਏ ਗਏ।

ਬੋਰਡ ਨੇ ਸਮੀਖਿਆ ਤੋਂ ਬਾਅਦ ਇਹ ਫੈਸਲਾ ਲਿਆ ਹੈ। ਸੈਮ ਨੂੰ ਹਟਾਏ ਜਾਣ ਤੋਂ ਬਾਅਦ ਕੰਪਨੀ ਦੀ ਮੁੱਖ ਤਕਨਾਲੋਜੀ ਅਧਿਕਾਰੀ ਮੀਰਾ ਮੂਰਤੀ ਨੂੰ ਅੰਤਰਿਮ ਸੀ.ਈ.ਓ. ਨਿਯੁਕਤ ਕੀਤਾ ਗਿਆ ਹੈ। ਕੰਪਨੀ ਦਾ ਕਹਿਣਾ ਹੈ ਕਿ ਉਹ ਜਲਦੀ ਹੀ ਸਥਾਈ ਸੀ.ਈ.ਓ. ਦੀ ਤਲਾਸ਼ ਕਰਨਗੇ।

### ਕੰਪਨੀ ਨੇ ਕਿਉਂ ਹਟਾਇਆ?

ਓਪਨ ਏ. ਆਈ. ਨੇ ਆਪਣੇ ਬਲਾਗ 'ਚ ਕਿਹਾ ਕਿ ਓਲਟਮੈਨ ਨੂੰ ਹਟਾਉਣ ਦਾ ਫੈਸਲਾ ਕਾਫੀ ਸੋਚ-ਵਿਚਾਰ ਤੋਂ ਬਾਅਦ ਲਿਆ ਗਿਆ ਹੈ। ਸਮੀਖਿਆ 'ਚ ਬੋਰਡ ਨੇ ਪਾਇਆ ਹੈ ਕਿ ਸੈਮ ਆਪਣੀ ਗੱਲਬਾਤ ਨੂੰ ਲੈ ਕੇ ਸਪੱਸ਼ਟ ਨਹੀਂ ਸੀ, ਜਿਸ ਕਾਰਨ ਬੋਰਡ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣ 'ਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਬੋਰਡ ਨੂੰ ਹੁਣ ਓਲਟਮੈਨ ਦੀ ਕਾਬਲੀਅਤ 'ਤੇ ਭਰੋਸਾ ਨਹੀਂ ਹੈ, ਇਸ ਲਈ ਉਸਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਲਈ ਮਜਬੂਰ ਕੀਤਾ ਗਿਆ ਹੈ।

ਬ੍ਰੋਕਮੈਨ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਆਪਣੇ ਅਸਤੀਫੇ ਦਾ ਐਲਾਨ ਕੀਤਾ ਹੈ। ਸੈਮ ਓਲਟਮੈਨ ਦੇ ਅਸਤੀਫੇ ਦੇ ਕੁਝ ਘੰਟਿਆਂ ਬਾਅਦ ਹੀ ਬ੍ਰੋਕਮੈਨ ਨੇ ਆਪਣੇ ਅਸਤੀਫੇ ਦਾ ਐਲਾਨ ਕੀਤਾ ਹੈ, ਜੋ ਕਿ ਤਕਨੀਕੀ ਉਦਯੋਗ ਲਈ ਕਿਸੇ ਝਟਕੇ ਤੋਂ ਘੱਟ ਨਹੀਂ ਹੈ।

ਗ੍ਰੇਗ ਬ੍ਰੋਕਮੈਨ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਲਿਖਿਆ ਕਿ ਅਸੀਂ ਚੰਗੇ ਅਤੇ ਮਾੜੇ ਸਮੇਂ ਵਿੱਚ ਇਕੱਠੇ ਰਹੇ ਹਾਂ, ਸਾਰੇ ਕਾਰਨਾਂ ਦੇ ਬਾਵਜੂਦ ਇੰਨਾ ਪ੍ਰਾਪਤ ਕਰਨਾ ਅਸੰਭਵ ਸੀ, ਪਰ ਅੱਜ ਦੀ ਖਬਰ ਤੋਂ ਬਾਅਦ ਮੈਂ ਅਸਤੀਫਾ ਦੇ ਰਿਹਾ ਹਾਂ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

22 ਤੋਂ 28 ਨਵੰਬਰ, 2023

## ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹੁੰਚ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿਛਲੇ ਸਮੇਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਮੁਹਿੰਮ ਅਰੰਭੀ ਹੋਈ ਹੈ। ਜਿਸ ਵਿੱਚ ਦਸੰਬਰ 2022 ਤੋਂ ਅਪ੍ਰੈਲ 2023 ਤੱਕ ਸ਼੍ਰੋਮਣੀ ਕਮੇਟੀ ਵੱਲੋਂ ਕਰੀਬ 25 ਲੱਖ ਲੋਕਾਂ ਤੋਂ ਫਾਰਮ ਭਰਵਾਏ ਗਏ। ਕੁਝ ਦਿਨ ਪਹਿਲਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ 7 ਹੋਰਨਾਂ ਕਮੇਟੀ ਮੈਂਬਰਾਂ ਨਾਲ ਜਾ ਕੇ ਪੰਜਾਬ ਰਾਜਪਾਲ ਨੂੰ ਇਹ ਫਾਰਮ ਸੌਂਪ ਦਿੱਤੇ ਗਏ। ਇਸ ਮੌਕੇ ਉਹ ਆਪਣੇ ਨਾਲ 25 ਲੱਖ ਫਾਰਮਾਂ ਨਾਲ ਭਰੇ ਹੋਏ ਟਰੱਕ ਲੈ ਕੇ ਗਏ, ਪਰ ਅੱਗੇ ਟਰੱਕ ਨਾ ਲੰਘਣ ਦਿੱਤੇ ਜਾਣ ਤੋਂ ਬਾਅਦ ਉਨ੍ਹਾਂ ਇੱਕ ਪੈਨ-ਡ੍ਰਾਈਵ ਰਾਜਪਾਲ ਨੂੰ ਸੌਂਪ ਦਿੱਤੀ ਜਿਸ ਵਿੱਚ ਉਹ ਸਾਰੇ ਫਾਰਮ ਮੌਜੂਦ ਸਨ। ਇਸ ਤਰ੍ਹਾਂ ਦਸਤਖਤ ਮੁਹਿੰਮ ਨੂੰ ਸ਼੍ਰੋਮਣੀ ਕਮੇਟੀ ਨੇ ਖ਼ਤਮ ਕੀਤਾ। ਦਸਤਖਤ ਸੌਂਪਣ ਲਈ ਸ਼੍ਰੋਮਣੀ ਕਮੇਟੀ ਨੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਮੁੱਖ ਮੰਤਰੀਆਂ ਨੂੰ ਮਿਲਣ ਦਾ ਮਤਾ ਪਕਾਇਆ ਸੀ, ਗ੍ਰਹਿ ਮੰਤਰੀ, ਕਰਨਾਟਕ ਮੁੱਖ-ਮੰਤਰੀ ਵੱਲੋਂ ਵੀ ਵਾਰ-ਵਾਰ ਪੁੱਛਣ ਦੇ ਬਾਵਜੂਦ ਕੋਈ ਸਮਾਂ ਮਿਲਣ ਲਈ ਨਹੀਂ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਨੇ ਇੰਡੀਆ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲੋਂ ਵੀ ਮਿਲਣ ਦਾ ਸਮਾਂ ਮੰਗਿਆ ਸੀ ਪਰ ਉਹਨਾਂ ਨੇ ਜਵਾਬ ਦੇਣ ਦੀ ਵੀ ਲੋੜ ਨਹੀਂ ਮਹਿਸੂਸ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿਛਲੇ ਸਾਲ ਜਦੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਮੁਹਿੰਮ ਆਰੰਭਣ ਦੀ ਗੱਲ ਕੀਤੀ ਸੀ ਤਾਂ ਉਦੋਂ ਵੀ ਹਰ ਆਮ ਬੰਦੇ ਨੂੰ ਇਹ ਸਮਝ ਪੈਂਦਾ ਸੀ ਕਿ ਇਹਨਾਂ ਨੇ ਬਾਦਲ ਦਲ ਨੂੰ ਦੁਬਾਰਾ ਪੈਰਾਂ ਸਿਰ ਕਰਨ ਲਈ ਇਹ ਸਿਆਸੀ ਪੈਂਤੜਾ ਲਿਆ ਹੈ ਜਿਸ ਰਾਹੀਂ ਪੰਥ ਵਿੱਚ ਗਵਾਚੀ ਸਾਖ ਨੂੰ ਦੁਬਾਰਾ ਬਹਾਲ ਕਰਵਾਉਣ ਤੋਂ ਇਲਾਵਾ ਹੋਰ ਕੋਈ ਇੱਛਾ ਨਹੀਂ ਹੈ। ਜਿੱਥੇ ਅੱਜ ਦੇ ਹਲਾਤਾਂ ਵਿੱਚ ਬਾਦਲ ਦਲ ਦੀ ਪੁਰਾਣੀ ਭਾਈਵਾਲ ਪਾਰਟੀ ਭਾਜਪਾ, ਬਾਦਲ ਦਲ ਨੂੰ ਖੂੰਜੇ ਲਾਈ ਰੱਖਣਾ ਚਾਹੁੰਦੀ ਹੈ ਤਾਂ ਉਹ ਬਾਦਲ ਦਲ ਦੇ ਹੱਥੋਂ ਕੋਈ ਅਜਿਹਾ ਚੰਗਾ ਕੰਮ ਹੋਣ ਨਹੀਂ ਦੇਵੇਗੀ, ਜਿਸ ਨਾਲ ਪੰਥ ਵਿੱਚ ਬਾਦਲ ਦਲ ਦੀ ਸਾਖ ਸੁਧਰੇ। ਇਹ ਸਾਰੀ ਸਰਗਰਮੀ ਭਾਵੇਂ ਸ਼੍ਰੋਮਣੀ ਕਮੇਟੀ ਕਰ ਰਹੀ ਹੈ, ਪਰ ਸ਼੍ਰੋਮਣੀ ਕਮੇਟੀ ਵੀ ਆਪਣੇ ਆਪ ਵਿੱਚ ਕੋਈ ਆਜ਼ਾਦ ਸੰਸਥਾ ਨਹੀਂ ਹੈ। ਇਹ ਪੂਰੀ ਤਰ੍ਹਾਂ ਨਾਲ ਬਾਦਲ ਦਲ ਦੇ ਕਬਜ਼ੇ ਵਿੱਚ ਹੈ। ਸਿੱਖਾਂ ਨੂੰ ਦਿੱਤਾ ਕੋਈ ਵੀ ਲਾਭ ਜੇਕਰ ਉਹ ਸ਼੍ਰੋਮਣੀ ਕਮੇਟੀ ਦੀ ਪਹਿਲਕਦਮੀ ਨਾਲ ਹੁੰਦਾ ਹੈ, ਤਾਂ ਇਸਦਾ ਲਾਭ ਸਿੱਧਾ ਬਾਦਲ ਦਲ ਨੂੰ ਹੋਵੇਗਾ। ਸ਼੍ਰੋਮਣੀ ਕਮੇਟੀ ਦੁਆਰਾ ਬੰਦੀ ਸਿੰਘਾਂ ਵਾਲਾ ਮਸਲਾ ਚੁੱਕਣ ਨਾਲ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੁਣ ਬੰਦੀ ਸਿੰਘਾਂ ਦੇ ਮਸਲੇ ਵਿੱਚ ਇੱਛਿਤ ਨਤੀਜੇ ਨਹੀਂ ਆਉਣ ਦੇਵੇਗੀ। ਪਹਿਲਾਂ ਬੰਦੀ ਸਿੰਘਾਂ ਵਾਲਾ ਮਸਲਾ ਨਿਰੋਲ ਨਿਆਂਇਕ ਅਦਾਲਤੀ ਜਾਂਚ ਦੀ ਪ੍ਰਣਾਲੀ 'ਤੇ ਨਿਰਭਰ ਕਰਦਾ ਸੀ। ਸ਼੍ਰੋਮਣੀ ਕਮੇਟੀ ਦੀ ਸਰਗਰਮੀ ਇਸ ਮਸਲੇ ਨੂੰ ਰਾਜਨੀਤਕ ਰੰਗਤ ਦੇ ਰਹੀ ਹੈ। ਅਜਿਹੇ ਵਿੱਚ ਲੋੜ ਸੀ ਕਿ ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਦੇ ਮਸਲੇ ਨੂੰ ਕਿਸੇ ਨਿਰਪੱਖ ਧਿਰ ਦੀ ਅਗਵਾਈ ਵਿੱਚ ਅੱਗੇ ਵਧਾਉਂਦੀ ਅਤੇ ਆਪ ਸਹਿਯੋਗੀ ਹੋਕੇ ਉਨ੍ਹਾਂ ਦਾ ਸਾਥ ਦਿੰਦੀ।

ਸ਼੍ਰੋਮਣੀ ਕਮੇਟੀ ਦੁਆਰਾ ਇਸ ਮਸਲੇ ਨੂੰ ਚੁੱਕੇ ਜਾਣ ਦਾ ਸਮਾਂ ਵੀ ਸਿੱਧਾ ਇਸਦੇ ਸਿਆਸੀ ਲਾਭਾਂ ਨੂੰ ਦਰਸਾਉਂਦਾ ਹੈ। ਜਦ ਬਾਦਲ ਸੰਨ 1995 ਤੋਂ ਬਾਅਦ ਤਾਕਤ ਵਿੱਚ ਆਇਆ ਤਾਂ ਉਹ ਸਿੱਖਾਂ ਨੂੰ ਇਨਸਾਫ਼ ਦਿਵਾਉਣ, ਦੋਸ਼ੀ ਪੁਲਿਸ ਕਰਮਚਾਰੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਸ਼ਰਤ ਉਪਰ ਹੀ ਪੰਜਾਬ ਵਿਚੋਂ ਜਿੱਤ ਕੇ ਸਰਕਾਰ ਬਣਾ ਸਕਿਆ ਸੀ ਪਰ ਸਰਕਾਰ ਬਣਾਉਣ ਤੋਂ ਬਾਅਦ ਪੰਥ ਦੇ ਮਸਲਿਆਂ ਬਾਰੇ ਕੁਝ ਵੀ ਚੰਗਾ ਨਹੀਂ ਕੀਤਾ ਗਿਆ। ਬਾਦਲ ਦਲ ਜਦੋਂ ਆਪ ਤਾਕਤ ਵਿੱਚ ਸੀ ਤਾਂ ਉਨ੍ਹਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਜਾਂ ਅਦਾਲਤੀ ਪੈਰਵਾਈ ਲਈ ਕੋਈ ਕਦਮ ਨਹੀਂ ਚੁੱਕਿਆ। ਬਾਅਦ ਵਿੱਚ ਵੀ ਲਗਾਤਾਰ 10 ਸਾਲ ਸਰਕਾਰ ਵਿੱਚ ਰਹਿਣ ਦੇ ਬਾਵਜੂਦ ਬਾਦਲ ਦਲ ਜਿੰਨਾਂ ਹੋ ਸਕਿਆ, ਬੰਦੀ ਸਿੰਘਾਂ ਦੀ ਰਿਹਾਈ ਵਿੱਚ ਅੜਿੱਕਾ ਪਾਉਂਦਾ ਰਿਹਾ। ਅਖੀਰ ਬੇਅਦਬੀਆਂ ਦੇ ਮਾਮਲੇ ਵਿੱਚ ਵੀ ਪੰਥ ਦੇ ਵਿਰੁੱਧ ਖੜਨ ਕਰਕੇ ਜਦੋਂ ਪੰਜਾਬ ਵਿਚੋਂ ਆਪਣੀ ਸਿਆਸੀ ਜਮੀਨ ਵੀ ਗਵਾਉਂਦਾ ਗਿਆ ਤਾਂ ਹੁਣ ਤਾਕਤ ਖੁੱਸ ਜਾਣ ਤੋਂ ਬਾਅਦ ਬੰਦੀ ਸਿੰਘਾਂ ਦੀ ਰਿਹਾਈ ਦੇ ਮਸਲੇ ਨੂੰ ਚੁੱਕਣਾ ਮਹਿਜ ਇੱਕ ਸਿਆਸੀ ਡਰਾਮਾ ਹੀ ਲੱਗਦਾ ਹੈ। ਸ਼੍ਰੋਮਣੀ ਕਮੇਟੀ ਅਜੇ ਵੀ ਇਸ ਮਸਲੇ ਵਿੱਚ ਇਮਾਨਦਾਰ ਨਹੀਂ ਕਿ ਉਹ ਸਾਰੇ ਪੰਥ ਨੂੰ ਇਸ ਸਰਗਰਮੀ ਵਿੱਚ ਜਗ੍ਹਾ ਦੇਵੇ। ਅਜਿਹਾ ਕਰਨ ਨਾਲ ਵੀ ਉਨ੍ਹਾਂ ਨੂੰ ਆਪਣੀ ਪਿੱਠ ਥਾਪੜਨ ਲਈ ਜ਼ਮੀਨ ਖੁੱਸਦੀ ਨਜਰ ਆਉਂਦੀ ਹੈ। ਲੋਕ ਇਸ ਗੱਲ ਨੂੰ ਸਮਝ ਰਹੇ ਹਨ ਕਿ ਸੱਪ ਦੇ ਲੰਘੇ ਤੋਂ ਲਕੀਰ ਨੂੰ ਕੁੱਟਣ ਦਾ ਕੋਈ ਫਾਇਦਾ ਨਹੀਂ ਹੁੰਦਾ। ਸ਼੍ਰੋਮਣੀ ਕਮੇਟੀ ਅਤੇ ਬਾਦਲ ਦਲ ਨੂੰ ਵੀ ਇਹ ਗੱਲ ਸਮਝਣੀ ਚਾਹੀਦੀ ਹੈ।

ਗੁਰੂ ਖਾਲਸਾ ਪੰਥ ਕਿਸੇ ਦੂਜੇ ਤਖ਼ਤ ਅੱਗੇ ਫਰਿਆਦੀ ਨਹੀਂ ਹੋ ਸਕਦਾ। ਸਮੁੱਚਾ ਪੰਥ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਹੀ ਕਰ ਸਕਦਾ ਹੈ। ਪੰਥ ਤੋਂ ਬਿਨਾਂ ਹੋਰ ਸਮਾਜਿਕ, ਰਾਜਨੀਤਕ ਖੇਤਰ ਵਿੱਚ ਵਿਚਰਣ ਵਾਲੀਆਂ ਧਿਰਾਂ ਦੁਨਿਆਵੀ ਤਖ਼ਤ ਉਤੇ ਦਬਾਅ ਬਣਾ ਕੇ ਆਪਣੇ ਕੁਝ ਮਸਲੇ ਹੱਲ ਕਰਵਾ ਸਕਦੀਆਂ ਹਨ। ਅਜਿਹੇ ਵਿੱਚ ਬਾਦਲ ਦਲ ਨੂੰ ਚਾਹੀਦਾ ਹੈ ਕਿ ਜੇਕਰ ਸਚਮੁੱਚ ਉਹ ਇਮਾਨਦਾਰੀ ਨਾਲ ਬੰਦੀ ਸਿੰਘਾਂ ਦੀ ਰਿਹਾਈ ਚਾਹੁੰਦੇ ਹਨ ਤਾਂ ਉਹਨਾਂ ਨੂੰ ਆਪਣੇ ਆਪ ਨੂੰ ਪਾਸੇ ਕਰਨਾ ਚਾਹੀਦਾ ਹੈ ਅਤੇ ਸਮੁੱਚੀ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਥ ਵਿਚੋਂ ਨਿਸ਼ਕਾਮ ਸ਼ਖ਼ਸੀਅਤਾਂ ਦਾ ਇੱਕ ਜਥਾ ਬਣਾ ਕੇ ਉਹਨਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਡਿਫੈਂਸ ਕਮੇਟੀ ਦੀ ਮਿਸਾਲ ਆਪਣੇ ਸਾਹਮਣੇ ਹੈ ਜਦੋਂ ਸਾਲ 2001 ਵਿੱਚ ਇੰਡੀਆ ਦੀ ਅਦਾਲਤ ਨੇ ਪ੍ਰੋ. ਭੁੱਲਰ ਨੂੰ ਫਾਂਸੀ ਸੁਣਾਈ ਸੀ ਤਾਂ ਵੱਖ-ਵੱਖ ਸਿੱਖ ਸੰਸਥਾਵਾਂ, ਸਿੱਖ ਸਿਆਸੀ ਪਾਰਟੀਆਂ, ਕਿਸਾਨ ਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦੀ ਸ਼ਮੂਲੀਅਤ ਵਾਲੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਡਿਫੈਂਸ ਕਮੇਟੀ ਬਣੀ ਸੀ। ਸਿੱਖਾਂ ਦੇ ਸਾਂਝੇ ਦਬਾਅ ਕਾਰਨ ਸਰਕਾਰ ਪ੍ਰੋ. ਭੁੱਲਰ ਨੂੰ ਫਾਂਸੀ ਨਹੀਂ ਲਗਾ ਸਕੀ।

ਹੁਣ ਵੀ ਇਸ ਸਾਰੀ ਸਰਗਰਮੀ ਵਿੱਚ ਬਿਲਕੁਲ ਨਿਸ਼ਕਾਮ ਹੋ ਕੇ ਚੱਲਣਾ ਚਾਹੀਦਾ ਅਤੇ ਇਹ ਭੁੱਲ ਜਾਣਾ ਚਾਹੀਦਾ ਕਿ ਇਸ ਮਸਲੇ ਵਿੱਚੋਂ ਕੋਈ ਵਾਹ-ਵਾਹ ਖੱਟਣੀ ਹੈ ਨਹੀਂ ਤਾਂ ਸ਼੍ਰੋਮਣੀ ਕਮੇਟੀ ਅਤੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਬੰਦੀ ਸਿੰਘਾਂ ਦੇ ਮਸਲੇ ਨੂੰ ਵਿਗਾੜਨ ਤੋਂ ਵੱਡੀ ਕੋਈ ਪ੍ਰਾਪਤੀ ਨਹੀਂ ਕਰ ਸਕਣਗੇ।

ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਸੁਖਬੀਰ ਸਿੰਘ ਬਾਦਲ ਅਕਾਲੀ ਸੱਭਿਆਚਾਰ ਤੇ ਇਤਿਹਾਸ ਦੀ ਰਾਖੀ ਕਰਨ ਤੋਂ ਅਸਮਰੱਥ

ਦਰਬਾਰਾ ਸਿੰਘ ਕਾਹਲੋਂ



ਸਤਿਗੁਰੂ ਨਾਨਕ ਨੇ ਸਮੂਹ ਲੋਕਾਈ ਨੂੰ ਇੱਕ ਵਧੀਆ ਸਵੈਮਾਣ ਅਤੇ ਆਪਸੀ ਮਿਲਵਰਤਣ ਭਰੇ ਸਿਹਤਮੰਦ ਅਤੇ ਤੰਦਰੁਸਤ ਸਮਾਜ ਵਿੱਚ ਜਿਊਣ ਲਈ ਆਪਣੀਆਂ ਚਾਰ ਵਿਸ਼ਵ ਵਿਆਪੀ ਉਦਾਸੀਆਂ ਦੇ ਉਦੇਸ਼ ਤੋਂ ਬਾਅਦ ਪੰਜਾਬ ਵਿੱਚ ਸਚਿਆਰ ਮਨੁੱਖ, ਪਰਿਵਾਰ ਅਤੇ ਭਾਈਚਾਰੇ ਦੀ ਸਥਾਪਤੀ ਲਈ ਆਪਣੇ ਜੀਵਨ ਦੇ ਅਖੀਰਲੇ 17 ਸਾਲ ਰਾਵੀ ਦਰਿਆ ਦੇ ਕਿਨਾਰੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ 'ਕਿਰਤ ਸੱਭਿਆਚਾਰ' ਦੀ ਪ੍ਰਪੱਕਤਾ ਲਈ ਅਰਪਨ ਕੀਤੇ। ਇਸ ਕਿਰਤ ਸੱਭਿਆਚਾਰ ਦੀ ਅਮੀਰੀ ਉਦੋਂ ਜੱਗ ਜ਼ਾਹਿਰ ਹੋਈ ਜਦੋਂ ਪਾਣੀ ਭਰੇ ਖੇਤਾਂ ਵਿੱਚੋਂ ਪਸ਼ੂਆਂ ਲਈ ਗੁਰੂਦੇਵ ਘਾਹ ਕੱਢ ਰਹੇ ਹਨ, ਖੱਡੂਰ ਸਾਹਿਬ ਦਾ ਰੇਸ਼ਮੀ ਲਿਬਾਸ ਵਾਲਾ ਉਨ੍ਹਾਂ ਦਾ ਅਮੀਰ ਸ਼ਰਧਾਲੂ ਭਾਈ ਲਹਿਣਾ ਘੋੜੇ 'ਤੇ ਸਵਾਰ ਦਰਸ਼ਣਾਂ ਲਈ ਆਉਂਦਾ ਹੈ ਅਤੇ ਗੁਰੂਦੇਵ ਵੱਲੋਂ ਪਾਣੀ ਨੁਚੜਦੇ ਘਾਹ ਦੀ ਪੰਡ ਉਨ੍ਹਾਂ ਨਾਲ ਚੁੱਕ ਕੇ ਗੁਰੂ ਘਰ ਵੱਲ ਚਾਲੇ ਪਾਉਂਦਾ ਹੈ। ਇਹ ਗੁਰੂਦੇਵ ਵੱਲੋਂ ਸਿਰਜੇ ਕਿਰਤ ਸੱਭਿਆਚਾਰ ਪ੍ਰਤੀ ਪਿਆਰ ਅਤੇ ਸਮਰਪਿਤਤਾ ਦੀ ਅਲੌਕਿਕ ਮਿਸਾਲ ਸੀ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਪਿੰਡ ਵਿੱਚ ਆਤਮ ਨਿਰਭਰ ਪੇਂਡੂ ਅਰਥ ਵਿਵਸਥਾ ਨੂੰ ਪ੍ਰਪੱਕ ਕਰਨ ਲਈ ਵੱਖ-ਵੱਖ ਕਿਰਤੀ ਭਾਈਚਾਰਿਆਂ ਨੂੰ ਬੜ੍ਹਾਵਾ ਦਿੱਤਾ, ਜਿਨ੍ਹਾਂ ਵਿੱਚ ਨਾਈ, ਛੀਂਬੇ, ਝੀਊਰ, ਤਰਖਾਣ, ਲੁਹਾਰ, ਠਠਿਆਰ, ਘੁਮਿਆਰ, ਸੇਪੀ (ਗੋਹਾ-ਕੂੜਾ ਚੁੱਕਣ ਵਾਲੇ), ਮਨੋਰੰਜਨ ਕਰਤਾ ਰਾਸਧਾਰੀ, ਮਰਾਸੀ, ਸ਼ਿਲਪੀ ਆਦਿ ਸ਼ਾਮਲ ਸਨ।

ਗੁਰੂ ਅਰਜਨ ਦੇਵ ਜੀ ਨੇ ਸ੍ਰੀ ਰਾਮਦਾਸਪੁਰਾ, ਜੋ ਅੱਜ ਸਿੱਖੀ ਦੇ ਧੁਰੇ ਅਤੇ ਮੁਕੱਦਸ ਅਸਥਾਨ 'ਸ੍ਰੀ ਅੰਮ੍ਰਿਤਸਰ' ਵਜੋਂ ਸਥਾਪਿਤ ਹੈ, ਨੂੰ ਪ੍ਰਫੁਲਤ ਕਰਨ ਲਈ ਵੱਖ-ਵੱਖ ਥਾਵਾਂ ਤੋਂ ਸੱਦ ਕੇ ਸ਼ਿਲਪਕਾਰਾਂ, ਦਸਤਕਾਰਾਂ, ਤਕਨੀਸ਼ਨਾਂ, ਆਰਟਿਸਟਾਂ, ਵਪਾਰੀਆਂ, ਕਾਰੋਬਾਰੀਆਂ ਆਦਿ ਨੂੰ ਇਸ ਸ਼ਹਿਰ ਵਿੱਚ ਵਸਾਇਆ।

ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਅਨੁਯਾਈਆਂ ਵੱਲੋਂ ਪ੍ਰਫੁੱਲਤ ਅਤੇ ਪ੍ਰਪੱਕ ਕੀਤੇ ਕਿਰਤ ਸੱਭਿਆਚਾਰ ਦਾ ਹੀ ਕਮਾਲ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਪੰਜਾਬ ਵਿਸ਼ਵ ਦੀ ਸੈਨਿਕ ਸ਼ਕਤੀ ਦੇ ਨਾਲ-ਨਾਲ ਇੱਕ ਤਾਕਤਵਰ ਆਰਥਿਕ ਸ਼ਕਤੀ ਵਜੋਂ ਉੱਭਰਿਆ ਸੀ। ਨਾਨਕਸ਼ਾਹੀ ਰੁਪਈਆ ਉਦੋਂ ਬ੍ਰਿਟਿਸ਼ ਕਰੰਸੀ ਦੇ 13 ਪੌਂਡ ਬਰਾਬਰ ਸੀ। ਇੰਗਲੈਂਡ ਅਤੇ ਫਰਾਂਸ ਵਰਗੇ ਰਾਜ ਪੰਜਾਬੀ ਤਕਨੀਸ਼ੀਅਨਾਂ ਵੱਲੋਂ ਵਿਕਸਿਤ ਤੋਪਖਾਨੇ, ਗੋਲਾ-ਬਰੂਦ ਅਤੇ ਹੋਰ ਜੰਗੀ ਤਕਨੀਕਾਂ ਵੇਖ ਕੇ ਅਸ਼-ਅਸ਼ ਕਰ ਉੱਠੇ।

ਸ਼ਾਇਦ ਬਹੁਤੇ ਪੰਜਾਬੀਆਂ ਅਤੇ ਭਾਰਤੀਆਂ ਨੂੰ ਘੱਟ ਪਤਾ ਹੋਵੇ ਕਿ ਦੇਸ਼ ਅਜ਼ਾਦੀ ਵੇਲੇ ਪੰਜਾਬ ਦੀ ਵੰਡ ਦੀ ਬਰਬਾਦੀ ਸਮੇਂ, ਜਿਸ ਵਿੱਚ 10 ਲੱਖ ਪੰਜਾਬੀ ਮਾਰੇ ਗਏ, ਢਾਈ ਕਰੋੜ ਨੂੰ ਇੱਧਰ-ਉੱਧਰ ਹਿਜਰਤ ਕਰਨੀ ਪਈ। ਪੰਜਾਬ ਦੀ ਮਜ਼ਬੂਤ ਆਰਥਿਕਤਾ ਤਹਿਸ-ਨਹਿਸ ਹੋ ਗਈ ਸੀ, ਜਿਸ ਨੂੰ ਕੁਝ ਸਾਲਾਂ ਵਿੱਚ ਮੁੜ ਪੈਰੀਂ ਖੜ੍ਹਾ ਕਰਨ ਪਿੱਛੇ ਅਸਲ ਸ਼ਕਤੀ ਡਾ. ਮਹਿੰਦਰ ਸਿੰਘ ਰੰਧਾਵਾ ਆਈ.ਸੀ.ਐੱਸ ਅਨੁਸਾਰ ਬਾਬਾ ਨਾਨਕ ਦਾ ਕਿਰਤ ਸੱਭਿਆਚਾਰ ਸੀ। ਸੱਤਾ ਖਾਤਰ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਆਗੂਆਂ ਨੇ ਪੰਜਾਬ ਤਾਂ ਬਰਬਾਦ ਕਰ ਦਿੱਤਾ ਪਰ ਇਸਦੇ ਕਿਰਤ ਸੱਭਿਆਚਾਰ ਦਾ ਵਾਲ ਵਿੰਗਾ ਨਹੀਂ ਨਾ ਕਰ ਸਕੇ। ਡਾ. ਰੰਧਾਵਾ ਅਨੁਸਾਰ ਪੰਜਾਬ ਦੇ ਉੱਜੜੇ-ਪੁੱਜੜੇ ਪਿੰਡਾਂ, ਇਸਦੀ ਖੇਤੀ ਤੇ ਪੇਂਡੂ ਆਰਥਿਕਤਾ ਨੂੰ ਮੁੜ ਲੋਕਾਂ ਨੇ ਸਿਰ ਜੋੜ ਕੇ ਖੜ੍ਹਾ ਹੀ ਨਹੀਂ ਕੀਤਾ ਬਲਕਿ ਨਵੇਂ ਸੰਦ ਵੀ ਈਜਾਦ ਕੀਤੇ। ਨਵੀਆਂ ਮਿੱਟੀ ਪਰਤਾਵੇ ਹਲ, ਬੀਜ ਕੇਰਵੀਆਂ ਹਲ, ਚਾਰਾਂ ਟੋਕਾ ਮਸ਼ੀਨਾਂ ਅਤੇ ਫਿਰ ਟਿਊਬਵੈਲਾਂ, ਟਰੈਕਟਰਾਂ ਅਤੇ ਸਬੰਧਿਤ ਮਸ਼ੀਨਰੀ ਨੇ 'ਹਰਾ ਇਨਕਲਾਬ' ਸਿਰਜਣ ਵਿੱਚ ਭਰਪੂਰ ਮਦਦ ਕੀਤੀ। ਪੰਜਾਬ ਵਿੱਚ ਖੇਤੀ ਆਰਥਿਕਤਾ ਨੂੰ ਪ੍ਰਪੱਕ ਕਰਨ ਵਾਲੇ ਛੋਟੇ ਉਦਯੋਗ, ਵਰਕਸ਼ਾਪਾਂ, ਫਾਊਂਡਰੀਆਂ,ਕੱਪੜਾ ਸਨਅਤਾਂ ਆਦਿ ਬਟਾਲਾ, ਛੇਹਰਟਾ, ਤਲਵੰਡੀ ਭਾਈ, ਮੰਡੀ ਗੋਬਿੰਦਗੜ੍ਹ, ਜਲੰਧਰ, ਫਗਵਾੜਾ, ਲੁਧਿਆਣਾ, ਰਾਜਪੁਰਾ, ਨਾਭਾ, ਪਟਿਆਲਾ, ਗੁਰਾਇਆ, ਬਠਿੰਡਾ, ਮਾਨਸਾ ਆਦਿ ਵਿਖੇ ਵਧਣ-ਫੁੱਲਣ ਲੱਗੀਆਂ।

ਪਹਿਲੀ ਨਵੰਬਰ, 1966 ਨੂੰ ਪੰਜਾਬੀ ਸੂਬਾ ਹੋਂਦ ਵਿੱਚ ਆਉਣ ਤੋਂ ਬਾਅਦ ਅਕਾਲੀ ਸਰਕਾਰਾਂ ਨੇ ਰਾਜ ਵਿੱਚ ਕਿਰਤ ਸੱਭਿਆਚਾਰ ਹੋਰ ਮਜ਼ਬੂਤ ਕਰਨ ਲਈ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਨ ਲਈ ਪੱਕੀਆਂ ਲਿੰਕ ਸੜਕਾਂ ਦਾ ਨਿਰਮਾਣ ਕੀਤਾ। ਸ. ਪ੍ਰਕਾਸ਼ ਸਿੰਘ ਬਾਦਲ ਵਰਗੇ ਸਭ ਤੋਂ ਘੱਟ ਉਮਰ ਦੇ ਪੰਜਾਬ ਵਿੱਚ ਅਕਾਲੀ ਮੁੱਖ ਮੰਤਰੀ ਨੇ ਪੇਂਡੂ ਆਰਥਿਕਤਾ ਦੀ ਮਜ਼ਬੂਤੀ ਲਈ 'ਫੋਕਲ ਪੁਆਇੰਟ', ਕਾਲਝਰਾਨੀ (ਮੁਕਤਸਰ) ਅਤੇ ਪੱਧਰੀ (ਅੰਮ੍ਰਿਤਸਰ) ਵਿਖੇ ਪ੍ਰੋਗਰਾਮ ਲਿਆਂਦੇ। ਲੇਕਿਨ 'ਅਕਾਲੀ ਲੀਡਰਸ਼ਿਪ' ਅੰਦਰ ਸੱਤਾ ਭੁੱਖ, ਏਕਾਧਿਕਾਰ ਅਤੇ ਪਰਿਵਾਰਵਾਦੀ ਰਾਜਨੀਤੀ ਨੇ ਬਾਬੇ ਨਾਨਕ ਦੇ ਕਿਰਤ ਸੱਭਿਆਚਾਰ ਦਾ ਗੱਲ ਆਪਣੇ ਹੱਥੀਂ ਦਬਾਅ ਕੇ ਇਸਦੀ ਬਰਬਾਦੀ ਦੀ ਦਾਸਤਾਨ ਲਿਖਣੀ ਸ਼ੁਰੂ ਕਰ ਦਿੱਤੀ।

ਵਿਸ਼ਵ ਭਰ ਵਿੱਚ ਮੰਨੇ-ਪ੍ਰਮੰਨੇ ਪੰਜਾਬ ਦੇ ਮਿਹਨਤੀ ਕਿਸਾਨਾਂ ਅਤੇ ਕਿਰਤੀਆਂ ਨੇ ਕਿਸੇ ਅਕਾਲੀ ਆਗੂ, ਸਰਕਾਰ ਜਾਂ ਮੁੱਖ ਮੰਤਰੀ ਤੋਂ ਟਿਊਬਵੈਲ ਬਿਜਲੀ ਬਿੱਲਾਂ ਦੀ ਮੁਆਫੀ, ਮਾਮਲੇ-ਘਲਾਣੇ ਦੀ ਮੁਆਫੀ, ਮੁਫਤ ਆਟਾ-ਦਾਲ ਸਕੀਮ ਦੀ ਮੰਗ ਨਹੀਂ ਕੀਤੀ, ਨਾ ਹੀ ਕਿਸੇ ਦਲਿਤ ਜਾਂ ਅਨੁਸੂਚਿਤ ਜਾਤੀ ਸਬੰਧੀ ਭਾਈਚਾਰੇ ਨੇ 'ਸ਼ਗਨ ਸਕੀਮ' ਦੀ ਮੰਗ ਕੀਤੀ। ਆਟਾ-ਦਾਲ ਸਕੀਮ ਦੇ ਐਲਾਨ ਸਬੰਧੀ ਲੇਖਕ ਨੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਨਿੱਜੀ ਗੱਲਬਾਤ ਸਮੇਂ ਤਨਜ ਕਰਦੇ ਕਿਹਾ, ਅੰਕਲ ਜੀ, ਹਰ ਪਿੰਡ ਵਿੱਚ ਦੋ-ਦੋ, ਤਿੰਨ-ਤਿੰਨ ਢਾਬੇ ਖੋਲ੍ਹ ਦਿਉ ਤਾਂ ਵਧੀਆ ਰਹੇਗਾ। ਉਨ੍ਹਾਂ ਕਿਹਾ, ਇਹ ਕੀ ਗੱਲ? ਬਸ! ਲੋਕ ਮੁਫਤ ਇਨ੍ਹਾਂ ਢਾਬਿਆਂ 'ਤੇ ਸਵੇਰ-ਸ਼ਾਮ ਰੋਟੀ ਖਾਣ, ਤੇ ਮੌਜਾਂ ਕਰਨ। ਆਟਾ-ਦਾਲ ਵੰਡਣ ਦੀ ਲੋੜ ਹੀ ਨਾ ਰਹੇ। ਲੇਖਕ ਨੇ ਬੇਬਾਕ ਕਿਹਾ। ਇਹ ਗੱਲ ਸੰਨ 2007 ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਮੁੜ ਸੱਤਾ ਵਿੱਚ ਆਉਣ ਵੇਲੇ ਦੀ ਹੈ। ਸ. ਬਾਦਲ ਆਪਣੇ ਸੁਭਾਅ ਮੁਤਾਬਿਕ ਚੁੱਪ ਰਹੇ ਪਰ ਲੇਖਕ ਨੇ 10-12 ਸਾਲ ਪੰਜਾਬ ਸੰਤਾਪ ਦੀ ਮਾਰ ਬਾਅਦ 1997-2002 ਅਕਾਲੀ-ਭਾਜਪਾ ਸ਼ਾਸਨ ਅਤੇ ਤੱਤਕਾਲੀ ਸ਼ਾਸਨ ਵੇਲੇ 'ਕਿਰਤ ਸੱਭਿਆਚਾਰ' ਦੀ ਮੁੜ ਸੁਰਜੀਤੀ ਵੇਲੇ ਢੁਕਵੇਂ ਕਦਮ ਨਾ ਚੁੱਕਣ ਦੀ ਵਿਚਾਰ ਜ਼ਰੂਰ ਸੰਖੇਪ ਵਿੱਚ ਉਨ੍ਹਾਂ ਅੱਗੇ ਰੱਖੀ। ਸੁਖਬੀਰ ਸਿੰਘ ਬਾਦਲ ਵੱਲੋਂ ਸ਼ਾਸਨ-ਪ੍ਰਸ਼ਾਸਨ 'ਤੇ ਕਾਬਜ਼ ਹੋਣ ਬਾਅਦ ਤਾਂ ਇਸ 'ਕਿਰਤ ਸੱਭਿਆਚਾਰ' ਦੇ ਵਿਚਾਰ ਦਾ ਵੀ ਭੋਗ ਪੈ ਗਿਆ, ਅਮਲ ਤਾਂ ਕਿਸ ਨੇ ਕਰਨਾ ਸੀ।

ਸਭ ਜਾਣਦੇ ਹਨ ਕਿਵੇਂ ਇਸ ਪੰਜਾਬ ਵਿੱਚ ਸਦੀਆਂ ਤੋਂ ਕਿਸਾਨ, ਕਿਰਤੀ, ਕਾਮੇ, ਦਸਤਕਾਰ, ਸ਼ਿਲਪੀ ਸੇਪੀ ਸਿਸਟਮ ਨਾਲ ਪੇਂਡੂ ਅਰਥਚਾਰਾ ਆਤਮ ਨਿਰਭਰ ਬਣਾਈ ਰੱਖਦੇ ਰਹੇ ਸਨ। ਖੇਤੀ, ਪਸ਼ੂਆਂ ਦੀ ਸੰਭਾਲ, ਗੋਹਾ-ਕੂੜਾ, ਕੱਤਣਾ-ਪਰੋਣਾ, ਸੀਊਣਾ, ਦਰੀਆਂ, ਖੇਸ, ਰਜਾਈਆਂ, ਕਢਾਈਆਂ, ਸੰਦਾਂ ਦੀ ਸੰਭਾਲ, ਘਰਾਂ ਦੀ ਉਸਾਰੀ, ਭਾਂਡੇ-ਬਰਤਨ, ਜੁੱਤੇ, ਰੰਗਾਈ, ਦਵਾ-ਬੂਟੀ (ਵੈਦ), ਵਿਆਹ-ਸ਼ਾਦੀਆਂ, ਸਦਾਚਾਰ, ਮੰਦਰ, ਮਸਜਿਦਾਂ, ਗੁਰਦੁਆਰਿਆਂ ਦੀ ਸਾਂਭ-ਸੰਭਾਲ, ਅੰਤਰ-ਜਾਤੀ, ਅੰਤਰ-ਧਰਮੀ ਆਦਿ ਸਭ ਮਿਲ ਕੇ ਅਧਿਆਤਮਿਕ ਅਤੇ ਕਿਰਤ ਸੱਭਿਆਚਾਰ ਨੂੰ ਸੰਜੋਅ ਕੇ ਰੱਖਦੇ। ਲੇਕਿਨ ਪੰਜਾਬ ਅੰਦਰ ਸੱਤਾ ਸ਼ਕਤੀ ਦੀ ਭੁੱਖ ਨੇ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਨੇ ਇਹ ਪਵਿੱਤਰ ਆਪਸੀ ਭਾਈਚਾਰਕ ਸਾਂਝ ਭਰੇ 'ਅਧਿਆਤਮਿਕ ਸੱਭਿਆਚਾਰ' ਅਤੇ ਆਰਥਿਕ ਨਿਰਭਰਤਾ ਭਰੇ 'ਕਿਰਤ ਸੱਭਿਆਚਾਰ' ਦੇ ਮਾਅਨੇ ਹੀ ਭੁਲਾ ਸੁੱਟੇ।

ਗੁਰੂ ਸਾਹਿਬ ਨੇ ਬੜੇ ਸਰਲ ਅਤੇ ਖ਼ੂਬਸੂਰਤ ਢੰਗ ਨਾਲ ਸਮਝਾਇਆ, ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ ਪਰ ਜਦੋਂ ਤੁਸੀਂ ਕਿਰਤ ਕਰਨੀ ਵਿਸਾਰ ਦਿੱਤੀ, ਗੁਰੂਤਾ ਮਾਰਗ ਤਾਂ ਭੁੱਲਣਾ ਹੀ ਭੁੱਲਣਾ ਸੀ। ਕਿਰਤ ਦੀ ਥਾਂ ਭ੍ਰਿਸ਼ਟਾਚਾਰ, ਚੋਰੀ, ਠੱਗੀ, ਦਗਾਬਾਜ਼ੀ, ਨਸ਼ੀਲੇ ਪਦਾਰਥਾਂ ਦੀ ਵਿੱਕਰੀ ਨੇ ਲੈ ਲਈ। ਅਕਾਲੀ ਦਲ ਦੇ ਮੰਤਰੀ ਉੱਤੇ ਨਸ਼ਾ ਵਿੱਕਰੀ ਦਾ ਦੋਸ਼ ਲੱਗਣਾ ਅਤੇ ਫਿਰ ਕੇਸ ਦਰਜ ਹੋਣਾ, ਇਸਦੇ ਸ਼ਾਨਮੱਤੇ ਪਿਛੋਕੜ, ਕਿਰਦਾਰ ਅਤੇ ਪੰਥਕ ਸੱਭਿਆਚਾਰ ਨੂੰ ਕਲੰਕਿਤ ਕੀਤਾ ਜਾਣਾ ਸੀ।

ਸੰਨ 1980 ਦਹਾਕੇ ਦੇ ਸ਼ੁਰੂ ਵਿੱਚ ਜੋ ਪੰਜਾਬ ਦੇਸ਼ ਦਾ ਪ੍ਰਤੀ ਜੀਅ ਆਮਦਨ ਪੱਖੋਂ ਨੰਬਰ ਇੱਕ ਅਤੇ ਕਰਜ਼ ਰਹਿਤ ਬੱਜਟ ਵਾਲਾ ਸੂਬਾ ਸੀ। ਪੰਜਾਬ ਸੰਤਾਪ ਦੌਰਾਨ ਕੇਂਦਰੀ ਬਲਾਂ ਦੀ ਤਾਇਨਾਤੀ ਵਿੱਚ ਪਿੱਸਦਾ ਸੰਨ 1997 ਵਿੱਚ 5700 ਕਰੋੜ ਦਾ ਕਰਜ਼ਾਈ ਹੋ ਗਿਆ। ਇਹ ਕਰਜ਼ਾ ਬਗੈਰ ਕਿਸੇ ਕੇਂਦਰੀ ਅਤੇ ਬਾਹਰੀ ਮਦਦ ਦੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰਾਂ ਪੰਜਾਬ ਦੀ ਸੋਨੇ ਵਰਗੀ ਧੰਨ-ਸੰਪਦਾ ਦਰਿਆਈ ਰੇਤ-ਬੱਜਰੀ ਦੀ ਵਿਕਰੀ ਨਾਲ ਨਾ ਸਿਰਫ ਉਤਾਰਿਆ ਜਾ ਸਕਦੀ ਸੀ ਬਲਕਿ ਇੱਕ ਨਵੇਂ ਕੱਪੜਾ, ਹੌਜ਼ਰੀ, ਤਕਨੀਕੀ, ਫੂਡ ਪ੍ਰਾਸੈਸਿੰਗ ਸਨਅਤੀਕਰਨ ਚੇਨ ਰਾਹੀਂ ਪੰਜਾਬ ਦੀ ਉਸਾਰੀ ਕਰ ਸਕਦੀਆਂ ਸਨ। ਅਕਾਲੀ ਦਲ ਜਿਹੀ ਤਾਕਤਵਰ ਅਤੇ ਦੇਸ਼ ਵਿੱਚ ਸਭ ਤੋਂ ਪੁਰਾਣੀ ਇਲਾਕਾਈ ਪਾਰਟੀ, ਜਿਸ ਨੇ ਦੇਸ਼ ਅਜ਼ਾਦੀ, ਬਾਅਦ ਵਿੱਚ ਫੈਡਰਲਿਜ਼ਮ ਦੀ ਰਾਖੀ, ਲੋਕਸ਼ਾਹੀ ਵਿਰੋਧੀ ਐਮਰਜੈਂਸੀ ਵਿਰੁੱਧ ਕੁਰਬਾਨੀਆਂ ਅਤੇ ਮੋਰਚਿਆਂ ਰਾਹੀਂ ਵੱਡਾ ਨਾਮਣਾ ਖੱਟਿਆ, ਸੱਤਾ ਪ੍ਰਾਪਤੀ ਬਾਅਦ ਇਸਦੇ ਵਰਕਰਾਂ, ਆਗੂਆਂ, ਮੰਤਰੀਆਂ ਨੇ ਕੁਝ ਨਿਗੂਣੇ ਛਿੱਲੜਾਂ ਖਾਤਰ ਰੇਤ-ਬਜਰੀ, ਨਸ਼ੀਲੇ ਪਦਾਰਥਾਂ, ਸ਼ਰਾਬ, ਟਰਾਂਸਪੋਰਟ, ਕੇਬਲ, ਜ਼ਮੀਨੀ ਕਬਜ਼ੇ, ਵਪਾਰਾਂ ਕਰਕੇ ਪਾਰਟੀ ਅਤੇ ਕਿਰਤ ਸੱਭਿਆਚਾਰ ਗਾਲ਼ ਕੇ ਰੱਖ ਦਿੱਤੇ। ਇਹ ਪਾਰਟੀ ਇੰਨੀਆਂ ਨਿਵਾਣਾਂ ਵਿੱਚ ਗਰਕ ਹੋ ਗਈ ਕਿ ਪੰਥ, ਪੰਜਾਬ ਅਤੇ ਪੰਜਾਬੀਆਂ ਦੀ ਰਾਖੀ ਤਾਂ ਦੂਰ, ਇਹ 'ਗੁਰੂ' ਦੀ ਰਾਖੀ ਨਾ ਕਰ ਸਕੀ। ਸਿੱਖਾਂ ਦੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਸਥਾਵਾਂ ਉੱਤੇ ਕਾਬਜ਼ ਹੋ ਕੇ ਪੰਥਕ ਆਨ, ਬਾਨ, ਸ਼ਾਨ ਨੂੰ ਘੱਟੇ ਕੌਡੀ ਰੋਲਿਆ। ਕੀ ਸ਼ਰਮਨਾਕ ਲੀਡਰਸ਼ਿਪ ਪਤਨ ਰਾਜਨੀਤਕ ਸੱਭਿਆਚਾਰ ਹੈ? ਜਿਸ ਅਕਾਲੀ ਦਲ ਦੇ ਪ੍ਰਧਾਨ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਊਧਮ ਸਿੰਘ ਨਾਗੋਕੇ, ਮੋਹਨ ਸਿੰਘ ਤੁੜ ਆਦਿ ਵਰਗੇ ਜਾਂਬਾਜ਼ ਪੰਥਕ ਆਗੂ ਸਨ ਅੱਜ ਬੰਟੀ, ਸ਼ੰਟੀ, ਖੰਨਾ, ਬਰਕੰਦੀ ਨਾਲ ਘਿਰਿਆ ਅਜੋਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਿਧਰੇ ਪੰਥਕ ਜਾਂਬਾਜ਼ ਆਗੂ ਨਹੀਂ ਲਗਦਾ। ਅਕਾਲੀ ਦਲ ਦਾ ਫਲਸਫਾ ਅਤੇ ਹੇਠਲਾ ਕਾਡਰ ਜ਼ਿੰਦਾ ਹੈ, ਲੋੜ ਜਾਂਬਾਜ਼, ਗਤੀਸ਼ੀਲ, ਕਿਰਤ ਸੱਭਿਆਚਾਰ ਤੇ ਪੰਥਕ ਫਲਸਫੇ ਨੂੰ ਸਮਰਪਿਤ, ਕੁਰਬਾਨੀਆਂ ਲਈ ਤਤਪਰ ਨਿਰਛਲ, ਇਮਾਨਦਾਰ ਅਤੇ ਜਵਾਬਦੇਹ ਲੀਡਰਸ਼ਿਪ ਦੀ ਹੈ, ਜੋ ਇਸ ਨੂੰ ਮੁੜ ਸੁਰਜੀਤ ਕਰ ਸਕੇ।

# ਪੰਜਾਬ ਦੀ ਆਰਥਿਕਤਾ ਦੀ ਬਹਾਲੀ ਅਤੇ ਸੁਰਜੀਤੀ ਸੂਬੇ ਤੇ ਕੇਂਦਰ ਦੇ ਹਿਤ 'ਚ



ਡਾ. ਕੇਸਰ ਸਿੰਘ ਭੰਗੂ

ਲਗਭੱਗ 1997 ਤੋਂ ਬਾਅਦ ਬਨਣ ਵਾਲੀਆਂ ਸਾਰੀਆਂ ਹੀ ਸੂਬਾ ਸਰਕਾਰਾਂ ਦੀਆਂ ਨੀਤੀਆਂ ਸੂਬੇ ਨੂੰ ਨਾ ਕੇਵਲ ਆਰਥਿਕ ਨਿਘਾਰ ਵੱਲ ਲੈ ਗਈਆਂ ਸਗੋਂ ਬਹੁਤ ਸਾਰੇ ਹੋਰ ਖੇਤਰਾਂ ਵਿੱਚ ਵੀ ਇਹ ਦੂਜਿਆਂ ਸੂਬਿਆਂ ਤੋਂ ਪਛੜ ਗਿਆ। ਨਤੀਜੇ ਵਜੋਂ ਪੰਜਾਬ ਅੱਜ ਕੱਲ੍ਹ ਬਹੁਪਰਤੀ ਸੰਕਟਾਂ ਵਿੱਚ ਘਿਰਿਆ ਹੋਇਆ ਹੈ; ਜਿਵੇਂ ਖੇਤੀ ਸੰਕਟ, ਨਿਵੇਸ਼ ਦਾ ਸੰਕਟ, ਪੇਂਡੂ ਖੇਤਰਾਂ ਦਾ ਸੰਕਟ, ਆਰਥਿਕ ਸੰਕਟ ਆਦਿ। ਪੰਜਾਬ ਸਾਹਮਣੇ ਭਾਵੇਂ ਬਹੁਤ ਸਾਰੇ ਮਸਲੇ ਅਤੇ ਚੁਣੌਤੀਆਂ ਹਨ ਪਰ ਅਸੀਂ ਖੇਤੀ ਸੰਕਟ, ਨਿਵੇਸ਼ ਦੀ ਘਾਟ, ਕਰਜ਼ੇ ਦੀ ਭਾਰੀ ਪੰਡ, ਸਿਹਤ ਤੇ ਸਿੱਖਿਆ ਅਤੇ ਆਰਥਿਕਤਾ ਦੀ ਸੁਰਜੀਤੀ ਬਾਰੇ ਪੁਣਛਾਣ ਕਰਾਂਗੇ।

ਖੇਤੀ ਸੰਕਟ: ਮਾਹਿਰਾਂ ਨੇ ਸੂਬੇ ਦੇ ਖੇਤੀ ਸੰਕਟ ਨੂੰ 1980ਵਿਆਂ ਵਿੱਚ ਭਾਂਪ ਲਿਆ ਸੀ। ਉਸ ਸਮੇਂ ਮੁੱਖ ਫ਼ਸਲਾਂ ਦੀ ਉਤਪਾਦਕਤਾ ਵਿੱਚ ਖੜੋਤ ਆਉਣੀ ਸ਼ੁਰੂ ਹੋ ਗਈ ਸੀ। ਖੇਤੀ ਦੇ ਸੰਕਟ ਦੇ ਮੁੱਖ ਕਾਰਨਾਂ ਵਿੱਚ ਖੇਤੀਬਾੜੀ ਨੀਤੀ ਦੀ ਅਣਹੋਂਦ ਕਾਰਨ ਲੋੜ ਤੇ ਸਮੇਂ ਮੁਤਾਬਿਕ ਤਬਦੀਲੀਆਂ ਨਾ ਕਰਨਾ, ਖੇਤੀਬਾੜੀ ਖੇਤਰ ਵਿੱਚ ਸਰਕਾਰੀ ਨਿਵੇਸ਼ ਦਾ ਹੱਦੋਂ ਵੱਧ ਘਟਣਾ, ਖੇਤੀ ਉਤਪਾਦਕਤਾ ਵਿੱਚ ਖੜੋਤ, ਖੇਤੀ ਲਾਗਤਾਂ ਦਾ ਵਧਣਾ, ਕੁਦਰਤੀ ਤੇ ਹੋਰ ਕਾਰਨਾਂ ਕਰ ਕੇ ਫ਼ਸਲਾਂ ਦਾ ਲਗਾਤਾਰ ਮਾਰੇ ਜਾਣਾ ਤੇ ਹੋਏ ਨੁਕਸਾਨ ਦੀ ਭਰਪਾਈ ਨਾ ਹੋਣਾ, ਉੱਚੀਆਂ ਲਾਗਤਾਂ ਤੇ ਫ਼ਸਲਾਂ ਦੇ ਨਿਗੂਣੇ ਭਾਅ ਕਾਰਨ ਕਿਸਾਨਾਂ ਦੀ ਖੇਤੀ ਤੋਂ ਆਮਦਨ ਦਾ ਘੱਟ ਹੋਣਾ, ਖੇਤੀਬਾੜੀ ਦੇ ਕੰਮਾਂ ਦਾ ਲੋੜੋਂ ਵੱਧ ਮਸ਼ੀਨੀਕਰਨ ਤੇ ਖੇਤੀਬਾੜੀ ਦੇ ਸੰਦਾਂ ਦੀ ਸਮਰੱਥਾ ਤੋਂ ਘੱਟ ਵਰਤੋਂ, ਮੰਡੀਕਰਨ ਦੀਆਂ ਸਮੱਸਿਆਵਾਂ ਆਦਿ ਹਨ। ਨਾਲ ਹੀ 1990ਵਿਆਂ ਦੇ ਸ਼ੁਰੂ ਵਿੱਚ ਮੁਲਕ ਵਿਚ ਕੌਮਾਂਤਰੀ ਸੰਸਥਾਵਾਂ- ਵਿਸ਼ਵ ਵਪਾਰ ਸੰਗਠਨ ਤੇ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਨਾਲ ਸੂਬੇ ਦੀ ਖੇਤੀ ਦਾ ਸੰਕਟ ਹੋਰ ਗਹਿਰਾ ਹੋ ਗਿਆ। ਨਤੀਜੇ ਵਜੋਂ ਪੰਜਾਬ ਦੀ ਕਿਸਾਨੀ ਖ਼ਾਸ ਕਰ ਕੇ ਸੀਮਾਂਤ ਤੇ ਛੋਟੀ ਕਿਸਾਨੀ ਘੋਰ ਆਰਥਿਕ ਸੰਕਟ ਵਿੱਚ ਧਸ ਗਈ। ਇਸ ਦੇ ਨਾਲ ਹੀ ਪਿਛਲੇ ਸਮੇਂ ਦੌਰਾਨ ਸਿਆਸੀ ਲੀਡਰਾਂ ਅਤੇ ਕਿਸਾਨੀ ਦੇ ਹਿੱਤਾਂ ਵਿਚ ਵਖਰੇਵੇਂ ਤੇ ਟਕਰਾਓ ਵੀ ਦੇਖਣ ਨੂੰ ਮਿਲਿਆ ਹੈ। ਇਸ ਦਾ ਮੁੱਖ ਕਾਰਨ ਸਿਆਸੀ ਲੀਡਰ ਜੋ ਕਿਸਾਨਾਂ ਦੇ ਲੀਡਰ ਵੀ ਹੁੰਦੇ ਸਨ, ਦੀ ਆਮਦਨ ਦੇ ਸਾਧਨ ਅਤੇ ਵਸੀਲੇ ਖੇਤੀ ਤੋਂ ਬਦਲ ਕੇ ਵਪਾਰਕ ਤੇ ਕਾਰਪੋਰੇਟ ਕਾਰੋਬਾਰ ਵਾਲੇ ਹੋ ਗਏ। ਹੁਣ ਸਿਆਸੀ ਲੀਡਰਾਂ ਅਤੇ ਪਾਰਟੀਆਂ ਲਈ ਖੇਤੀ ਤੇ ਕਿਸਾਨੀ ਮੁੱਦੇ ਮਹੱਤਵਪੂਰਨ ਨਹੀਂ ਰਹੇ; ਹੁਣ ਤਾਂ ਬਸ ਚੋਣਾਂ ਵੇਲੇ ਉਹ ਕਿਸਾਨਾਂ ਨੂੰ ਭਰਮਾਉਣ ਲਈ ਖੇਤੀ ਤੇ ਕਿਸਾਨੀ ਮੁੱਦਿਆਂ ਦੀ ਗੱਲ ਤਾਂ ਕਰਦੇ ਪਰ ਚੋਣਾਂ ਜਿੱਤਣ ਤੋਂ ਬਾਅਦ ਇਨ੍ਹਾਂ ਮੁੱਦਿਆਂ ਨੂੰ ਵਿਸਾਰ ਦਿੰਦੇ। ਨਤੀਜੇ ਵਜੋਂ ਸੀਮਾਂਤ ਤੇ ਛੋਟੀ ਕਿਸਾਨੀ ਖੁਦਕੁਸ਼ੀਆਂ ਦੇ ਰਾਹ ਪਈ ਹੋਈ ਹੈ।ਅੰਕੜੇ ਦੱਸਦੇ ਹਨ ਕਿ ਮੁਲਕ ਵਿੱਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ ਵਿੱਚ ਵਾਧਾ ਹੋਇਆ ਹੈ। ਸਪੱਸ਼ਟ ਹੈ ਕਿ ਪੰਜਾਬ ਦੀ ਖੇਤੀ ਘੋਰ ਸੰਕਟ ਦਾ ਸਾਹਮਣਾ ਕਰ ਰਹੀ ਹੈ; ਖਾਸ ਕਰ ਕੇ ਸੀਮਾਂਤ, ਛੋਟੀ ਕਿਸਾਨੀ ਤੇ ਖੇਤ ਮਜ਼ਦੂਰਾਂ ਦਾ ਇਸ ਨੇ ਹਰ ਲਿਹਾਜ਼ ਨਾਲ ਘਾਣ ਕੀਤਾ ਹੈ। ਪੇਂਡੂ ਖੇਤਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਸ ਲਈ ਸਮਾਂ ਮੰਗ ਕਰਦਾ ਹੈ ਕਿ ਸਾਰੀਆਂ ਸਬੰਧਿਤ ਧਿਰਾਂ ਸੰਜੀਦਗੀ ਨਾਲ ਮਿਲ ਬੈਠ ਕੇ ਪੰਜਾਬ ਲਈ ਲੰਮੇ ਸਮੇਂ ਤੱਕ ਸਥਿਰਤਾ ਵਾਲੀ ਅਤੇ ਟਿਕਾਊ ਖੇਤੀਬਾੜੀ ਨੀਤੀ ਬਣਾਉਣ ਤਾਂ ਕਿ ਸੂਬੇ ਦੇ ਖੇਤੀ ਸੈਕਟਰ ਨੂੰ ਸੰਕਟ ਵਿਚੋਂ ਕੱਢਣ ਅਤੇ ਕਿਸਾਨੀ ਤੇ ਖੇਤ ਮਜ਼ਦੂਰਾਂ ਦੀ ਆਰਥਿਕਤਾ ਨੂੰ ਸੁਰਜੀਤ ਕੀਤਾ ਜਾ ਸਕੇ, ਉਨ੍ਹਾਂ ਨੂੰ ਖੁਦਕੁਸ਼ੀਆਂ ਕਰਨ ਤੋਂ ਰੋਕਿਆ ਜਾ ਸਕੇ।

ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਬੁਨਿਆਦੀ ਢਾਂਚੇ ਵਿੱਚ ਪੂੰਜੀ ਨਿਰਮਾਣ ਲਈ ਨਿਵੇਸ਼ ਦੀ ਅਤਿਅੰਤ ਘਾਟ ਝੱਲ ਰਿਹਾ ਹੈ। ਘਰੇਲੂ ਉਤਪਾਦ ਦਾ ਅਨੁਪਾਤ 20 ਪ੍ਰਤੀਸ਼ਤ ਤੋਂ ਘੱਟ ਹੈ ਜੋ ਮੁਲਕ ਦੇ ਮੁੱਖ ਸੂਬਿਆਂ ਮੁਕਾਬਲੇ ਸਭ ਤੋਂ ਘੱਟ ਹੈ ਅਤੇ ਕੌਮੀ ਅਨੁਪਾਤ ਤੋਂ ਲਗਭੱਗ 15 ਪ੍ਰਤੀਸ਼ਤ ਘੱਟ ਹੈ। ਪੰਜਾਬ ਨੂੰ ਭਾਰਤ ਦੇ ਪੱਧਰ ਦਾ ਪੂੰਜੀ ਨਿਰਮਾਣ ਕਰਨ ਲਈ ਸਾਲਾਨਾ 10000 ਕਰੋੜ ਰੁਪਏ ਤੋਂ ਵਧੇਰੇ ਦੇ ਵਾਧੂ ਨਿਵੇਸ਼ ਦੀ ਜ਼ਰੂਰਤ ਹੈ। ਇਹੀ ਨਹੀਂ, ਪੰਜਾਬ ਦੇ ਖੇਤੀ ਖੇਤਰ ਵਿੱਚ ਵੀ ਪੂੰਜੀ ਨਿਵੇਸ਼ ਦੀ ਮਾਤਰਾ ਜੋ ਨਿਵੇਸ਼- ਘਰੇਲੂ ਖੇਤੀ ਉਤਪਾਦ ਦੀ ਅਨੁਪਾਤ ਹੈ, ਲਗਾਤਾਰ ਘਟ ਰਹੀ ਹੈ; ਇਹ ਘਟ ਕੇ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ 8-9 ਪ੍ਰਤੀਸ਼ਤ 'ਤੇ ਪਹੁੰਚ ਗਈ ਹੈ। ਅਜਿਹਾ ਸੂਬਾ ਸਰਕਾਰ ਦੀ ਆਰਥਿਕ ਪ੍ਰਸ਼ਾਸਨ ਨੂੰ ਅਣਗੌਲਿਆ ਕਰਨ ਅਤੇ ਰਾਜਕੋਸ਼ੀ ਨੀਤੀ ਦੀ ਅਸਫਲਤਾ ਕਾਰਨ ਹੋਇਆ ਹੈ। ਜੇ ਪੰਜਾਬ ਆਪਣਾ ਆਰਥਿਕ ਮਾਣ-ਸਨਮਾਨ ਫਿਰ ਤੋਂ ਹਾਸਿਲ ਕਰਨਾ ਚਾਹੁੰਦਾ ਹੈ ਤਾਂ ਤੁਰੰਤ ਹੀ ਰਾਜਕੋਸ਼ੀ ਨੀਤੀ ਵਿਚ ਲੋੜੀਂਦੇ ਸੁਧਾਰ ਕਰਨੇ ਚਾਹੀਦੇ ਹਨ। ਇਸ ਲਈ ਪੰਜਾਬ ਸਰਕਾਰ ਨੂੰ ਟੈਕਸ-ਘਰੇਲੂ ਉਤਪਾਦ ਦੇ ਅਨੁਪਾਤ ਨੂੰ ਮੌਜੂਦਾ 7-8 ਪਤੀਸ਼ਤ ਦਰ ਤੋਂ ਵਧਾ ਕੇ 12-13 ਪ੍ਰਤੀਸ਼ਤ ਕਰਨਾ ਚਾਹੀਦਾ ਹੈ। ਅਜਿਹਾ ਕਰਾਂ ਦੀ ਵਸੂਲੀ ਵਧਾ ਕੇ, ਕਰਾਂ ਦੀ ਚੋਰੀ ਖਤਮ ਕਰ ਕੇ ਅਤੇ ਨਵੇਂ ਕਰ ਲਗਾ ਕੇ ਸੰਭਵ ਹੈ। ਸਰਕਾਰ ਨੂੰ ਤੁਰੰਤ ਹੀ ਸਾਰੀਆਂ ਸਬਸਿਡੀਆਂ ਨੂੰ ਸਮਾਜਿਕ ਨਿਆਂ ਦੇ ਸਿਧਾਂਤ ਅਨੁਸਾਰ ਤਰਕਸੰਗਤ ਬਣਾਉਣਾ ਚਾਹੀਦਾ ਹੈ ਅਤੇ ਹਰ ਇੱਕ ਨੂੰ ਸਬਸਿਡੀ ਦੇਣ ਵਾਲੀ ਪਹੁੰਚ ਨੂੰ ਤੁਰੰਤ ਤਿਆਗਣਾ ਚਾਹੀਦਾ ਹੈ। ਸਬਸਿਡੀਆਂ ਨੂੰ ਸੀਮਤ ਸਮੇਂ ਲਈ ਸਮਾਜ ਦੇ ਦੱਬੇ ਕੁਚਲੇ ਅਤੇ ਕਮਜ਼ੋਰ ਤਬਕਿਆਂ ਦੀ ਸਮਰੱਥਾ ਵਧਾਉਣ ਲਈ ਹੀ ਵਰਤਣਾ ਚਾਹੀਦਾ ਹੈ। ਇਉਂ ਸੂਬੇ ਦੀ ਤੇਜ਼ ਆਰਥਿਕ ਤਰੱਕੀ ਲਈ ਲੋੜੀਂਦੇ ਫੰਡ ਵੀ ਮੁਹੱਈਆ ਕਰਵਾਏ ਜਾ ਸਕਦੇ ਹਨ।

ਕਰਜ਼ੇ ਦਾ ਸੰਕਟ: ਸਭ ਤੋਂ ਵੱਡਾ ਸੰਕਟ ਅਤੇ ਮਸਲਾ ਸੂਬੇ ਸਿਰ ਚੜ੍ਹੇ ਮਣਾਂ ਮੂੰਹੀਂ ਕਰਜ਼ੇ ਦਾ ਹੈ। ਮਾਰਚ 2023 ਦੇ ਅੰਤ ਵਿੱਚ ਸੂਬੇ ਸਿਰ ਕਰਜ਼ਾ 3.13 ਲੱਖ ਕਰੋੜ ਰੁਪਏ ਹੋ ਗਿਆ। ਅੰਦਾਜਿ ?ਆਂ ਮੁਤਾਬਕ 2023-24 ਦੇ ਅੰਤ ਤਕ ਇਹ ਹੋਰ ਵਧ ਜਾਵੇਗਾ। ਕਿਸੇ ਵੀ ਹਾਲਤ ਵਿੱਚ ਸੂਬੇ ਸਿਰ ਕਰਜ਼ਾ ਉਸ ਦੇ ਕੁੱਲ ਘਰੇਲੂ ਪੈਦਾਵਾਰ ਦੇ 40 ਪ੍ਰਤੀਸ਼ਤ ਤੋਂ ਨਹੀਂ ਵਧਣਾ ਚਾਹੀਦਾ ਪਰ ਪੰਜਾਬ ਸਿਰ ਇਸ ਵਕਤ ਕੁੱਲ ਕਰਜ਼ਾ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਅਨੁਪਾਤ 50 ਪ੍ਰਤੀਸ਼ਤ ਦੇ ਨਜ਼ਦੀਕ ਪਹੁੰਚ ਰਿਹਾ ਹੈ। ਇੱਥੇ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਸਰਕਾਰ ਨੂੰ ਸ਼ੁੱਧ ਕਰਜ਼ੇ ਦੇ ਰੂਪ ਵਿਚ ਲਏ ਕੁੱਲ ਕਰਜ਼ੇ ਦਾ ਸਿਰਫ਼ 7.8 ਫ਼ੀਸਦੀ ਹੀ ਮਿਲਦਾ ਹੈ; ਬਾਕੀ 92.2 ਫ਼ੀਸਦੀ ਪਿਛਲਾ ਕਰਜ਼ਾ ਉਤਾਰਨ ਲਈ ਖ਼ਰਚਿਆ ਜਾਂਦਾ ਹੈ। ਇਸ ਨੂੰ ਕਰਜ਼ੇ ਦਾ ਚੱਕਰਵਿਊ ਕਹਿੰਦੇ ਹਨ।

ਸਿਹਤ, ਸਿੱਖਿਆ ਤੇ ਪੇਂਡੂ ਖੇਤਰ: ਹੁਣ ਸਿੱਖਿਆ ਤੇ ਸਿਹਤ ਉੱਤੇ ਨਿਵੇਸ਼ ਦੀ ਘਾਟ ਵੱਲ ਨਿਗਾਹ ਮਾਰੀਏ। ਇਹ ਆਪਣੇ ਖ਼ਰਚ ਦਾ 11-12% ਸਿੱਖਿਆ 'ਤੇ ਖ਼ਰਚਣ ਲਈ ਰੱਖਦਾ ਹੈ; ਸਾਰੇ ਸੂਬਿਆਂ ਦੀ ਔਸਤ 15-16% ਹੈ। ਇਸੇ ਤਰ੍ਹਾਂ ਪੰਜਾਬ ਸਿਹਤ ਦੇ ਖੇਤਰ ਲਈ 4% ਖਰਚਦਾ ਹੈ; ਮੁਲਕ ਦੀ ਔਸਤ 5.5% ਹੈ। ਪੇਂਡੂ ਖੇਤਰਾਂ ਦੇ ਵਿਕਾਸ ਲਈ 2-3% ਹਿੱਸਾ ਰੱਖਿਆ ਜਾਂਦਾ ਹੈ; ਮੁਲਕ ਦੀ ਔਸਤ 6-7% ਹੈ। ਸੜਕਾਂ ਤੇ ਪੁਲਾਂ ਦੇ ਨਿਰਮਾਣ ਲਈ 1-2% ਹੈ; ਮੁਲਕ ਦੀ ਔਸਤ 4-5% ਹੈ। ਦੱਸਣਾ ਜ਼ਰੂਰੀ ਹੈ ਕਿ ਇਹ ਰਕਮ ਖਰਚਣ ਲਈ ਰੱਖੀ ਜਾਂਦੀ ਹੈ; ਹਕੀਕਤ ਵਿੱਚ ਖਰਚ ਲਈ ਰੱਖੀ ਰਕਮ ਤੋਂ ਖਰਚ ਘੱਟ ਹੀ ਹੁੰਦਾ ਹੈ। ਅੰਕੜੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਵਿੱਚ ਸਿੱਖਿਆ, ਸਿਹਤ ਸੰਭਾਲ, ਪੇਂਡੂ ਖੇਤਰਾਂ ਦੇ ਵਿਕਾਸ ਅਤੇ ਸੜਕਾਂ-ਪੁਲਾਂ ਦੇ ਨਿਰਮਾਣ ਵਰਗੇ ਅਹਿਮ ਖੇਤਰਾਂ ਵਿੱਚ ਨਿਵੇਸ਼ ਦੀ ਘਾਟ ਹੈ।

ਆਰਥਿਕਤਾ ਦੀ ਸੁਰਜੀਤੀ: ਸੂਬੇ ਦੀ ਆਰਥਿਕਤਾ ਦੀ ਸੁਰਜੀਤੀ ਦੀ ਪ੍ਰਕਿਰਿਆ ਦੀ ਜ਼ਿੰਮੇਵਾਰੀ ਮੁੱਖ ਤੌਰ 'ਤੇ ਸੂਬਾ ਸਰਕਾਰ ਦੀ ਹੈ ਪਰ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਤੇ ਗਤੀਸ਼ੀਲ ਨੀਤੀਗਤ ਸਾਧਨ ਕੇਂਦਰੀ ਸਰਕਾਰ ਦੇ ਕੰਟਰੋਲ ਵਿਚ ਹਨ। ਉਦਾਰਵਾਦੀ ਨੀਤੀਆਂ ਅਧੀਨ ਕੇਂਦਰੀ ਸਰਕਾਰ ਵਲੋਂ ਕੌਮਾਂਤਰੀ ਖੇਤਰ, ਕੀਮਤਾਂ 'ਤੇ ਕੰਟਰੋਲ ਹਟਾਉਣਾ, ਟੈਕਸਾਂ ਵਿੱਚ ਸੋਧਾਂ ਅਤੇ ਕਈ ਹੋਰ ਫ਼ੈਸਲਿਆਂ ਨੇ ਸੂਬੇ ਦੇ ਆਰਥਿਕ ਵਿਕਾਸ ਨੂੰ ਢਾਹ ਲਗਾਈ ਹੈ। ਕੇਂਦਰੀ ਸਰਕਾਰ ਦੇ ਹੱਥਾਂ ਵਿੱਚ ਅਜਿਹੇ ਨੀਤੀਗਤ ਫ਼ੈਸਲਿਆਂ ਦੀ ਭਰਮਾਰ ਕਾਰਨ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਵਿੱਚ ਵਿੱਤੀ ਪਾੜਾ ਵਧ ਰਿਹਾ ਹੈ। ਇਸ ਲਈ ਮੁਲਕ ਵਿੱਚ ਕੇਂਦਰੀਕਰਨ ਜੋ ਦਿਨ-ਬ-ਦਿਨ ਵਧ ਰਿਹਾ ਹੈ, ਨੂੰ ਤੁਰੰਤ ਰੋਕਣ ਦੀ ਲੋੜ ਹੈ।ਪੰਜਾਬ ਦੀ ਆਰਥਿਕਤਾ ਦੀ ਬਹਾਲੀ ਅਤੇ ਸੁਰਜੀਤੀ ਸੂਬੇ ਤੇ ਕੇਂਦਰ, ਦੋਵਾਂ ਦੇ ਹਿੱਤ ਵਿਚ ਹੈ। ਪੰਜਾਬ ਕੇਂਦਰੀ ਅੰਨ ਭੰਡਾਰ ਵਿੱਚ ਅਹਿਮ ਯੋਗਦਾਨ ਪਾ ਕੇ ਮੁਲਕ ਨੂੰ ਅੰਨ ਸੁਰੱਖਿਆ ਦੇ ਰਿਹਾ ਹੈ। ਮੁਲਕ ਦੀ ਸੁਰੱਖਿਆ ਦੇ ਮੱਦੇਨਜ਼ਰ ਵੀ ਪੰਜਾਬ ਦੀ ਖਾਸ ਭੂਮਿਕਾ ਹੈ। ਪੰਜਾਬ ਦੇ ਆਰਥਿਕ ਸੰਕਟ (ਖੇਤੀ ਸੰਕਟ, ਨਿਵੇਸ਼ ਸੰਕਟ, ਕਰਜ਼ਾ ਸੰਕਟ) ਦੇ ਡੂੰਘੇ ਹੋਣ ਅਤੇ ਲਗਾਤਾਰ ਰਹਿਣ ਨਾਲ ਇਹ ਦੋਵੇਂ ਸੁਰੱਖਿਆਵਾਂ ਖਤਰੇ ਵਿੱਚ ਹਨ। ਪੰਜਾਬ ਦੇ ਸੰਭਾਵੀ ਆਰਥਿਕ ਵਿਕਾਸ ਲਈ ਸੂਬਾ ਅਤੇ ਕੇਂਦਰੀ ਸਰਕਾਰਾਂ ਨੂੰ ਮਿਲ ਕੇ ਇਹ ਔਂਕੜਾਂ ਦੂਰ ਕਰਨੀਆਂ ਚਾਹੀਦੀਆਂ ਹਨ। ਇਹਨਾਂ ਸਰਕਾਰਾਂ ਦੀ ਪਹਿਲਕਦਮੀ ਆਰਥਿਕ ਵਿਕਾਸ ਦੀ ਪ੍ਰਕਿਰਿਆ ਨੂੰ ਲੀਹ 'ਤੇ ਪਾ ਸਕਦੀ ਹੈ।

# ਇਜ਼ਰਾਈਲ ਦੇ ਹਮਲਿਆਂ ਦੌਰਾਨ ਲੋਕਤੰਤਰ ਦਾ ਕਤਲ ਹੈ ਬੇਗੁਨਾਹ ਪੱਤਰਕਾਰਾਂ ਦੀ ਹੱਤਿਆ

ਵੀਨਾ ਗੁਪਤਾ

ਨਿਊਯਾਰਕ ਵਿੱਚ ਮੌਜੂਦ ਗ਼ੈਰ-ਲਾਭਕਾਰੀ ਸੰਸਥਾ, ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਦੇ ਮੁਤਾਬਿਕ ਇਜ਼ਰਾਈਲ ਵੱਲੋਂ ਵੱਡੇ ਪੱਧਰ 'ਤੇ ਹਮਲੇ ਸ਼ੁਰੂ ਕਰਨ ਦੇ ਬਾਅਦ ਤੋਂ 20 ਅਕਤੂਬਰ 2023 ਤੱਕ ਹੀ ਘੱਟ ਤੋਂ ਘੱਟ 22 ਪੱਤਰਕਾਰ ਮਾਰੇ ਜਾ ਚੁੱਕੇ ਸਨ।20 ਅਕਤੂਬਰ ਨੂੰ ਜਾਰੀ ਇੱਕ ਰਿਪੋਰਟ ਵੀਚ, ਸੀ.ਪੀ.ਜੇ. ਨੇ ਕਿਹਾ ਸੀ ਕਿ ਉਹ ਜੰਗ ਵਿੱਚ ਮਾਰੇ ਗਏ, ਜ਼ਖ਼ਮੀ, ਹਿਰਾਸਤ 'ਚ ਲਏ ਗਏ ਜਾਂ ਲਾਪਤਾ, ਸਾਰੇ ਪੱਤਰਕਾਰਾਂ ਬਾਰੇ ਜਾਂਚ ਕਰ ਰਹੀ ਹੈ। ਗਾਜ਼ਾ ਵਿੱਚ ਪੱਤਰਕਾਰਾਂ ਨੂੰ ਹਮੇਸ਼ਾ ਹੀ ਉੱਚ ਜੋਖ਼ਮ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਉਹ ਅਕਸਰ ਇਜ਼ਰਾਈਲੀ ਫ਼ੌਜ ਵੱਲੋਂ ਜ਼ਮੀਨੀ ਹਮਲੇ, ਵਿਨਾਸ਼ਕਾਰੀ ਹਵਾਈ ਹਮਲਿਆਂ, ਪ੍ਰਭਾਵਿਤ ਸੰਚਾਰ ਅਤੇ ਵਿਆਪਕ ਬਿਜਲੀ ਕਟੌਤੀ ਦਾ ਸਾਹਮਣਾ ਕਰਦੇ ਹੋਏ ਸੰਘਰਸ਼ ਨੂੰ ਕਵਰ ਕਰਨ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ। ਬਾਵਜੂਦ ਇਸ ਜੋਖ਼ਮ ਦੇ ਵੀ ਜੇਕਰ ਪੱਤਰਕਾਰ ਪਿੱਛੇ ਨਹੀਂ ਹਟਦੇ ਤਾਂ ਇਹ ਉਨ੍ਹਾਂ ਦੀ ਪੇਸ਼ੇਵਰਾਨਾ ਇਮਾਨਦਾਰੀ ਹੈ। 30 ਅਕਤੂਬਰ ਤੱਕ ਮਾਰੇ ਗਏ 31 ਪੱਤਰਕਾਰਾਂ 'ਚ 26 ਫਲਸਤੀਨੀ, 4 ਇਜ਼ਰਾਈਲੀ ਅਤੇ ਇੱਕ ਲਿਬਨਾਨੀ ਸੀ, ਜਦੋਂ ਕਿ ਅੱਠ ਪੱਤਰਕਾਰ ਜ਼ਖ਼ਮੀ ਸਨ ਅਤੇ 9 ਲਾਪਤਾ ਸਨ ਜਾਂ ਹਿਰਾਸਤ ਵਿੱਚ ਲਏ ਗਏ ਹਨ। ਪੱਤਰਕਾਰ ਪੂਰੀ ਦੁਨੀਆ ਵਿੱਚ ਸੰਕਟ ਦੇ ਸਮੇਂ ਕੰਮ ਕਰਨ ਵਾਲੇ ਸਭ ਤੋਂ ਮਹੱਤਵਪੂਰਨ ਨਾਗਰਿਕ ਹੁੰਦੇ ਹਨ, ਇਸ ਲਈ ਉਨ੍ਹਾਂ ਨੂੰ ਲੜਾਈ ਲੜ ਰਹੀਆਂ ਧਿਰਾਂ ਵੱਲੋਂ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ।ਮੌਜੂਦਾ ਜੰਗ ਨੂੰ ਕਵਰ ਕਰਨ ਲਈ ਗਾਜ਼ਾ ਵਿੱਚ




ਪੱਤਰਕਾਰ ਜਿਸ ਤਰ੍ਹਾਂ ਬਲੀਦਾਨ ਦੇ ਰਹੇ ਹਨ, ਉਵੇਂ ਹੋਰ ਕੋਈ ਨਹੀਂ ਕਰ ਸਕਦਾ, ਇਸ ਲਈ ਸਾਰੀਆਂ ਧਿਰਾਂ ਨੂੰ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਜਦਕਿ ਇਹ ਪਹਿਲਾ ਅਜਿਹਾ ਮੌਕਾ ਹੈ ਜਦੋਂ ਇਸ ਜੰਗ 'ਚ ਪੱਤਰਕਾਰਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ, ਨਾਲ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਜਾ ਰਿਹਾ ਹੈ ਅਤੇ ਡਰਾਇਆ-ਧਮਕਾਇਆ ਜਾ ਰਿਹਾ ਹੈ। ਮਾਰੇ ਗਏ 31 ਪੱਤਰਕਾਰਾਂ ਵਿੱਚ 26 ਦੀ ਮੌਤ ਗਾਜ਼ਾ 'ਚ ਹੋਈ ਹੈ। ਜਦਕਿ 4 ਦੀ ਮੌਤ 'ਚ ਇਜ਼ਰਾਈਲ 'ਚ ਹਮਾਸ ਦੁਆਰਾ ਕੀਤੇ ਗਏ ਹਮਲਿਆਂ 'ਚ ਹੋਈ ਹੈ, ਜਦੋਂ 7 ਅਕਤੂਬਰ 2023 ਨੂੰ ਹਮਾਸ ਨੇ ਇਜ਼ਰਾਈਲ 'ਤੇ ਤਾਬੜਤੋੜ 5000 ਰਾਕਟ ਦਾਗ਼ੇ ਸਨ। ਹਮਾਸ ਦੇ ਇਨ੍ਹਾਂ ਅਚਾਨਕ ਹਮਲਿਆਂ 'ਚ 1400 ਦੇ ਕਰੀਬ ਇਜ਼ਰਾਈਲੀਆਂ ਦੀ ਮੌਤ ਹੋ ਗਈ ਸੀ, ਜਿਸ ਵਿੱਚ ਚਾਰ ਪੱਤਰਕਾਰ ਵੀ ਸ਼ਾਮਿਲ ਸਨ।

ਪ੍ਰਗਟਾਵੇ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਸਾਲ 2022 'ਚ ਵੀ ਪੂਰੀ ਦੁਨੀਆਂ 'ਚ 86 ਪੱਤਰਕਾਰਾਂ ਨੇ ਆਪਣੀ ਜਾਨ ਗਵਾਈ ਸੀ। ਜਦਕਿ 2021 ਵਿੱਚ ਮਰਨ ਵਾਲੇ ਪੱਤਰਕਾਰਾਂ ਦੀ ਗਿਣਤੀ 55 ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਪੱਤਰਕਾਰਾਂ ਲਈ ਜਾਨ ਦਾ ਜੋਖ਼ਮ ਲਗਾਤਾਰ ਵਧ ਰਿਹਾ ਹੈ। ਇਸ ਦੌਰ 'ਚ ਸਿਰਫ਼ ਜੰਗ 'ਚ ਹੀ ਪੱਤਰਕਾਰ ਨਹੀਂ ਮਾਰੇ ਜਾ ਰਹੇ, ਸਗੋਂ ਯੂ.ਐਨ. ਦੀ ਸੱਭਿਆਚਾਰਕ ਸੰਸਥਾ ਯੂਨੈਸਕੋ ਨੇ ਧਿਆਨ ਦਿਵਾਇਆ ਹੈ ਕਿ ਹਾਲ ਦੇ ਸਾਲਾਂ 'ਚ ਮਾਰੇ ਗਏ ਲਗਭਗ ਅੱਧੇ ਪੱਤਰਕਾਰਾਂ ਨੂੰ ਤਾਂ ਉਦੋਂ ਨਿਸ਼ਾਨਾ ਬਣਾਇਆ ਗਿਆ, ਜਦੋਂ ਉਹ ਕੰਮ 'ਤੇ ਨਹੀਂ ਸਨ। ਕੁਝ 'ਤੇ ਯਾਤਰਾ ਦੌਰਾਨ ਜਾਂ ਜਦੋਂ ਉਹ ਪਾਰਕਿੰਗ ਸਥਾਨ 'ਤੇ ਸਨ, ਉਦੋਂ ਹਮਲੇ ਕੀਤੇ ਗਏ। ਕਈ ਮੀਡੀਆ ਕਰਮੀਆਂ ਦੀ ਹੱਤਿਆ ਉਨ੍ਹਾਂ ਦੇ ਘਰਾਂ ਵਿੱਚ ਦਾਖ਼ਲ ਹੋ ਕੇ ਕੀਤੀ ਗਈ। ਇਸ ਲਈ ਯੂਨੈਸਕੋ ਦੀ ਇਹ ਰਿਪੋਰਟ ਚਿਤਾਵਨੀ ਦਿੰਦੇ ਹੋਏ ਕਹਿੰਦੀ ਹੈ ਕਿ ਪੱਤਰਕਾਰਾਂ ਲਈ ਦੁਨੀਆਂ ਵਿੱਚ ਹਰ ਥਾਂ 'ਤੇ ਲਗਾਤਾਰ ਜੋਖ਼ਮ ਵਧ ਰਿਹਾ ਹੈ। ਉਨ੍ਹਾਂ ਦੇ ਸਿਰ 'ਤੇ ਹਮੇਸ਼ਾ ਖ਼ਤਰਾ ਮੰਡਰਾਉਂਦਾ ਰਹਿੰਦਾ ਹੈ। ਪਿਛਲੇ ਪੰਜ ਸਾਲਾਂ 'ਚ ਲਗਾਤਾਰ ਪੱਤਰਕਾਰਾਂ ਦੀਆਂ ਹੈਰਾਨ ਕਰਨ ਵਾਲੀ ਦਰ ਨਾਲ ਹੱਤਿਆਵਾਂ ਵਧ ਰਹੀਆਂ ਹਨ। ਜੇਕਰ 2018 ਤੋਂ 2023 ਦੌਰਾਨ ਪੱਤਰਕਾਰਾਂ ਦੀਆਂ ਹੱਤਿਆਵਾਂ ਵਿੱਚ ਹੋਏ ਵਾਧੇ ਦਾ ਪ੍ਰਤੀਸ਼ਤ ਕੱਢੀਏ ਤਾਂ 86 ਫ਼ੀਸਦੀ ਪੱਤਰਕਾਰਾਂ ਦੀਆਂ ਹੱਤਿਆਵਾਂ ਵਧ ਚੁੱਕੀਆਂ ਹਨ। ਇਹੀ ਨਹੀਂ ਕਈ ਕਾਰਪੋਰੇਟ ਕੰਪਨੀਆਂ ਅਤੇ ਸਰਕਾਰਾਂ ਵੀ ਪੱਤਰਕਾਰਾਂ 'ਤੇ ਵੱਖ-ਵੱਖ ਤਰ੍ਹਾਂ ਨਾਲ ਜਾਨਲੇਵਾ ਦਬਾਅ ਪਾਉਂਦੀਆਂ ਹਨ।

ਹਾਲ ਦੇ ਸਾਲਾਂ 'ਚ ਪੱਤਰਕਾਰਾਂ ਦੇ ਅਗਵਾ ਹੋਣ ਦੀਆਂ ਘਟਨਾਵਾਂ ਵੀ ਬਹੁਤ ਵਧੀਆਂ ਹਨ ਅਤੇ ਉਨ੍ਹਾਂ ਨੂੰ ਝੂਠੇ ਮਾਮਲਿਆਂ ਵਿੱਚ ਫਸਾਏ ਜਾਣ ਦੀਆਂ ਜਾਲਸਾਜ਼ ਘਟਨਾਵਾਂ 'ਚ ਵੀ ਚੰਗਾ ਵਾਧਾ ਹੋਇਆ ਹੈ। ਇਸ ਡਿਜੀਟਲ ਮੀਡੀਆ ਦੇ ਦੌਰ ਵਿੱਚ ਖ਼ਾਸ ਤੌਰ 'ਤੇ ਮਹਿਲਾ ਪੱਤਕਰਾਰਾਂ ਦੀ ਬਲੈਕਮੇਲਿੰਗ 'ਚ ਖ਼ੌਫਨਾਕ ਪੱਧਰ ਤੱਕ ਵਾਧਾ ਹੋਇਆ ਹੈ। ਇਸੇ ਤਰ੍ਹਾਂ ਪੱਤਰਕਾਰਾਂ 'ਤੇ ਮਾਣਹਾਨੀ ਦੇ ਮਾਮਲੇ ਵੀ ਵਧ ਰਹੇ ਹਨ, ਉਨ੍ਹਾਂ ਦੀ ਕਲਮ ਨੂੰ ਦੇਸ਼ ਦੀ ਸੁਰੱਖਿਆ ਅਤੇ ਝੂਠੀਆਂ ਖ਼ਬਰਾਂ ਦੇ ਨਾਂਅ 'ਤੇ ਡਰਾਉਣ-ਧਮਕਾਉਣ ਦੀ ਹੀ ਨਹੀਂ, ਸਗੋਂ ਤੋੜਨ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੱਤਰਕਾਰਾਂ ਦੀ ਆਜ਼ਾਦੀ ਲਗਾਤਾਰ ਘੱਟ ਹੋ ਰਹੀ ਹੈ ਅਤੇ ਉਨ੍ਹਾਂ ਦੇ ਕੰਮ ਕਰਨ ਦਾ ਵਾਤਾਵਰਣ ਲਗਾਤਾਰ ਜ਼ਹਿਰੀਲਾ ਹੋ ਰਿਹਾ ਹੈ। ਲੋਕਤੰਤਰ ਲਈ ਇਹ ਚੰਗੀ ਗੱਲ ਨਹੀਂ ਹੈ। ਲਾਤੀਨੀ ਅਮਰੀਕੀ ਦੇਸ਼, ਜੋ ਰਾਜਨੇਤਾਵਾਂ ਦੇ ਤਮਾਮ ਦਾਅਵਿਆਂ ਦੇ ਬਾਵਜੂਦ ਆਪਣੇ ਦੇਸ਼ ਦੀ ਗ਼ਰੀਬੀ ਅਤੇ ਲਗਾਤਾਰ ਹਿੰਸਕ ਮਾਹੌਲ ਨੂੰ ਕਾਬੂ 'ਚ ਨਹੀਂ ਕਰ ਪਾ ਰਹੇ, ਉਨ੍ਹਾਂ ਦੀਆਂ ਸਰਕਾਰਾਂ ਵੀ ਪੱਤਰਕਾਰਾਂ ਨੂੰ ਤਰ੍ਹਾਂ-ਤਰ੍ਹਾਂ ਨਾਲ ਸਤਾਉਣ ਵਿੱਚ ਮੁਹਾਰਤ ਹਾਸਿਲ ਕਰ ਰਹੀਆਂ ਹਨ। ਸ਼ਾਇਦ ਇਹੀ ਕਾਰਨ ਹੈ ਕਿ ਸਾਲ 2022 ਵਿੱਚ ਲਾਤੀਨੀ ਅਮਰੀਕਾ ਪੱਤਰਕਾਰਾਂ ਲਈ ਦੁਨੀਆਂ ਦਾ ਸਭ ਤੋਂ ਖ਼ਤਰਨਾਕ ਇਲਾਕਾ ਸਾਬਿਤ ਹੋਇਆ ਹੈ।ਹਿੰਦੋਸਤਾਨ ਵਰਗੇ ਮੁਲਕ ਵਿੱਚ ਜਿੱਥੇ ਆਜ਼ਾਦੀ ਤੇ ਪ੍ਰੈੱਸ ਦੀ ਆਜ਼ਾਦੀ ਦਾ ਜ਼ਿਕਰ ਪੂਰੀ ਦੁਨੀਆ 'ਚ ਮੀਡੀਆ ਕਰਮੀਆਂ ਦਾ ਧਿਆਨ ਖਿੱਚਦਾ ਸੀ, ਉੱਥੇ ਹੀ ਹੁਣ ਇਸ ਮੁਲਕ ਵਿੱਚ ਵੀ ਪੱਤਰਕਾਰਾਂ ਲਈ ਕੰਮ ਕਰਨ ਦਾ ਮਾਹੌਲ ਲਗਾਤਾਰ ਖ਼ਤਰਨਾਕ ਹੋ ਰਿਹਾ ਹੈ। ਇੱਕ ਅਜਿਹੀ ਪਰੰਪਰਾ ਵਿਕਸਤ ਹੋ ਰਹੀ ਹੈ, ਜਦੋਂ ਸਰਕਾਰਾਂ ਨੇ ਪੱਤਰਕਾਰਾਂ ਨੂੰ ਇੱਕ ਤਰ੍ਹਾਂ ਦਾ ਸੰਕਟ ਹੀ ਮੰਨ ਲਿਆ ਹੈ। ਅਜਿਹੇ 'ਚ ਇਹ ਮਹਿਜ਼ ਪੱਤਰਕਾਰਾਂ ਦੀ ਚਿੰਤਾ ਤੇ ਲੜਾਈ ਦਾ ਵਿਸ਼ਾ ਨਹੀਂ ਹੋਣਾ ਚਾਹੀਦਾ ਕਿ ਉਨ੍ਹਾਂ ਦੀ ਆਜ਼ਾਦੀ ਬਣੀ ਰਹੇ, ਸਗੋਂ ਹਰ ਉਹ ਵਿਅਕਤੀ ਜਿਸ ਨੂੰ ਲੋਕਤੰਤਰ 'ਤੇ ਭਰੋਸਾ ਹੈ, ਜੋ ਚਾਹੁੰਦਾ ਹੈ ਦੁਨੀਆ ਵਿੱਚ ਲੋਕਤੰਤਰ ਜ਼ਿੰਦਾ ਰਹੇ, ਉਨ੍ਹਾਂ ਸਾਰਿਆਂ ਨੂੰ ਇਸ ਲੜਾਈ ਵਿੱਚ ਭਾਗੀਦਾਰੀ ਯਕੀਨੀ ਬਣਾਉਣੀ ਚਾਹੀਦੀ ਹੈ। ਜੇਕਰ ਪੱਤਰਕਾਰਾਂ ਦੀ ਸੁਰੱਖਿਆ ਨਾ ਰਹੀ ਤਾਂ ਦੇਸ਼ ਭਾਵੇਂ ਸੁਰੱਖਿਅਤ ਰਹੇ, ਪਰ ਉਸ ਵਿੱਚ ਸਰਕਾਰਾਂ ਦੀ ਮਨਮਾਨੀ ਕਾਰਨ ਉਥਲ-ਪੁਥਲ ਜਾਰੀ ਰਹੇਗੀ।

# 100 ਸਾਲ ਦੇ ਇਤਿਹਾਸ ਵਿੱਚ ਹਮੇਸ਼ਾ ਜ਼ਾਲਮਾਂ ਦੇ ਨਾਲ ਰਿਹਾ ਸੰਘ ਪਰਿਵਾਰ

**ਵਿਸ਼ਵਾ ਮਿੱਤਰ**





ਕੇਸ਼ਵ ਬਲਿਰਾਮ ਹੈੱਡਗੇਵਾਰ ਨੇ ਬਹੁਤ ਥੋੜ੍ਹਾ ਹੀ ਸਮਾਂ ਕਾਂਗਰਸ ਦੇ ਸੁਤੰਤਰਤਾ ਸੰਗਰਾਮ ਵਿੱਚ ਹਿੱਸਾ ਲੈਣ ਤੋਂ ਬਾਅਦ 1920 ਵਿੱਚ ਸੁਤੰਤਰਤਾ ਸੰਗਰਾਮ ਨੂੰ ਤਿਆਗ ਦਿੱਤਾ ਅਤੇ ਉਸ ਤੋਂ ਬਾਅਦ ਕੁਝ ਸਮੇਂ ਸਾਵਰਕਰ ਅਤੇ ਬਾਲਕ੍ਰਿਸ਼ਨ ਸ਼ਿਵਰਾਮ ਮੁੰਜੇ ਨਾਲ ਹਿੰਦੂ ਅਤੇ ਹਿੰਦੂਤਵ ਆਦਿ ਬਾਰੇ ਵਿਚਾਰ ਵਟਾਂਦਰਾ ਕਰਕੇ 27 ਸਤੰਬਰ 1925 ਵਾਲੇ ਦਿਨ ਕੇਵਲ ਹਿੰਦੂ ਗੌਰਵ ਲਈ ਆਰ ਐੱਸ ਐੱਸ ਦੀ ਸਥਾਪਨਾ ਕੀਤੀ। 27 ਸਤੰਬਰ ਦਾ ਦਿਨ ਵੀ ਇਸ ਲਈ ਚੁਣਿਆ ਕਿਉਂਕਿ ਉਸ ਦਿਨ ਦੁਸਹਿਰਾ ਸੀ ਅਤੇ ਦੁਸਹਿਰੇ ਦੇ ਦਿਨ ਮਿਥਹਾਸ ਅਨੁਸਾਰ ਅਰਿਆਂ ਨੇ ਅਨਾਰਿਆਂ 'ਤੇ ਜਿੱਤ (ਬਦੀ ਉੱਤੇ ਨੇਕੀ ਦੀ ਜਿੱਤ) ਪ੍ਰਾਪਤ ਕੀਤੀ ਸੀ। 9 ਅਪਰੈਲ 1919 ਵਾਲੇ ਦਿਨ ਰਾਮ ਨੌਮੀ ਦਾ ਜਲੂਸ ਸੀ। ਉਸ ਦਿਨ ਡਾਕਟਰ ਸਤਪਾਲ ਅਤੇ ਸੈਫੁਦੀਨ ਕਿਚਲੂ ਦੇ ਯਤਨਾਂ ਸਦਕਾ ਹਿੰਦੂਆਂ ਅਤੇ ਮੁਸਲਮਾਨਾਂ ਨੇ ਇਕੱਠੇ ਹੋ ਕੇ ਇੱਕੋ ਥਾਂ ਤੋਂ ਪਾਣੀ ਪੀਤਾ। ਮੁਸਲਮਾਨਾਂ ਨੇ ਸਾਰੇ ਜਲੂਸ ਵਿੱਚ ਠੰਢਾ ਅਤੇ ਮਿੱਠਾ ਪਾਣੀ ਵਰਤਾਇਆ ਜਿਸ ਤੋਂ ਪਾੜੋ ਅਤੇ ਰਾਜ ਕਰੋ ਦੀ ਨੀਤੀ ਵਾਲੇ ਅੰਗਰੇਜ਼ ਬਹੁਤ ਖ਼ਫ਼ਾ ਹੋਏ। ਭਾਰਤੀਆਂ ਦੇ ਏਕੇ ਨੂੰ ਬਰਦਾਸ਼ਤ ਨਾ ਕਰਦੇ ਹੋਏ ਜ਼ਾਲਮ ਅੰਗਰੇਜ਼ ਹਕੂਮਤ ਨੇ 13 ਅਪਰੈਲ 1919 ਵਾਲੇ ਦਿਨ ਜਲਿਆਂਵਾਲੇ ਬਾਗ਼ ਵਿੱਚ ਵਹਿਸ਼ੀ ਕਤਲੇ ਆਮ ਕਰ ਦਿੱਤਾ, ਜਿਸ ਕਾਰਨ ਸਾਰੇ ਭਾਰਤ ਵਿੱਚ ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੇ ਇਕੱਠੇ ਹੋ ਕੇ ਜ਼ਾਲਮ ਹਕੂਮਤ ਦੇ ਵਿਰੁੱਧ ਮੁਜ਼ਾਹਰੇ ਕਰਨੇ ਸ਼ੁਰੂ ਕਰ ਦਿੱਤੇ। ਉਸ ਵਕਤ ਅੰਗਰੇਜ਼ੀ ਹਕੂਮਤ ਨੂੰ ਕੁਝ ਇਹੋ ਜਿਹੇ ਲੋਕਾਂ ਦੀ ਜ਼ਰੂਰਤ ਸੀ ਜਿਹੜੇ ਅਜ਼ਾਦੀ ਦੇ ਅੰਦੋਲਨਾਂ ਤੋਂ ਲੋਕਾਂ ਦਾ ਧਿਆਨ ਹਟਾ ਸਕਣ। ਐਨ ਉਸ ਵੇਲੇ ਅੰਗਰੇਜ਼ ਹਕੂਮਤ ਲਈ ਆਰ ਐੱਸ ਐੱਸ ਦੀ ਸਥਾਪਨਾ ਕਿਸੇ ਅੰਮ੍ਰਿਤ ਤੋਂ ਘਟ ਨਹੀਂ ਸੀ। ਰਹਿੰਦੀ ਕਸਰ ਮਾਫੀਆਂ ਮੰਗ ਕੇ ਜੇਲ੍ਹ ਤੋਂ ਛੁੱਟਣ ਵਾਲੇ ਸਾਵਰਕਰ ਨੇ ਉਦੋਂ ਪੂਰੀ ਕਰ ਦਿੱਤੀ ਜਦੋਂ ਉਸ ਨੇ ਅੰਗਰੇਜ਼ੀ ਹਕੂਮਤ ਦੀ ਇੱਛਾ ਅਨੁਸਾਰ ਇਹ ਬਿਆਨ ਦੇ ਦਿੱਤਾ ਕਿ ਭਾਰਤ ਵਿੱਚ ਹਿੰਦੂ ਅਤੇ ਮੁਸਲਮਾਨ ਦੋ ਰਾਸ਼ਟਰ ਹਨ ਜਿਹੜੇ ਇਕੱਠੇ ਨਹੀਂ ਰਹਿ ਸਕਦੇ। ਸਿੱਧਾ ਹੀ ਅਰਥ ਸੀ ਕਿ ਅੰਗਰੇਜ਼ ਭਾਰਤ ਦੇ ਦੋ ਟੋਟੇ ਕਰ ਦੇਣ ਤਾਂਕਿ ਜਦੋਂ ਅੰਗਰੇਜ਼ ਭਾਰਤ ਛੱਡ ਕੇ ਜਾਣ ਵਾਲੇ ਹੋਣ ਤਾਂ ਹਿੰਦੂ ਮੁਸਲਮਾਨ ਦੰਗਿਆਂ ਵਿੱਚ ਰੁੱਝੇ ਰਹਿਣ ਅਤੇ ਅੰਗਰੇਜ਼ ਬਿਨਾ ਕਿਸੇ ਨੁਕਸਾਨ ਦੇ ਇੰਗਲੈਂਡ ਚਲੇ ਜਾਣ। ਸਾਵਰਕਰ ਦੇ ਵਿਚਾਰਾਂ ਤੋਂ ਆਰ ਐੱਸ ਐੱਸ ਦੇ ਸੰਸਥਾਪਕ ਹੈੱਡਗੇਵਾਰ ਬਹੁਤ ਪ੍ਰਭਾਵਿਤ ਸੀ।

ਹੈੱਡਗੇਵਾਰ ਨੂੰ ਵਿਚਾਰਧਾਰਕ ਤੌਰ 'ਤੇ ਪ੍ਰਭਾਵਿਤ ਕਰਨ ਵਾਲੇ ਸਾਵਰਕਰ ਅਤੇ ਮੂੰਜੇ ਕੇਵਲ ਭਾਰਤ ਵਿੱਚ ਅੰਗਰੇਜ਼ੀ ਹਕੂਮਤ ਦਾ ਹੀ ਸਾਥ ਨਹੀਂ ਦੇ ਰਹੇ ਸਨ ਬਲਕਿ ਯੂਰਪ ਵਿੱਚ ਜ਼ਾਲਮ ਹਿਟਲਰ ਅਤੇ ਮੁਸੋਲਿਨੀ ਦੇ ਵਿਚਾਰਾਂ ਨਾਲ ਵੀ ਸਹਿਮਤ ਸਨ। ਸਾਵਰਕਰ ਨੇ ਆਪਣੇ ਇੱਕ ਭਾਸ਼ਣ ਵਿੱਚ ਕਿਹਾ ਕਿ ਜਰਮਨੀ ਨੂੰ ਨਾਜ਼ੀਵਾਦ ਅਤੇ ਇਟਲੀ ਨੂੰ ਫਾਸ਼ੀਵਾਦ ਦੀ ਜਾਦੂਈ ਛੜੀ ਦੀ ਜ਼ਰੂਰਤ ਸੀ ਜਿਸ ਨਾਲ ਉਹਨਾਂ ਨੇ ਹੈਰਾਨੀਜਨਕ ਢੰਗ ਨਾਲ ਸ਼ਕਤੀ ਹਾਸਲ ਕੀਤੀ, ਇਹ ਉਹਨਾਂ ਲਈ ਟਾਨਿਕ ਸੀ। ਸਾਵਰਕਰ ਭਾਰਤ ਵਿੱਚੋਂ ਮੁਸਲਮਾਨਾਂ ਨੂੰ ਕੱਢ ਕੇ ਹਿੰਦੂਆਂ ਦੇ ਖ਼ੂਨ ਦੀ ਸ਼ੁੱਧੀ ਉਵੇਂ ਹੀ ਰੱਖਣਾ ਚਾਹੁੰਦਾ ਸੀ ਜਿਵੇਂ ਹਿਟਲਰ ਜਰਮਨੀ ਵਿੱਚੋਂ ਯਹੂਦੀਆਂ ਨੂੰ ਕੱਢ ਕੇ ਆਰੀਆ ਨਸਲ ਦੇ ਇਸਾਈਆਂ ਦਾ ਖ਼ੂਨ ਸ਼ੁੱਧ ਰੱਖ ਰਿਹਾ ਸੀ। ਕੇਵਲ ਸਾਵਰਕਰ ਹੀ ਨਹੀਂ ਬਲਕਿ ਹੈੱਡਗੇਵਾਰ ਅਤੇ ਉਸ ਤੋਂ ਬਾਅਦ ਬਣੇ ਸੰਘ ਪ੍ਰਮੁੱਖ ਮਧਵਰਾਵ ਸਦਸ਼ਿਵਰਾਵ ਗੋਲਵਲਕਰ (ਗੁਰੂ ਜੀ) ਜਾਂ ਹੁਣ ਦੇ ਆਰ ਐੱਸ ਐੱਸ ਦੇ ਰਾਜਨੀਤਿਕ ਵਿੰਗ ਇਹ ਸਾਰੇ ਦੇ ਸਾਰੇ ਧਰਮ ਨਿਰਪਖਤਾ ਦੇ ਵਿਰੋਧੀ ਹਨ। ਮਹਾਤਮਾ ਗਾਂਧੀ ਦੀ ਇੱਛਾ ਦੇ ਵਿਰੁੱਧ ਮੂੰਝੇ ਗੋਲਮੇਜ਼ ਕਾਨਫਰੰਸ ਵਿੱਚ ਹਾਜ਼ਰ ਹੋਇਆ, ਵਾਪਸ ਮੁੜਦੇ ਹੋਏ ਇਟਲੀ ਵਿੱਚ 15 ਤੋਂ 24 ਮਾਰਚ 1931 ਤਕ ਰਿਹਾ, ਜਿੱਥੇ ਫਾਸ਼ੀ ਤਾਨਾਸ਼ਾਹ ਮੁਸੋਲਿਨੀ ਨੂੰ ਮਿਲਿਆ ਅਤੇ ਉਸਦੇ ਫਾਸ਼ੀਵਾਦ ਦੀ ਪ੍ਰਸ਼ੰਸਾ ਕੀਤੀ। 19 ਮਾਰਚ ਵਾਲੇ ਦਿਨ ਮੂੰਝੇ ਨੇ ਰੋਮ ਦਾ ਮਿਲਟਰੀ ਕਾਲਜ, ਸੈਂਟਰਲ ਮਿਲਟਰੀ ਫਿਜ਼ੀਕਲ ਐਜੂਕੇਸ਼ਨ ਸਕੂਲ ਅਤੇ ਫਾਸ਼ਿਜ਼ਮ ਫਿਜ਼ੀਕਲ ਐਜੂਕੇਸ਼ਨ ਅਕੈਡਮੀ ਵੇਖੀ। ਨੌਜਵਾਨਾਂ ਨੂੰ ਫੌਜੀ ਵਰਦੀਆਂ ਵਿੱਚ ਟ੍ਰੇਨਿੰਗ ਲੈਂਦੇ ਵੇਖ ਕੇ ਐਨਾ ਪ੍ਰਭਾਵਿਤ ਹੋਇਆ ਕਿ 1935 ਵਿੱਚ ਕੇਂਦਰੀ ਹਿੰਦੂ ਮਿਲਟਰੀ ਐਜੂਕੇਸ਼ਨ ਸੁਸਾਇਟੀ ਅਤੇ 1937 ਵਿੱਚ ਭੋਂਸਾਲਾ ਮਿਲਟਰੀ ਕਾਲਜ, ਦੋਵੇਂ ਨਾਸਿਕ ਵਿਖੇ ਸਥਾਪਿਤ ਕਰ ਦਿੱਤੇ। ਸੁਸਾਇਟੀ ਅਤੇ ਕਾਲੇਜ ਇਸ ਲਈ ਖੋਲ੍ਹੇ ਤਾਂਕਿ ਫੌਜ ਦਾ ਭਾਰਤੀਕਰਣ ਕੀਤਾ ਜਾ ਸਕੇ। ਸੰਘ ਦੇ ਲਿਟਰੇਚਰ ਅਨੁਸਾਰ ਇਸਦੇ ਸੰਸਥਾਪਕ ਹੈੱਡਗੇਵਾਰ ਜੀ ਹਨ ਪਰ ਵਾਸਤਵ ਵਿੱਚ ਹਿੰਦੂ ਨੌਜਵਾਨਾਂ ਨੂੰ ਭਾਰਤੀ ਵਿਰਸੇ, ਸੱਭਿਆਚਾਰ ਤੋਂ ਜਾਣੂ ਕਰਵਾਉਣ ਲਈ ਅਤੇ ਜਿਸਮਾਨੀ ਤੌਰ 'ਤੇ ਤਾਕਤਵਰ ਬਣਾਉਣ ਲਈ ਫਿਜ਼ੀਕਲ ਟ੍ਰੇਨਿੰਗ ਦੇ ਵਿਚਾਰ ਹੈੱਡਗੇਵਾਰ ਜੀ ਨੂੰ ਮੂੰਝੇ ਤੋਂ ਹੀ ਮਿਲੇ।

ਸੰਘ ਦੀ ਫਾਸ਼ੀਵਾਦੀ ਵਿਚਾਰਧਾਰਾ ਕਾਰਣ ਹੀ ਗੋਡਸੇ ਵੱਲੋਂ ਮਹਾਤਮਾ ਗਾਂਧੀ ਜੀ ਦਾ ਕਤਲ ਕਰਨ ਕਾਰਣ ਆਰ ਐੱਸ ਐੱਸ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ ਜਿਹੜੀ ਕਿ ਸੰਘ ਪ੍ਰਮੁੱਖ ਗੁਰੂ ਜੀ ਅਤੇ ਗ੍ਰਹਿ ਮੰਤਰੀ ਪਟੇਲ ਵਿਚਕਾਰ ਕੁਝ ਮੀਟਿੰਗਾਂ ਅਤੇ ਗੁਰੂ ਜੀ ਵੱਲੋਂ ਕੁਝ ਵਾਇਦੇ ਕਰਨ ਤੋਂ ਬਾਅਦ ਹਟਾ ਦਿੱਤੀ ਗਈ। ਭਾਵੇਂ ਕਿ ਅੰਦਰੋਂ ਅੰਦਰ ਸੰਘ ਨੇ ਫਾਸ਼ੀਵਾਦ ਤਿਆਗਿਆ ਨਹੀਂ ਸੀ, ਇਸ ਲਈ ਸੰਘ ਆਗੂਆਂ ਨੇ ਇਹੀ ਸੋਚਿਆ ਕਿ ਜੇਕਰ ਫੇਰ ਕਦੇ ਸੰਘ ਉੱਤੇ ਪਾਬੰਦੀ ਵਰਗੇ ਹਾਲਾਤ ਹੋਏ ਤਾਂ ਇਸ ਨੂੰ ਬਚਾਉਣ ਲਈ ਆਪਣੀ ਇੱਕ ਰਾਜਨੀਤਕ ਪਾਰਟੀ ਹੋਣੀ ਚਾਹੀਦੀ ਹੈ। ਇਸ ਲਈ ਸ਼ਿਆਮਾ ਪ੍ਰਸ਼ਾਦ ਮੁਖਰਜੀ ਦੀ ਅਗਵਾਈ ਵਿੱਚ ਭਾਰਤੀ ਜਨਸੰਘ ਨਾਮ ਦੀ ਰਾਜਨੀਤਿਕ ਪਾਰਟੀ ਦੀ ਸਥਾਪਨਾ 21 ਅਕਤੂਬਰ 1951 ਵਿੱਚ ਕਰ ਦਿੱਤੀ ਗਈ। ਵੇਲੇ ਅਤੇ ਜ਼ਰੂਰਤਾਂ ਅਨੁਸਾਰ ਜਨਸੰਘ ਦਾ ਨਾਮ ਬਦਲ ਕੇ ਜਨਤਾ ਪਾਰਟੀ ਅਤੇ ਬਾਅਦ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਰੱਖਿਆ ਗਿਆ। ਪਰ ਹਰ ਰੂਪ ਵਿੱਚ ਇਸਦੇ ਵਰਕਰ ਅਤੇ ਨੇਤਾ ਆਰ ਐੱਸ ਐੱਸ ਤੋਂ ਹੀ ਲੈਂਦੇ ਰਹੇ। ਯਹੂਦੀਆਂ ਦੇ ਮਸਲੇ ਵਿੱਚ ਆਰ ਐੱਸ ਐੱਸ ਜਾਂ ਭਾਜਪਾ ਦਾ ਰਵਈਆ ਬੜਾ ਗੁੰਝਲਦਾਰ ਹੈ ਪਰ ਹਮੇਸ਼ਾ ਜ਼ਾਲਮਾਂ ਦੇ ਪੱਖ ਵਿੱਚ ਰਿਹਾ ਹੈ। ਜਦੋਂ ਹਿਟਲਰ ਯਹੂਦੀਆਂ ਨੂੰ ਬਦਨਾਮ ਕਰਨ ਤੋਂ ਬਾਅਦ ਕਤਲ ਕਰ ਰਿਹਾ ਸੀ, ਮਾਰ ਕੁੱਟ ਕੇ ਭਜਾ ਰਿਹਾ ਸੀ ਤਾਂ ਉਦੋਂ ਆਰ ਐੱਸ ਐੱਸ ਦੇ ਵਿਚਾਰਧਾਰਕ ਉਸ ਦੀ ਪ੍ਰਸ਼ੰਸਾ ਕਰ ਰਹੇ ਸਨ ਅਤੇ ਇਹ ਵੀ ਸੋਚ ਰਹੇ ਸਨ ਕਿ ਸਾਨੂੰ ਵੀ ਭਾਰਤ ਵਿੱਚੋਂ ਇਸੇ ਤਰ੍ਹਾਂ ਮੁਸਲਮਾਨ ਭਜਾਉਣੇ ਚਾਹੀਦੇ ਹਨ। ਜਦੋਂ ਦਾ ਯਹੂਦੀਆਂ ਨੇ 1948 ਤੋਂ ਫਲਸਤੀਨ ਦੀ ਕੁਝ ਧਰਤੀ 'ਤੇ ਕਬਜ਼ਾ ਕਰਕੇ ਆਪਣਾ ਦੇਸ਼ ਇਜ਼ਰਾਈਲ ਸਥਾਪਿਤ ਕੀਤਾ ਹੈ, ਉਹ ਫਲਸਤੀਨੀਆਂ ਨੂੰ ਤੰਗ ਕਰ ਰਿਹਾ ਹੈ, ਬਿਨਾ ਕਾਰਣ ਜੇਲ੍ਹਾਂ ਵਿੱਚ ਡੱਕ ਰਿਹਾ ਹੈ ਅਤੇ ਉਹਨਾਂ ਦੇ ਹੋਰ ਇਲਾਕੇ ਆਪਣੇ ਕਬਜ਼ੇ ਵਿੱਚ ਲੈਣ ਲਈ ਜ਼ਾਲਮਾਨਾ ਹਮਲੇ ਕਰ ਰਿਹਾ ਹੈ। ਆਰ ਐੱਸ ਐੱਸ ਸਮੇਤ ਇਸਦੇ ਸਾਰੇ ਰਾਜਨੀਤਿਕ ਵਿੰਗ ਜਿਸ ਵਿੱਚ ਭਾਜਪਾ ਪ੍ਰਮੁੱਖ ਹੈ ਅਤੇ ਸੱਤਾ 'ਤੇ ਕਾਬਜ਼ ਹੈ, ਇਹ ਇਜ਼ਰਾਈਲ ਦਾ ਸਾਥ ਦੇ ਰਹੇ ਹਨ ਅਤੇ ਸੰਸਾਰ ਮੰਚ ਵਿੱਚ ਯਹੂਦੀਆਂ ਦੇ ਵਿਰੁੱਧ ਭੁਗਤ ਰਹੇ ਹਨ। ਇੰਦਰਾ ਗਾਂਧੀ ਦੇ ਵੇਲੇ ਤੋਂ ਚਲੀ ਆ ਰਹੀ ਰੂਸ ਨਾਲ ਪੱਕੀ ਦੋਸਤੀ ਅਤੇ ਕਈ ਸਦੀਆਂ ਤੋਂ ਅਰਬ ਦੇਸ਼ਾਂ ਨਾਲ ਦੋਸਤਾਨਾ ਸਬੰਧਾਂ ਨੂੰ ਤਿਲਾਂਜਲੀ ਦੇ ਕੇ ਸੰਘ ਪਰਿਵਾਰ ਜ਼ਾਲਮ ਇਜ਼ਰਾਈਲ ਦਾ ਸਾਥ ਦੇ ਰਿਹਾ ਹੈ। ਆਰ ਐੱਸ ਐੱਸ ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤਕ ਕਿਸੇ ਨਾ ਕਿਸੇ ਜ਼ਾਲਮ ਦੇ ਹੱਕ ਵਿੱਚ ਹੀ ਰਿਹਾ ਹੈ।

(ਬਾਕੀ ਸਫ਼ਾ 31 'ਤੇ)

# ਕਿਸਾਨਾਂ ਦੇ ਵਿਕਾਸ ਲਈ ਬਣੇ ਬਰਾਮਦ ਨੀਤੀ

**ਭਗਵਾਨ ਦਾਸ**

ਪੰਜਾਬ ਦੀਆਂ ਮੁੱਖ ਫ਼ਸਲਾਂ ਕਣਕ ਤੇ ਝੋਨੇ ਦਾ ਪ੍ਰਤੀ ਹੈਕਟੇਅਰ ਝਾੜ ਸਭ ਰਾਜਾਂ ਨਾਲੋਂ ਵੱਧ ਹੋਣ ਦੇ ਬਾਵਜੂਦ ਅਤੇ ਪੰਜਾਬ ਵਲੋਂ ਕੇਂਦਰੀ ਅੰਨ ਭੰਡਾਰ 'ਚ 31 ਤੋਂ 46 ਫੀਸਦੀ ਕਣਕ ਅਤੇ 21 ਤੋਂ 31 ਫੀਸਦੀ ਚੋਲਾਂ ਦਾ ਯੋਗਦਾਨ ਪਾਏ ਜਾਣ ਉਪਰੰਤ ਵੀ ਰਾਜ ਦੇ ਕਿਸਾਨਾਂ ਵਿੱਚ ਮਾਯੂਸੀ ਛਾਈ ਹੋਈ ਹੈ, ਜਿਸ ਕਾਰਨ ਉਹ ਰੋਸ ਤੇ ਰੈਲੀਆਂ ਕਰਦੇ ਹਨ। ਪ੍ਰਤੀ ਜੀਅ ਆਮਦਨ ਵੀ ਘਟ ਗਈ ਹੈ। ਕਿਸੇ ਵੇਲੇ ਇਹ ਭਾਰਤ ਦੇ ਸਭ ਰਾਜਾਂ ਨਾਲੋਂ ਵੱਧ ਹੁੰਦੀ ਸੀ, ਜੋ ਅੱਜ ਕਈਂ ਰਾਜਾਂ ਤੋਂ ਥੱਲੇ ਚਲੀ ਗਈ ਹੈ। ਇੱਥੋਂ ਤੱਕ ਕਿ ਗਵਾਂਢੀ ਰਾਜ ਹਰਿਆਣਾ ਵੀ ਉੱਪਰ ਚਲਾ ਗਿਆ ਹੈ। ਇਸ ਦਾ ਕਾਰਨ ਇੱਕ ਤਾਂ ਇਹ ਹੈ ਕਿ ਸਬਜ਼ - ਇਨਕਲਾਬ ਤੋਂ ਬਾਅਦ ਉਤਪਾਦਨ ਤੇ ਉਤਪਾਦਕਤਾ ਵਿੱਚ ਤਾਂ ਵਿਸ਼ੇਸ਼ ਵਾਧਾ ਹੋਇਆ ਪਰ ਕਿਸਾਨਾਂ ਦੀ ਸ਼ੁੱਧ ਆਮਦਨ ਨਹੀਂ ਵਧੀ। ਪ੍ਰੋ. ਐਮ ਐਸ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਜਿਣਸਾਂ ਦੀਆਂ ਕੀਮਤਾਂ ਮੁਕੱਰਰ ਨਹੀਂ ਹੋਈਆਂ। ਇਸ ਅਨੁਸਾਰ ਖੇਤੀ ਲਾਗਤ 'ਤੇ 50 ਪ੍ਰਤੀਸ਼ਤ ਮੁਨਾਫਾ ਕਿਸਾਨਾਂ ਨੂੰ ਦੇਣ ਦਾ ਸੁਝਾਅ ਦਿੱਤਾ ਗਿਆ ਸੀ। ਖੇਤੀ ਦੇ ਸਾਰੇ ਖਰਚੇ ਜਿਨ੍ਹਾਂ ਵਿੱਚ ਸਾਰੀ ਲਾਗਤ ਤੇ ਕਿਸਾਨ ਦੇ ਟੱਬਰ ਵੱਲੋਂ ਕੀਤੀ ਗਈ ਮਜ਼ਦੂਰੀ ਅਤੇ ਜ਼ਮੀਨ ਦਾ ਕਰਾਇਆ ਆਦਿ ਸ਼ਾਮਿਲ ਹਨ, ਨੂੰ ਕਣਕ, ਝੋਨੇ ਦੀ ਐਮ. ਐਸ. ਪੀ. ਮੁਕੱਰਰ ਕਰਨ ਲੱਗਿਆਂ ਖਰਚਿਆਂ ਦੇ ਜੋੜ ਵਿਚ ਨਹੀਂ ਲਿਆ ਜਾਂਦਾ।

ਕੇਂਦਰ ਦੀ ਨੀਤੀ ਹਮੇਸ਼ਾ ਸ਼ਹਿਰੀ ਖਪਤਕਾਰ- ਪੱਖੀ ਰਹੀ ਹੈ। ਕੇਂਦਰ ਸਰਕਾਰ ਦੀ ਸੋਚ ਮਹਿੰਗਾਈ 'ਤੇ ਕਾਬੂ ਪਾਉਣ ਵੱਲ ਰਹੀ ਹੈ, ਭਾਵੇਂ ਕਿ ਅਜਿਹਾ ਚੋਣਾਂ ਨੂੰ ਮੁੱਖ ਰੱਖਦਿਆਂ ਜ਼ਰੂਰੀ ਹੋਵੇ, ਪਰ ਇਸ ਨਾਲ ਕਿਸਾਨਾਂ ਦੀ ਸ਼ੁੱਧ ਆਮਦਨ ਪ੍ਰਭਾਵਿਤ ਹੁੰਦੀ ਹੈ। ਪਿੱਛੇ ਜਿਹੇ ਕੇਂਦਰ ਨੇ ਬਾਸਮਤੀ ਦੀ ਬਰਾਮਦ ਲਈ ਘੱਟੋ - ਘੱਟ 1200 ਡਾਲਰ ਪ੍ਰਤੀ ਟਨ ਕੀਮਤ ਮੁਕੱਰਰ ਕਰ ਦਿੱਤੀ, ਜਿਸ ਨਾਲ ਬਰਾਮਦ ਪ੍ਰਭਾਵਿਤ ਹੋਈ, ਕਿਉਂਕਿ ਬਾਸਮਤੀ ਦੀ ਬਰਾਮਦ ਤਾਂ ਔਸਤਨ 800 ਤੋਂ 1000 ਡਾਲਰ ਪ੍ਰਤੀ ਟਨ ਦੀ ਕੀਮਤ ਦੇ ਦਰਮਿਆਨ ਹੀ ਹੁੰਦੀ ਰਹੀ ਹੈ। ਇਸ ਨਾਲ ਮੰਡੀ 'ਚ ਬਾਸਮਤੀ ਦੀਆਂ ਕੀਮਤਾਂ ਜੋ ਇਹ ਰੋਕ ਲਗਾਉਣ ਤੋਂ ਪਹਿਲਾਂ ਕਿਸਾਨਾਂ ਨੂੰ ਮਿਲ ਰਹੀਆਂ ਸਨ, ਉਹ ਬਰਾਮਦ ਕੀਮਤ ਮੁਕੱਰਰ ਕੀਤੇ ਜਾਣ ਤੋਂ ਬਾਅਦ ਨਹੀਂ ਮਿਲੀਆਂ। ਭਾਵੇਂ ਇਸ ਨੂੰ ਹੁਣ ਕੇਂਦਰ ਸਰਕਾਰ ਨੇ ਮੁੜ ਵਿਚਾਰ ਕਰਕੇ ਘਟਾ ਕੇ 950 ਡਾਲਰ ਪ੍ਰਤੀ ਟਨ ਕਰ ਦਿੱਤਾ ਹੈ। ਕੇਂਦਰ ਦੇ ਵਪਾਰ ਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਤਾਂ ਇਸ ਨੂੰ ਇੱਕ ਬੈਠਕ ਵਿੱਚ 850 ਡਾਲਰ ਪ੍ਰਤੀ ਟਨ ਕਰਨ ਦਾ ਐਲਾਨ ਕੀਤਾ ਸੀ, ਪ੍ਰੰਤੂ ਕਿਸਾਨਾਂ ਨੂੰ ਇਸ ਤੋਂ ਪਹਿਲਾਂ ਕਾਫ਼ੀ ਨੁਕਸਾਨ ਸਹਿਣਾ ਪਿਆ ਭਾਵੇਂ ਕਿ ਹੁਣ ਦੁਬਾਰਾ ਕਾਫ਼ੀ ਬਾਸਮਤੀ ਦੀਆਂ ਕੀਮਤਾਂ ਮੰਡੀ ਵਿੱਚ ਵਧਣੀਆਂ ਸ਼ੁਰੂ ਹੋ ਗਈਆਂ ਹਨ। ਕੇਂਦਰ ਦੀ ਇਹ ਬਰਾਮਦ ਕੀਮਤ ਵਧਾਉਣ ਨਾਲ ਪਾਕਿਸਤਾਨ ਲਾਹਾ ਲੈ ਗਿਆ ਅਤੇ ਭਾਰਤ ਨੇ ਜੋ ਖਾੜੀ ਦੇ ਮੁਲਕਾਂ, ਯੂਰਪ ਤੇ ਅਮਰੀਕਾ ਆਦਿ ਮੁਲਕਾਂ 'ਚ ਆਪਣੀ ਮੰਡੀ ਸਥਾਪਤ ਕੀਤੀ ਸੀ, ਉਸ ਦੀ ਸਾਖ ਪ੍ਰਭਾਵਿਤ ਹੋ ਗਈ। ਅੰਤਰਰਾਸ਼ਟਰੀ ਐਕਸਪੋਰਟ ਮੰਡੀ ਵਿੱਚ ਕਿਸੇ ਮੁਲਕ ਵੱਲੋਂ ਸਾਖ ਬੜੇ ਉਪਰਾਲਿਆਂ ਅਤੇ ਵਪਾਰਕ ਰਿਸ਼ਤੇ ਕਾਇਮ ਕਰਨ ਤੋਂ ਬਾਅਦ ਬਣਾਈ ਜਾਂਦੀ ਹੈ।

ਕੇਂਦਰ ਦੀ ਖੇਤੀ ਜਿਣਸਾਂ ਸੰਬੰਧੀ ਬਰਾਮਦ ਨੀਤੀ ਕਿਸਾਨਾਂ ਦੇ ਹਿਤ 'ਚ ਨਹੀਂ ਰਹੀ। ਕੇਂਦਰ ਸਰਕਾਰ ਖੇਤੀ ਜਿਣਸਾਂ ਦੀ ਬਰਾਮਦ ਤੇ ਸਮੇਂ-ਸਮੇਂ ਰੋਕਾਂ ਲਗਾਉਂਦੀ ਰਹੀ ਹੈ। ਮਈ 2022 'ਚ ਕਣਕ ਦੀ ਬਰਾਮਦ ਬਿਲਕੁਲ ਬੰਦ ਕਰ ਦਿੱਤੀ ਗਈ ਸੀ। ਸਤੰਬਰ 2022 'ਚ ਟੋਟਾ ਚੌਲ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਅਤੇ ਸਫੈਦ ਚੌਲ ਭੇਜਣ 'ਤੇ 20 ਫ਼ੀਸਦੀ ਕਰ ਲਗਾ ਦਿੱਤਾ ਗਿਆ। ਫੇਰ ਜੁਲਾਈ 2023 'ਚ ਸਫੈਦ ਚੌਲ ਦੀ ਬਰਾਮਦ ਬਿਲਕੁਲ ਹੀ ਬੰਦ ਕਰ ਦਿੱਤੀ ਗਈ। ਅਗਸਤ 2023 ਵਿੱਚ ਪਾਰ ਬੋਆਇਲਡ ਚੌਲਾਂ ਦੀ ਬਰਾਮਦ 'ਤੇ ਵੀ ਰੋਕਾਂ ਲਗਾ ਦਿੱਤੀਆਂ ਗਈਆਂ ਅਤੇ ਬਾਸਮਤੀ ਚੌਲਾਂ ਦੀ ਘੱਟੋ ਘੱਟ ਬਰਾਮਦ ਕੀਮਤ 1200 ਡਾਲਰ ਮੁਕੱਰਰ ਕਰਕੇ ਇਸ ਦੀ ਬਰਾਮਦ ਲਗਭਗ ਰੋਕ ਦਿੱਤੀ ਗਈ। ਜੋ ਬਰਾਮਦ ਕਰਨ ਵਾਲੇ ਵਪਾਰੀਆਂ ਕੋਲ 1200 ਡਾਲਰ ਤੋਂ ਘੱਟ ਕੀਮਤ 'ਤੇ ਬਾਸਮਤੀ ਬਰਾਮਦ ਕਰਨ ਦੇ ਆਰਡਰ ਸਨ ਉਹ ਸਿਰੇ ਨਹੀਂ ਚੜ੍ਹ ਸਕੇ। ਮਈ 2023 ਤੋਂ ਖੰਡ ਦੀ ਬਰਾਮਦ ਬਿਲਕੁਲ ਹੀ ਬੰਦ ਕਰ ਦਿੱਤੀ ਗਈ ਅਤੇ ਜੋ ਮਈ 2022 ਵਿੱਚ ਸਰਕਾਰ ਦੀ ਪ੍ਰਵਾਨਗੀ ਨਾਲ ਹੀ ਕੋਟਾ ਸਿਸਟਮ 'ਤੇ ਖੰਡ ਬਰਾਮਦ ਕੀਤੀ ਜਾ ਸਕਦੀ ਸੀ, ਉਸ ਨੂੰ ਵੀ ਬੰਦ ਕਰ ਦਿੱਤਾ ਗਿਆ। ਇਸ ਨਾਲ ਕਣਕ ਦੀ ਬਰਾਮਦ 'ਚ ਜ਼ਬਰਦਸਤ ਕਮੀ ਆਈ ਅਤੇ ਬਾਸਮਤੀ ਚੌਲਾਂ ਦੀ ਬਰਾਮਦ ਵੀ ਬਹੁਤ ਘਟ ਗਈ। ਇਸ ਨਾਲ ਮੰਡੀ 'ਚ ਬਾਸਮਤੀ ਦੀਆਂ ਕੀਮਤਾਂ ਡਿੱਗ ਗਈਆਂ। ਜਿਸ ਨਾਲ ਕਿਸਾਨਾਂ ਦਾ ਨੁਕਸਾਨ ਹੋਇਆ। ਖੁੱਲ੍ਹੀ ਮੰਡੀ ਵਿੱਚ ਕਣਕ ਦੀ ਕੀਮਤ ਵੀ ਪ੍ਰਭਾਵਿਤ ਹੋਈ, ਭਾਵੇਂ ਇਸ ਦੀ ਐਮ.ਐਸ. ਪੀ. ਹੋਣ ਕਾਰਨ ਉਤਪਾਦਕਾਂ ਨੂੰ ਬਹੁਤਾ ਨੁਕਸਾਨ ਨਹੀਂ ਉਠਾਉਣਾ ਪਿਆ। ਇਸ ਨੀਤੀ ਨਾਲ ਖੇਤੀ ਜਿਣਸਾਂ ਦੀ ਬਰਾਮਦ ਪ੍ਰਭਾਵਿਤ ਹੋਈ। ਜਿਵੇਂ 2004 ਤੋਂ 2014 ਦਰਮਿਆਨ 10 ਸਾਲਾਂ ਦੇ ਦੌਰਾਨ ਖੇਤੀ ਜਿਣਸਾਂ ਦੀ ਬਰਾਮਦ 'ਚ 5 ਗੁਣਾ ਵਾਧਾ ਹੋਇਆ ਉਹ ਹੁਣ ਐਨਾ ਇਸ ਦਰ ਨਾਲ ਨਹੀਂ ਵਧ ਰਿਹਾ ਸਗੋਂ ਘਟਦਾ ਜਾ ਰਿਹਾ ਹੈ। ਇਸ ਤੋਂ ਸਪੱਸ਼ਟ ਹੈ ਕਿ ਕੇਂਦਰ ਸਰਕਾਰ ਦੀ ਨੀਤੀ ਸ਼ਹਿਰੀ ਖਪਤਕਾਰ- ਪੱਖੀ ਰਹੀ ਹੈ। ਮਹਿੰਗਾਈ ਨੂੰ ਘਟਾਉਣ ਲਈ ਤਾਂ ਭਾਵੇਂ ਸਰਕਾਰ ਜੋ ਵੀ ਕਦਮ ਚੁੱਕੇ, ਪਰ ਇਹ ਕਿਸਾਨਾਂ ਦਾ ਨੁਕਸਾਨ ਕਰ ਕੇ ਨਹੀਂ ਚੁੱਕੇ ਜਾਣੇ ਚਾਹੀਦੇ। ਜਦੋਂ 80 ਕਰੋੜ ਵਿਅਕਤੀਆਂ ਨੂੰ ਮੁਫਤ ਰਾਸ਼ਨ (ਕਣਕ ਤੇ ਚਾਵਲ) ਵੱਖੋ ਵੱਖ ਪ੍ਰਧਾਨ ਮੰਤਰੀ ਸਕੀਮਾਂ ਥੱਲੇ ਮਿਲ ਰਿਹਾ ਹੈ ਤਾਂ ਕਿਸਾਨਾਂ ਦੀ ਆਮਦਨ ਪ੍ਰਭਾਵਿਤ ਕਰਕੇ ਤਾਂ ਮਹਿੰਗਾਈ ਨੂੰ ਨਹੀਂ ਘਟਾਇਆ ਜਾਣਾ ਚਾਹੀਦਾ। ਹਾਂ ਹੋਰ ਸਰਕਾਰ ਘਰੇਲੂ ਨੀਤੀਆਂ ਬਣਾ ਕੇ ਖਪਤਕਾਰਾਂ ਵਲੋਂ ਵਰਤਣ ਵਾਲੀਆਂ ਚੀਜ਼ਾਂ ਦੀ ਮਹਿੰਗਾਈ ਭਾਵੇਂ ਘਟਾ ਲਵੇ। ਇਸ ਵੇਲੇ 2 ਲੱਖ ਕਰੋੜ ਦੀ ਖੁਰਾਕ ਸੁਰੱਖਿਆ ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਖੇਤੀ ਜਿਣਸਾਂ ਦੀ ਦਰਾਮਦ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਖਾਣ ਵਾਲੇ ਤੇਲਾਂ ਦੀ ਦਰਾਮਦ 2019 20 ਤੋਂ 2022 23 ਦੇ ਦਰਮਿਆਨ ਦੁੱਗਣੀ ਨਾਲੋਂ ਵੀ ਜ਼ਿਆਦਾ ਹੋ ਗਈ। ਕੇਂਦਰ ਸਰਕਾਰ ਦੀ ਚੋਣਾਂ ਤੋਂ ਪਹਿਲਾਂ ਮਹਿੰਗਾਈ 'ਤੇ ਕਾਬੂ ਕਰਨ ਅਤੇ ਸ਼ਹਿਰੀ ਖਪਤਕਾਰਾਂ ਦੇ ਪੱਖ 'ਚ ਨੀਤੀ ਇਸ ਤਰ੍ਹਾਂ ਦੀ ਨਹੀਂ ਹੋਣੀ ਚਾਹੀਦੀ ਕਿ ਇਸ ਦੇ ਨਤੀਜੇ ਵਜੋਂ ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦੀ ਮੰਡੀ 'ਚ ਘੱਟ ਕੀਮਤ ਮਿਲੇ। ਜਦੋਂ ਕੇਂਦਰ ਨੇ ਬਾਸਮਤੀ ਦੀ ਘੱਟੋ-ਘੱਟ ਬਰਾਮਦ ਕੀਮਤ ਨਿਯਤ ਕਰ ਕੇ ਬਾਸਮਤੀ ਦੀ ਬਰਾਮਦ 'ਤੇ ਇੱਕ ਤਰ੍ਹਾਂ ਦੀ ਪਾਬੰਦੀ ਹੀ ਲਗਾ ਦਿੱਤੀ ਤਾਂ ਪੰਜਾਬ ਤੇ ਹਰਿਆਣਾ ਦੀਆਂ ਮੰਡੀਆਂ ਵਿਚ ਵਪਾਰੀਆਂ ਤੇ ਬਰਾਮਦਕਾਰਾਂ ਨੇ ਬਾਸਮਤੀ ਖਰੀਦਣੀ ਬੰਦ ਕਰ ਦਿੱਤੀ ਸੀ, ਕਿਉਂਕਿ ਉਨ੍ਹਾਂ ਕੋਲ ਇਸ ਕੀਮਤ 'ਤੇ ਬਰਾਮਦ ਦੇ ਆਰਡਰ ਨਹੀਂ ਸਨ। ਨਤੀਜੇ ਵਜੋਂ ਕਿਸਾਨਾਂ ਨੂੰ ਉਸ ਸਮੇਂ ਦੇ ਮੁਕਾਬਲੇ ਜਦੋਂ ਬਾਸਮਤੀ ਦੀ ਬਰਾਮਦ 'ਤੇ ਕਿਸੇ ਕਿਸਮ ਦੀ ਕੋਈ ਪਾਬੰਦੀ ਨਹੀਂ ਸੀ ਉਸ ਨਾਲੋਂ ਮੰਡੀ 'ਚ ਕੀਮਤ ਘੱਟ ਮਿਲਣੀ ਸ਼ੁਰੂ ਹੋ ਗਈ। ਘੱਟੋ-ਘੱਟ ਬਰਾਮਦ ਕੀਮਤ ਮੁਕੱਰਰ ਹੋਣ ਕਰਨ ਨਾਲ ਨੁਕਸਾਨ ਕਿਸਾਨਾਂ ਦਾ ਹੋਇਆ, ਭਾਵੇਂ ਮੁਲਕ ਵਿਚ ਜੋ ਖੁਸ਼ਹਾਲ ਵਿਅਕਤੀ ਬਾਸਮਤੀ ਚੌਲ ਖਾਂਦੇ ਸਨ, ਉਨ੍ਹਾਂ ਨੂੰ ਲਾਭ ਪਹੁੰਚਿਆ, ਕਿਉਂਕਿ ਉਨ੍ਹਾਂ ਨੂੰ ਘੱਟ ਕੀਮਤ 'ਤੇ ਬਾਸਮਤੀ ਚੌਲ ਮਿਲਿਆ ਸੀ।

# ਗਾਜ਼ਾ 'ਚ ਕਿਵੇਂ ਹੋਵੇ ਜੰਗਬੰਦੀ?

## ਮਨੁੱਖਤਾਵਾਦੀ ਤ੍ਰਾਸਦੀ ਮੌਜੂਦਾ ਸਦੀ 'ਚ ਸਭ ਤੋਂ ਭੈੜੀ ਕਿਸਮ ਦਾ ਸੰਕਟ

## ਪ੍ਰੇਸ਼ਾਨ ਕਰਨ ਵਾਲੀ ਹੈ ਇਜ਼ਰਾਈਲ ਦੇ ਪਰਮਾਣੂ ਹਥਿਆਰਾਂ ਸਬੰਧੀ ਅਮਰੀਕਾ ਦੀ ਚੁੱਪੀ



**ਡਾ: ਅਰੁਣ ਮਿੱਤਰਾ**

ਗਾਜ਼ਾ ਵਿੱਚ ਮਨੁੱਖਤਾਵਾਦੀ ਤ੍ਰਾਸਦੀ ਮੌਜੂਦਾ ਸਦੀ ਵਿੱਚ ਸਭ ਤੋਂ ਭੈੜੀ ਕਿਸਮ ਦਾ ਸੰਕਟ ਹੈ। ਲਗਭਗ 11,000 ਲੋਕ, ਜਿਨ੍ਹਾਂ ਵਿੱਚੋਂ 70 ਪ੍ਰਤੀਸ਼ਤ ਔਰਤਾਂ ਅਤੇ ਬੱਚੇ ਹਨ, ਜਿਨ੍ਹਾਂ ਵਿੱਚੋਂ 40 ਪ੍ਰਤੀਸ਼ਤ 15 ਸਾਲ ਤੋਂ ਘੱਟ ਉਮਰ ਦੇ ਹਨ, ਸੰਘਣੀ ਆਬਾਦੀ ਵਾਲੇ ਖੇਤਰ ਵਿੱਚ ਬੇਮਿਸਾਲ ਹਮਲੇ ਅਤੇ ਬੇਮਿਸਾਲ ਬੰਬਾਰੀ ਦੁਆਰਾ ਮਾਰੇ ਗਏ ਹਨ। ਗਾਜ਼ਾ ਵਿੱਚ ਹਰ 10 ਮਿੰਟ ਵਿੱਚ ਇੱਕ ਬੱਚੇ ਦੀ ਮੌਤ ਹੋ ਰਹੀ ਹੈ। ਹਸਪਤਾਲਾਂ ਅਤੇ ਸ਼ਰਨਾਰਥੀ ਕੈਂਪਾਂ ਸਮੇਤ ਬਹੁਤ ਸਾਰਾ ਬੁਨਿਆਦੀ ਢਾਂਚਾ ਮਲਬੇ ਵਿੱਚ ਮਿਲਾ ਦਿੱਤਾ ਗਿਆ ਹੈ। ਇਸ ਤਬਾਹੀ ਤੋਂ ਸੰਤੁਸ਼ਟ ਨਾ ਹੋ ਕੇ, ਇਜ਼ਰਾਈਲ ਦੇ ਵਿਰਾਸਤੀ ਮੰਤਰੀ ਅਮੀਚਾਈ ਇਲੀਆਹੂ ਨੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਧਮਕੀ ਦਿੱਤੀ।

ਹਾਲਾਂਕਿ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਉਨ੍ਹਾਂ ਨੂੰ ਮੰਤਰੀ ਮੰਡਲ ਤੋਂ ਹਟਾ ਦਿੱਤਾ ਹੈ, ਜੋ ਮਹਿਜ਼ ਧੋਖਾ ਹੈ ਅਤੇ ਆਪਣੇ ਆਪ ਨੂੰ ਚੌਤਰਫਾ ਆਲੋਚਨਾ ਤੋਂ ਬਚਾਉਣ ਲਈ ਚੁੱਕਿਆ ਗਿਆ ਕਦਮ ਹੈ। ਇਹ ਮੰਨਣਾ ਭੋਲਾਪਣ ਹੋਵੇਗਾ ਕਿ ਮੰਤਰੀ ਦਾ ਇਹ ਬਿਆਨ ਇਜ਼ਰਾਈਲੀ ਸਰਕਾਰ ਦੇ ਅੰਦਰੂਨੀ ਹਲਕਿਆਂ ਵਿੱਚ ਬਿਨਾਂ ਕਿਸੇ ਚਰਚਾ ਦੇ ਆਇਆ ਹੈ। ਨਾ ਤਾਂ ਪ੍ਰਧਾਨ ਮੰਤਰੀ ਨੇਤਨਯਾਹੂ ਅਤੇ ਨਾ ਹੀ ਕਿਸੇ ਹੋਰ ਅਧਿਕਾਰੀ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਇਜ਼ਰਾਈਲ ਕੋਲ ਪ੍ਰਮਾਣੂ ਹਥਿਆਰ ਹਨ। ਇਹ ਪਹਿਲਾਂ ਦੀਆਂ ਅਟਕਲਾਂ ਦੀ ਪੁਸ਼ਟੀ ਕਰਦਾ ਹੈ ਕਿ ਇਜ਼ਰਾਈਲ ਇੱਕ ਪ੍ਰਮਾਣੂ ਹਥਿਆਰਾਂ ਵਾਲਾ ਦੇਸ਼ ਹੈ। ਗਾਜ਼ਾ 'ਤੇ ਇਜ਼ਰਾਈਲੀ ਹਮਲਾ, ਜਿਸ ਨੂੰ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਾਸ ਦੇ ਹਮਲੇ ਤੋਂ ਪ੍ਰੇਰਿਤ ਕਿਹਾ ਜਾਂਦਾ ਹੈ, ਅਸਲ ਵਿੱਚ ਫਲਸਤੀਨੀਆਂ ਦੀ ਨਸਲੀ ਸਫਾਈ ਵਿੱਚ ਬਦਲ ਗਿਆ ਹੈ।

ਇਰਾਕ ਕੋਲ ਵੱਡੇ ਪੱਧਰ 'ਤੇ ਵਿਨਾਸ਼ਕਾਰੀ ਹਥਿਆਰ ਹੋਣ ਦੇ ਝੂਠੇ ਦਿਖਾਵੇ ਅਤੇ ਗੈਰ-ਪ੍ਰਮਾਣਿਤ ਸਬੂਤਾਂ ਦੇ ਆਧਾਰ 'ਤੇ ਇਰਾਕ 'ਤੇ ਹਮਲਾ ਕਰਨ 'ਚ ਅਮਰੀਕਾ ਸਭ ਤੋਂ ਅੱਗੇ ਸੀ




ਪਰ ਅੱਜ ਇਜ਼ਰਾਇਲੀ ਮੰਤਰੀ ਦੇ ਬਿਆਨ 'ਤੇ ਚੁੱਪੀ ਧਾਰੀ ਬੈਠੀ ਰਿਹਾ ਹੈ ਪਰ ਹੁਣ ਜਦੋਂ ਇਜ਼ਰਾਈਲ ਦੇ ਮੰਤਰੀ ਨੇ ਪਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਖੁੱਲ੍ਹ ਕੇ ਧਮਕੀ ਦਿੱਤੀ ਹੈ ਤਾਂ ਅਮਰੀਕੀ ਸਰਕਾਰ ਅਤੇ ਉਸ ਦੇ ਸਹਿਯੋਗੀਆਂ ਦੀ ਚੁੱਪੀ ਪ੍ਰੇਸ਼ਾਨ ਕਰਨ ਵਾਲੀ ਹੈ। ਇੱਥੋਂ ਤੱਕ ਕਿ ਆਈ.ਏ.ਈ.ਏ. ਨੇ ਇੱਕ ਸ਼ਬਦ ਵੀ ਨਹੀਂ ਕਿਹਾ ਹੈ। ਅੰਤਰਰਾਸ਼ਟਰੀ ਅਪਰਾਧਿਕ ਅਦਾਲਤ (ਆਈ.ਸੀ.ਸੀ.) ਜਿਸ ਕੋਲ ਨਸਲਕੁਸ਼ੀ, ਮਨੁੱਖਤਾ ਵਿਰੁੱਧ ਅਪਰਾਧਾਂ ਵਰਗੇ ਅੰਤਰਰਾਸ਼ਟਰੀ ਅਪਰਾਧਾਂ ਲਈ ਵਿਅਕਤੀਆਂ 'ਤੇ ਮੁਕੱਦਮਾ ਚਲਾਉਣ ਦਾ ਅਧਿਕਾਰ ਹੈ, ਨੇਤਨਯਾਹੂ ਸਰਕਾਰ ਦੁਆਰਾ ਅਮਰੀਕਾ ਦੇ ਸਪੱਸ਼ਟ ਸਮਰਥਨ ਨਾਲ ਹਜ਼ਾਰਾਂ ਬੱਚਿਆਂ ਦੇ ਕਤਲੇਆਮ ਨੂੰ ਦੇਖਣ ਤੋਂ ਬਾਅਦ ਵੀ ਚੁੱਪ ਹੈ।

ਇਹ ਅਫ਼ਸੋਸ ਦੀ ਗੱਲ ਹੈ ਕਿ ਅਮਰੀਕਾ ਅਤੇ ਇਸਦੇ ਸਹਿਯੋਗੀਆਂ ਨੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਜਾਰਡਨ ਦੇ ਮਤੇ ਦੇ ਵਿਰੁੱਧ ਵੋਟ ਦਿੱਤਾ, ਜਿਸ ਵਿੱਚ ਇਜ਼ਰਾਈਲ ਅਤੇ ਫਲਸਤੀਨ ਵਿਚਕਾਰ ਤੁਰੰਤ ਜੰਗਬੰਦੀ ਦੀ ਮੰਗ ਕੀਤੀ ਗਈ ਸੀ। ਭਾਰਤ ਦਾ ਵੋਟਿੰਗ ਤੋਂ ਪਰਹੇਜ਼ ਕਰਨਾ ਇਜ਼ਰਾਈਲ ਸਰਕਾਰ ਵੱਲੋਂ ਹੱਤਿਆਵਾਂ ਨੂੰ ਜਾਇਜ਼ ਠਹਿਰਾਉਣ ਦੇ ਬਰਾਬਰ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਪਹਿਲਾਂ ਹੀ ਭਾਰਤ ਦੇ ਸਟੈਂਡ ਦੀ ਸ਼ਲਾਘਾ ਕਰ ਚੁੱਕੇ ਹਨ। ਹਮਾਸ ਵੱਲੋਂ 7 ਅਕਤੂਬਰ ਨੂੰ ਕੀਤੇ ਗਏ ਹਮਲੇ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਪਰ ਜਿਵੇਂ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਇਸ਼ਾਰਾ ਕੀਤਾ ਹੈ, ਇਜ਼ਰਾਈਲ 'ਤੇ 'ਹਮਾਸ' ਦੇ ਹਮਲੇ ਕਿਸੇ ਖਲਾਅ ਵਿੱਚ ਨਹੀਂ ਹੋਏ। ਇਜ਼ਰਾਈਲ ਅਤੇ ਅਮਰੀਕਾ ਨੇ ਇਹ ਬਿਰਤਾਂਤ ਸਿਰਜਿਆ ਹੈ ਕਿ ਇਜ਼ਰਾਈਲ ਨੂੰ ਆਪਣੀ ਰੱਖਿਆ ਕਰਨ ਦਾ ਅਧਿਕਾਰ ਹੈ, ਜਦੋਂ ਕਿ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਹੋਇਆ ਹੈ ਜਦੋਂ ਇਜ਼ਰਾਈਲ ਨੇ ਨਾ ਸਿਰਫ ਫਲਸਤੀਨੀ ਜ਼ਮੀਨਾਂ 'ਤੇ ਕਬਜ਼ਾ ਕੀਤਾ, ਬਲਕਿ ਉਨ੍ਹਾਂ ਨੂੰ ਬਾਹਰ ਧੱਕ ਦਿੱਤਾ ਅਤੇ ਉਨ੍ਹਾਂ ਨੂੰ ਰਾਜ ਰਹਿਤ ਨਾਗਰਿਕ ਬਣਾ ਦਿੱਤਾ ਅਤੇ ਇਸ ਤਰ੍ਹਾਂ ਅੰਤਰਰਾਸ਼ਟਰੀ ਕਾਨੂੰਨ ਨੂੰ ਸਪੱਸ਼ਟ ਤੌਰ 'ਤੇ ਰੱਦ ਕੀਤਾ। ਸ਼ਾਂਤੀਪੂਰਨ ਸਹਿ-ਹੋਂਦ ਦੇ ਦੋ-ਰਾਸ਼ਟਰੀ ਸਿਧਾਂਤ, ਜਿਵੇਂ ਕਿ ਸੰਯੁਕਤ ਰਾਜ ਅਤੇ ਸੋਵੀਅਤ ਰੂਸ ਦੇ ਦਖਲ ਨਾਲ 1967 ਵਿੱਚ ਇਜ਼ਰਾਈਲ ਅਤੇ ਫਲਸਤੀਨ ਵਿਚਕਾਰ ਅਪਣਾਇਆ ਗਿਆ ਸੀ। ਹਮਲਾਵਰਾਂ ਵੱਲੋਂ ਆਪਣੇ ਜੁਰਮਾਂ ਨੂੰ ਜਾਇਜ਼ ਠਹਿਰਾਉਣ ਲਈ ਝੂਠੀਆਂ ਕਹਾਣੀਆਂ ਘੜੀਆਂ ਜਾਂਦੀਆਂ ਹਨ। ਉਹ ਕਿਸੇ ਨਾ ਕਿਸੇ ਬਹਾਨੇ ਉਲਟਾ ਪ੍ਰਦਰਸ਼ਨ ਕਰਦੇ ਹਨ। ਨਾਜ਼ੀਆਂ ਨੇ ਜਰਮਨੀ ਦੀਆਂ ਬੁਰਾਈਆਂ ਲਈ ਯਹੂਦੀਆਂ ਨੂੰ ਜ਼ਿੰਮੇਵਾਰ ਠਹਿਰਾਇਆ।

1947 ਦੀ ਵੰਡ ਦੌਰਾਨ ਭਾਰਤ ਨੂੰ ਇੱਕ ਗੰਭੀਰ ਮਨੁੱਖੀ ਸੰਕਟ ਦਾ ਸਾਹਮਣਾ ਕਰਨਾ ਪਿਆ ਜਿਸ ਵਿੱਚ ਕੱਟੜਪੰਥੀਆਂ ਦੁਆਰਾ 2.5 ਮਿਲੀਅਨ ਹਿੰਦੂ, ਮੁਸਲਮਾਨ ਅਤੇ ਸਿੱਖ ਮਾਰੇ ਗਏ ਸਨ। ਬਦਕਿਸਮਤੀ ਨਾਲ ਇੱਥੇ ਘੱਟ-ਗਿਣਤੀ ਵਿਰੋਧੀ ਬਿਆਨਬਾਜ਼ੀ ਇਸ ਵੇਲੇ ਫੈਲ ਰਹੀ ਹੈ ਕਿਉਂਕਿ ਅਸੀਂ ਘੱਟ-ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਨੂੰ ਹਿੰਦੂ ਕੱਟੜਪੰਥੀਆਂ ਦੁਆਰਾ ਕੇਂਦਰ ਵਿੱਚ ਸੱਤਾਧਾਰੀ ਸਰਕਾਰ ਦੀ ਖੁੱਲ੍ਹੀ ਹਮਾਇਤ ਨਾਲ ਭੂਤ ਦਾ ਸ਼ਿਕਾਰ ਹੁੰਦੇ ਦੇਖ ਰਹੇ ਹਾਂ। ਸਾਨੂੰ ਇਹ ਸਮਝਣਾ ਹੋਵੇਗਾ ਕਿ ਜ਼ਾਇਓਨਿਜ਼ਮ ਨੂੰ ਯਹੂਦੀਆਂ ਤੋਂ, ਨਾਜ਼ੀਵਾਦ ਨੂੰ ਜਰਮਨਾਂ ਤੋਂ ਅਤੇ ਹਿੰਦੂਤਵ (ਹਿੰਦੂ ਕੱਟੜਵਾਦ) ਨੂੰ ਹਿੰਦੂਆਂ ਤੋਂ ਵੱਖ ਕਰਨਾ ਹੋਵੇਗਾ। ਸਾਰੇ ਮੁਸਲਮਾਨਾਂ ਨੂੰ ਅੱਤਵਾਦੀ ਨਹੀਂ ਮੰਨਿਆ ਜਾ ਸਕਦਾ। ਅਜਿਹੀ ਵਿਚਾਰਧਾਰਾ ਵਿਨਾਸ਼ਕਾਰੀ ਹੋ ਸਕਦੀ ਹੈ ਅਤੇ ਕੇਵਲ ਉਨ੍ਹਾਂ ਲਈ

(ਬਾਕੀ ਸਫ਼ਾ 31 'ਤੇ)

**ਲੋਕਾਂ ਦੀ ਆਵਾਜ਼ ਸ਼ਾਂਤੀ ਲਈ ਹੈ, ਤੁਰੰਤ ਜੰਗਬੰਦੀ ਦੀ ਮੰਗ ਨੂੰ ਲੈ ਕੇ ਦੁਨੀਆਂ ਭਰ ਵਿੱਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਤੁਰੰਤ ਜੰਗਬੰਦੀ ਲਈ ਦੱਖਣੀ ਅਫ਼ਰੀਕਾ ਦੀਆਂ ਸ਼ਾਂਤੀ ਯੋਜਨਾਵਾਂ ਚੰਗੀ ਤਰ੍ਹਾਂ ਅਨੁਕੂਲ ਹਨ ਅਤੇ ਇਸ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਇਸ ਸਮੇਂ ਪ੍ਰਮਾਣੂ ਵਿਰੋਧੀ ਲਹਿਰ ਨੂੰ ਹੋਰ ਜ਼ੋਰਦਾਰ ਹੋਣਾ ਪਵੇਗਾ।**

# ਪੰਜਾਬ ਐਂਡ ਸਿੰਧ ਬੈਂਕ ਦੀ ਸਿੱਖੀ ਅਤੇ ਪੰਜਾਬ ਨੂੰ ਵੱਡੀ ਦੇਣ

**ਰਘਵੀਰ ਸਿੰਘ ਬਰਨਾਲਾ**

ਸਾਡੇ ਵਡੇਰੇ ਕਿੰਨੇ ਸੂਝਵਾਨ ਸਨ, ਜਦੋਂ ਅੰਗਰੇਜ਼ਾਂ ਨੇ ਆਪਣੀ ਲੋੜ ਲਈ ਪੂਰੇ ਪੰਜਾਬ ਵਿੱਚ ਨਹਿਰਾਂ ਕੱਢੀਆਂ ਤਾਂ ਕੁਦਰਤੀ ਇਸ ਨਾਲ ਪੰਜਾਬ ਦੇ ਹਰੇਕ ਵਰਗ ਦੀ ਆਰਥਿਕ ਹਾਲਤ ਵਿੱਚ ਸੁਧਾਰ ਹੋਇਆ। ਉਸ ਸਮੇ ਬਹੁਤ ਸਿੱਖ ਫੌਜ ਵਿੱਚ ਵੀ ਭਰਤੀ ਹੁੰਦੇ ਜਾਂ ਚਾਰ ਪੈਸੇ ਕਮਾਉਣ ਲਈ ਬਰਮਾ,ਚੀਨ, ਜਪਾਨ, ਮਲਾਇਆ ਆਦਿਕ ਦੇਸ਼ਾਂ ਵਿ–ਚ ਜਾਂਦੇ ਤੇ ਉਸੇ ਸਮੇਂ ਬੈਕਾਂ ਦੀ ਲੋੜ ਮਹਿਸੂਸ ਹੋਈ। 19ਵੀ ਸਦੀ ਦੇ ਆਖਰੀ ਤੇ 20ਵੀ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿੱਚ ਇੰਡੀਆ ਵਿੱਚ ਕਾਫੀ ਨਵੇਂ ਬੈਕ ਖੋਲੇ। ਪੰਜਾਬ ਨੈਸ਼ਨਲ ਬੈਂਕ ਇੱਕ ਸਿੱਖ ਸਰਦਾਰ ਦਿਆਲ ਸਿੰਘ ਮਜੀਠੀਆ ਨੇ ਆਪਣੇ ਪੈਸੇ ਨਾਲ ਖੋਲਿਆ ਪਰ ਉਸਦੀ ਗਲਤੀ ਕਾਰਣ ਇਸ ਬੈਕ ਤੇ ਉਸਦੇ ਸਥਾਪਤ ਕੀਤੇ ਟ੍ਰਿਬਿਊਨ ਅਖਬਾਰ ਉਪਰ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਆਰੀਆ ਸਮਾਜੀ ਕਾਬਜ ਹੋ ਗਏ। ਸਾਡੇ ਵਡੇਰੇ ਇਸ ਗੱਲੋਂ ਬਹੁਤ ਚਿੰਤਤ ਸਨ ਕਿ ਅਟਕ ਦਰਿਆ ਤੋਂ ਲੈਕੇ ਦਿੱਲੀ ਤੱਕ ਆਰਥਿਕ ਸਥਿਤੀ ਵਿੱਚ ਦੂਜੇ ਧਰਮਾਂ ਤੋਂ ਕਿਤੇ ਮਜਬੂਤ ਸਿੱਖ ਕੌਮ ਕੋਲ ਆਪਣਾ ਕੋਈ ਬੈਕ ਨਹੀਂ ਸੀ। ਲੰਮੇ ਵਿਚਾਰ ਵਟਾਂਦਰੇ ਮਗਰੋਂ ਭਾਈ ਵੀਰ ਸਿੰਘ, ਸੁੰਦਰ ਸਿੰਘ ਮਜੀਠੀਆ ਤੇ ਸਰਦਾਰ ਤਰਲੋਚਨ ਸਿੰਘ ਦੀ ਤਿੱਕੜੀ ਨੇ ਪੰਜਾਬ ਐਡ ਸਿੰਧ ਬੈਕ ਦੇ ਨਾਮ ਹੇਠ ਸਿੱਖਾਂ ਦਾ ਆਪਣਾ ਬੈਂਕ ਖੋਲਣ ਦਾ ਫੈਸਲਾ ਲਿਆ ਤੇ 24 ਜੂਨ 1908 ਨੂੰ ਅੰਮ੍ਰਿਤਸਰ ਹਾਲ ਬਜ਼ਾਰ ਵਿੱਚ ਆਪਣੀ ਪਹਿਲੀ ਬਰਾਂਚ ਖੋਲ ਦਿੱਤੀ। ਉਸ ਸਮੇਂ ਆਰਥਿਕ ਸਾਧਨ ਬਹੁਤ ਹੀ ਸੀਮਤ ਸਨ। ਬੈਕ ਬਰਾਚਾਂ ਖੋਲਕੇ ਉਨ੍ਹਾਂ ਨੂੰ ਚਲਾਉਣਾ ਇੱਕ ਚਣੌਤੀ ਸੀ ਪਰ ਫੇਰ ਵੀ ਬੈਕ ਨੇ 1947 ਤੱਕ ਸਿੱਖ ਵਸੋਂ ਵਾਲੇ ਲਹਿੰਦੇ ਪੰਜਾਬ ਦੇ ਲਹੌਰ ਲਾਇਲਪੁਰ ਰਾਵਲਪਿੰਡੀ ਸਿਆਲਕੋਟ ਆਦਿਕ ਵਿੱਚ ਅੱਠ ਬਰਾਚਾਂ ਹੋਰ ਖੋਲੀਆਂ ਪਰ 1947 ਦੇ ਬਟਵਾਰੇ ਨਾਲ ਅੰਮ੍ਰਿਤਸਰ ਵਾਲੀ ਬਰਾਂਚ ਨੂੰ ਛੱਡ ਕੇ ਬਾਕੀ ਸਾਰੀਆਂ 8 ਬਰਾਂਚਾਂ ਪਾਕਿ ਵਿੱਚ ਰਹਿ ਗਈਆਂ।

1947 ਤੋਂ ਬਾਅਦ ਬੈਕ ਸਾਹਮਣੇ ਵੱਡੀ ਚਣੌਤੀ ਪਾਕਿ ਵਿੱਚ ਰਹਿ ਗਈਆਂ ਬਰਾਚਾਂ ਦੇ ਖਾਤਾਧਾਰਕਾਂ ਦੇ ਬਕਾਏ ਦੇਣੇ ਤੇ ਇਧਰ ਨਵੀਆਂ ਬਰਾਂਚਾਂ ਖੋਲਣੀਆਂ..ਬੈਕ ਨੇ ਹੌਲੀ-ਹੌਲੀ ਸੀਮਤ ਸਾਧਨਾਂ ਨਾਲ ਦੋਵੇ ਕੰਮ ਜਾਰੀ ਰੱਖੇ ਤੇ 1968 ਤੱਕ ਬੈਕ ਨੇ ਵੱਡੇ ਸਹਿਰਾਂ ਵਿੱਚ 8 ਬਰਾਚਾਂ ਖੋਲੀਆਂ। ਇਸ ਸਮੇਂ ਸਰਦਾਰ ਇੰਦਰਜੀਤ ਸਿੰਘ ਯੂਕੋ ਬੈਂਕ ਵਿੱਚ ਇੰਸਪੈਕਟਰ ਸਨ ਤੇ ਉਸ ਬੈਕ ਨੇ ਉਸਦੀ ਸੀਨੀਆਰਟੀ ਕੱਟ ਕੇ ਕਿਸੇ ਜੂਨੀਅਰ ਨੂੰ ਤਰੱਕੀ ਦੇ ਦਿੱਤੀ। ਜਦੋਂ ਸਰਦਾਰ ਇੰਦਰਜੀਤ ਸਿੰਘ ਨੇ ਉਚ ਮੈਨਜਮੈਂਟ ਕੋਲ ਆਪਣਾ ਰੋਸ ਤੇ ਦਾਅਵਾ ਦਰਜ ਕਰਾਇਆ ਤਾਂ ਮੈਨਜਮੈਂਟ ਨੇ ਇਹ ਕਹਿਕੇ ਕਿ 'ਸਰਦਾਰ ਚੰਗੇ ਡਰਾਈਵਰ ਹੋ ਸਕਦੇ ਹਨ, ਚੰਗੇ ਪ੍ਰਬੰਧਕ ਤੇ ਮਨੇਜਰ ਨਹੀਂ ਹੋ ਸਕਦੇ' ਸਰਦਾਰ ਇੰਦਰਜੀਤ ਸਿੰਘ ਨੂੰ ਝਜੋੜ ਕੇ ਰੱਖ ਦਿੱਤਾ ਤੇ ਉਨ੍ਹਾਂ ਨੇ ਉਸੇ ਵੇਲੇ ਉਸ ਬੈਕ ਤੋਂ ਅਸਤੀਫਾ ਦੇ ਕੇ ਉਨ੍ਹਾਂ ਦਾ ਚੈਲਿੰਜ ਇਹ ਕਹਿਕੇ ਮਨਜੂਰ ਕੀਤਾ ਕਿ 'ਮੈ ਸਿੱਧ ਕਰਕੇ ਦਿਖਾਵਾਂਗਾ ਕਿ ਸਿੱਖ ਚੰਗੇ ਪ੍ਰਬੰਧਕ ਤੇ ਮੈਨੇਜਰ ਵੀ ਹੋ ਸਕਦੇ ਹਨ'। ਉਸਤੋਂ ਬਾਅਦ ਉਹ ਪੰਜਾਬ ਐਂਡ ਸਿੰਧ ਬੈਕ ਵਿੱਚ ਜਰਨਲ ਮੈਨੇਜਰ ਨਿਯੁਕਤ ਹੋਏ ਤੇ ਬਾਅਦ ਵਿੱਚ ਬੈਕ ਦੇ ਚੇਅਰਮੈਨ ਬਣੇ। ਉਨ੍ਹਾਂ ਦਾ ਪਿਛੋਕੜ ਇੱਕ ਹਿੰਦੂ ਪਰਿਵਾਰ ਨਾਲ ਸੀ


S. Inderjit Singh: Brain behind the success

ਤੇ ਉਹ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ ਸਨ। ਉਨ੍ਹਾਂ ਦੀ ਯੋਗ ਅਗਵਾਈ ਵਿੱਚ ਬੈਕ ਨੇ ਬੁਲੰਦੀਆਂ ਨੂੰ ਛੋਹਿਆ। ਜਦੋਂ ਉਹ ਬੈਕ ਵਿੱਚ ਆਏ ਉਦੋਂ 8 ਬਰਾਚਾਂ ਸਨ ਤੇ ਜਦੋ ਦਸ ਸਾਲ ਬਾਅਦ ਬੈਕ ਸਰਕਾਰੀ ਹੋਣ ਕਾਰਨ ਗਏ ਉਦੋ 600 ਬਰਾਂਚ ਹੋ ਗਈ ਸੀ। 70ਵਿਆਂ ਦੇ ਸ਼ੁਰੂ ਵਿੱਚ ਅਮਰੀਕਾ ਦੇ ਚੋਟੀ ਦੇ ਮਾਸਿਕ ਰਸਾਲੇ ਨੇ ਇੱਕ ਸਪੈਸ਼ਲ ਲੇਖ ਬੈਕ 'ਤੇ ਲਿਖਕੇ ਕਿਹਾ ਕਿ ਜੇਕਰ ਕਿਸੇ ਨੇ ਬੈਕਿੰਗ ਸਿੱਖਣੀ ਹੈ ਤਾਂ ਉਹ ਇੰਡੀਆ ਦੇ ਪੰਜਾਬ ਸੂਬੇ ਵਿੱਚ ਜਾਕੇ ਸਿੱਖੇ ਜਿਥੇ ਪੰਜਾਬ ਐਂਡ ਸਿੰਧ ਬੈਕ ਨਾਮ ਦੇ ਕਮਿਊਨਿਟੀ ਬੇਸਿਡ ਬੈਕ ਨੇ ਸਲਾਨਾ 300% ਦੇ ਹਿਸਾਬ ਨਾਲ ਤਰੱਕੀ ਕੀਤੀ। ਪਹਿਲਾਂ ਸਿੱਖਾਂ ਨੂੰ ਡਰਾਈਵਰਾਂ ਤੇ ਫੌਜੀਆਂ ਤੱਕ ਹੀ ਸੀਮਿਤ ਕੀਤਾ ਜਾਂਦਾ ਸੀ ਪਰ ਸਰਦਾਰ ਇੰਦਰਜੀਤ ਸਿੰਘ ਨੇ ਇਹ ਸਿੱਧ ਕਰਕੇ ਦਿਖਾਇਆ ਕਿ ਕਿਵੇਂ ਸਿੱਖ ਪ੍ਰਬੰਧਕ ਤੇ ਮੈਨੇਜਰ ਵੀ ਹੋ ਸਕਦੇ ਹਨ। ਪੰਜਾਬ ਐਂਡ ਸਿੰਧ ਬੈਕ ਨੇ ਪੰਜਾਬ ਤੇ ਪੰਜਾਬੋਂ ਬਾਹਰ ਸ਼ਹਿਰੀ ਸਿੱਖਾਂ ਨੂੰ ਵਪਾਰ ਤੇ ਦੁਕਾਨਦਾਰੀ ਕਰਨ ਵਿੱਚ ਬੇਹੱਦ ਮਦਦ ਕੀਤੀ। ਸਿੱਖ ਟਰਾਂਸਪੋਟਰਾਂ ਦੇ ਧੜੱਲੇ ਨਾਲ ਲੋਨ ਦਿੱਤੇ ਤੇ ਕਿਸਾਨੀ ਦੀ ਹਰੇਕ ਲੈਵਲ 'ਤੇ ਮਦਦ ਕੀਤੀ। ਪੰਜਾਬ ਐਂਡ ਸਿੰਧ ਬੈਕ ਵਿੱਚ 11 ਹਜ਼ਾਰ ਮੁਲਾਜ਼ਮ ਸਨ ਤੇ ਉਨ੍ਹਾਂ ਵਿੱਚੋਂ 90% ਸਿੱਖ ਸਨ, ਹਿਸਾਬ ਲਾਓ ਅੱਗੇ ਉਨ੍ਹਾਂ ਦੇ ਪਰਿਵਾਰ। ਬੈਕ ਦੀਆਂ ਬਰਾਂਚਾਂ ਖੋਲਣ ਲਈ ਲਾਇਸੈਂਸ ਲੈਣ ਲਈ ਇੰਦਰਜੀਤ ਸਿੰਘ ਨੂੰ ਇੰਦਰਾ ਗਾਂਧੀ ਦੀ ਮੱਦਦ ਵੀ ਲੈਣੀ ਪਈ ਸੀ।

ਜਦੋਂ 1980 ਵਿੱਚ ਬੈਕ ਸਰਕਾਰੀ ਕੀਤਾ ਗਿਆ ਉਦੋਂ ਮੁਸਲਮਾਨ ਆਪਣੇ ਬੈਕ ਨੂੰ ਸਰਕਾਰੀ ਹੋਣ ਤੋਂ ਬਚਾ ਗਏ ਪਰ ਸਾਡੀ ਨਿਕੰਮੀ ਅਕਾਲੀ ਲੀਡਰਸ਼ਿਪ ਕੁਝ ਨਾ ਕਰ ਸਕੀ। ਜੇਕਰ ਇਹ ਬੈਕ ਸਰਕਾਰੀ ਨਾ ਹੁੰਦਾ ਤਾਂ ਅੱਜ ਇਹ ਸਟੇਟ ਬੈਕ ਆਫ ਇੰਡੀਆ ਦੇ ਬਰਾਬਰ ਦਾ ਬੈਕ ਹੋਣਾ ਸੀ ਤੇ ਦੋ ਲੱਖ ਹੋਰ ਸਿੱਖ ਨੌਜਵਾਨ ਇਸ ਬੈਕ ਵਿੱਚ ਉਚ ਅਹੁਦਿਆਂ 'ਤੇ ਹੋਣੇ ਸੀ। ਜੇਕਰ ਇਹ ਸਰਕਾਰੀ ਹੋ ਹੀ ਗਿਆ ਸੀ ਤਾਂ ਸਾਡੇ ਲੀਡਰਾਂ ਨੂੰ ਉਸ ਸਮੇਂ ਸਿੱਖਾਂ ਲਈ ਨਵੇਂ ਬੈਕ ਦਾ ਲਾਇਸੈਂਸ ਮੰਗਣਾ ਚਾਹੀਦਾ ਸੀ। ਇਸ ਬੈਕ ਨੂੰ ਸਰਕਾਰੀ ਕਰਨ ਦੇ ਫੈਸਲੇ ਨਾਲ ਇੰਦਰਾ ਉਦੋਂ ਡਰੀ ਹੋਈ ਸੀ ਤੇ ਉਸਨੇ ਲਾਇਸੈਂਸ ਦੇ ਵੀ ਦੇਣਾ ਸੀ ਤੇ ਉਦੋਂ ਸਰਦਾਰ ਇੰਦਰਜੀਤ ਸਿੰਘ ਜੀ ਨੇ ਨਵੇਂ ਬੈਕ ਨੂੰ ਕਾਮਯਾਬ ਕਰ ਵੀ ਦੇਣਾ ਸੀ। ਪਰ ਸਾਡੀ ਲੀਡਰਸ਼ਿਪ ਦੂਰਦਰਸ਼ੀ ਹੀ ਨਹੀਂ, ਇਸੇ ਕਰ ਕੇ ਸਾਡੇ ਨੌਜਵਾਨਾਂ ਨੂੰ ਪ੍ਰਦੇਸ਼ਾਂ ਵਿੱਚ ਰੁਲਣਾ ਪੈ ਰਿਹਾ ਹੈ। ਰਿਪੁਦਮਨ ਸਿੰਘ ਮਲਿਕ ਵਰਗੇ ਪ੍ਰਵਾਸੀ ਸਿੱਖ ਜੇਕਰ ਕੈਨੇਡਾ ਵਿੱਚ ਬੈਕ ਚਲਾ ਸਕਦੇ ਹਨ ਤਾਂ ਸਾਡੇ ਪੰਜਾਬ ਤੇ ਇੰਡੀਆ ਵਿੱਚ ਕਿਉਂ ਨਹੀਂ। ਪਰ ਉਨ੍ਹਾਂ ਨੂੰ ਜਾਕੇ ਪ੍ਰੇਰਨਾ ਤਾਂ ਪਵੇਗਾ ਹੀ। ਸ਼੍ਰੋਮਣੀ ਕਮੇਟੀ ਏਡੀ ਵੱਡੀ ਸੰਸਥਾ ਤਾਂ ਆਪਣਾ ਬੈਕ ਖੋਲ ਸਕਦੀ ਹੈ ਪਰ ਸਾਡੇ ਲੀਡਰਾਂ ਦਾ ਇਧਰ ਧਿਆਨ ਹੀ ਨਹੀਂ ਤੇ ਨਾ ਹੀ ਸਾਡੇ ਲੀਡਰ ਸਿੱਖ ਬੈਂਕ ਲਈ ਲਾਇਸੈਂਸ ਮੰਗਣ। 1996 ਤੋਂ ਭਾਜਪਾ ਨਾਲ ਯਾਰੀ ਵਿਚੋਂ ਜੇਕਰ ਸਾਡੇ ਲੀਡਰਾਂ ਨੇ ਕੁਝ ਮੰਗਿਆ ਤਾਂ ਉਹ ਸੀ ਆਪਣੀ ਨੂੰਹ ਲਈ ਟੁੱਚੀ ਜਿਹੀ ਮੰਤਰੀਸ਼ਿਪ ਦੀ ਕੁਰਸੀ, ਕੌਮ ਡਿੱਗੇ ਢੱਠੇ ਖੂਹ ਵਿੱਚ। ਮੋਦੀ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਰਿਹਾ ਸੀ ਤੇ ਇਹ ਪਰਿਵਾਰ ਜ਼ਮੀਨ ਖੁੱਸਣ ਦੇ ਫਾਇਦੇ ਦੱਸ ਰਿਹਾ ਸੀ। ਕਿਸੇ ਵੀ ਕੌਮ ਨੇ ਜੇ ਅੱਗੇ ਵਧਣਾ ਹੈ ਤੇ ਤਰੱਕੀ ਕਰਨੀ ਹੈ ਤਾਂ ਉਨ੍ਹਾਂ ਨੂੰ ਆਪਣਾ ਬੈਕ ਖੋਲਣਾ ਹੀ ਪਵੇਗਾ। ਪਾਰਸੀ ਧਰਮ ਵਾਲਿਆਂ ਦੀ ਇੰਡੀਆ ਵਿੱਚ ਗਿਣਤੀ 50 ਹਜ਼ਾਰ ਤੋਂ ਘੱਟ ਹੈ ਪਰ ਉਨ੍ਹਾਂ ਕੋਲ ਬੈਕ ਆਫ ਇੰਡੀਆ ਤੇ ਸੈਂਟਰਲ ਬੈਕ ਆਫ ਇੰਡੀਆ ਨਾਮ ਦੇ ਦੋ ਉਚਕੋਟੀ ਦੇ ਬੈਕ ਸਨ। ਇੰਦਰਾ ਗਾਂਧੀ ਨੇ ਸਰਕਾਰੀ ਕਰ ਦਿੱਤੇ ਪਰ ਹੁਣ 54 ਸਾਲ ਬਾਅਦ ਉਨ੍ਹਾਂ ਰੌਲਾ ਪਾਇਆ ਹੋਇਆ ਹੈ ਕਿ ਜੇਕਰ ਇਹ ਪ੍ਰਾਈਵੇਟ ਕਰਕੇ ਵੇਚਣੇ ਹਨ ਤਾਂ ਪਾਰਸੀਆਂ ਦੇ ਟਾਟਾ ਗਰੁੱਪ ਨੂੰ ਦਿੱਤੇ ਜਾਣ ਪਰ ਸਾਡੇ ਕੋਲ ਕੋਈ ਯੋਜਨਾ ਨਹੀਂ। ਹੁਣ ਕਿਸੇ ਹੋਰ ਬੈਕ ਵਿੱਚ ਸਿੱਖ ਮੁਲਾਜ਼ਮ ਦਿੱਸ ਸਕਦਾ ਹੈ ਪਰ ਪੰਜਾਬ ਐਂਡ ਸਿੰਧ ਬੈਕ ਵਿੱਚ ਨਹੀ, ਜੋ ਵਿਰਲੇ ਹਨ ਉਹ ਪੁਰਾਣੇ ਚਪੜਾਸੀ ਤੋਂ ਪਰਮੋਟ ਕੀਤੇ ਹੋਏ ਹਨ। ਇਸ ਬਾਦਲ ਪਰਿਵਾਰ ਨੇ ਕੌਮ ਵਾਰੇ ਤਾਂ ਸੋਚਿਆ ਹੀ ਨਹੀਂ, ਬੱਸ ਪਰਿਵਾਰ ਤੋਂ ਬਿਨਾ ਸੋਚਣ ਦਾ ਟਾਈਮ ਹੀ ਨਹੀਂ ਸੀ। ਅਕਾਲ ਪੁਰਖ ਮਿਹਰ ਕਰਨ, ਕੋਈ ਸਰਦਾਰ ਇੰਦਰਜੀਤ ਸਿੰਘ ਦਾਨਿਸ਼ਵਰ ਸਿੱਖ ਫੇਰ ਮੰਚ 'ਤੇ ਆਵੇ ਤੇ ਕੌਮ ਦੀ ਆਰਥਿਕ ਤਰੱਕੀ ਬਾਰੇ ਸੋਚੇ।








# ਮੱਘਰ ਨਾ ਜਾਈਂ ਚੰਨਾ

## ਮੱਘਰ ਚੜ੍ਹਿਆ ਚੜ੍ਹੀ ਠੰਡ ...
## ਮੇਰਾ ਮੱਘਰ ਕਰੀਂ ਵਿਆਹ ਵੇ ...
## ਮੱਘਰ ਚੜ੍ਹੇ ਜੋ ਸਰਦੀ ਹੋਈ ...



ਅੰਮ੍ਰਿਤ ਵੇਲੇ ਰੁਮਕਦੀ ਠੰਡੀ ਸ਼ੀਤਲ ਹਵਾ, ਚੜ੍ਹਦੇ ਸੂਰਜ ਦੀ ਚੁਫੇਰੇ ਫੈਲੀ ਲਾਲੀ, ਵਾਤਾਵਰਨ ਵਿੱਚ ਗੂੰਜਦਾ ਦੇਸੀ ਅਤੇ ਪਰਵਾਸੀ ਪੰਛੀਆਂ ਦੀਆਂ ਮਨਮੋਹਨੀਆਂ ਆਵਾਜ਼ਾਂ ਵਾਲਾ ਸੰਗੀਤ, ਨਰਮ ਘਾਹ ਅਤੇ ਫੁੱਲ ਪੌਦਿਆਂ 'ਤੇ ਪਈਆਂ ਤਰੇਲ ਦੀਆਂ ਬੂੰਦਾਂ, ਹਰ ਪਾਸੇ ਹੁੰਦੇ ਵਿਆਹਾਂ ਦੀ ਗੂੰਜਦੀ ਸ਼ਹਿਨਾਈ, ਵੱਜਦੇ ਢੋਲ ਨਗਾੜੇ ਅਤੇ ਪੈਂਦੇ ਗਿੱਧੇ ਭੰਗੜੇ ਦੀ ਧਮਕ, ਵਿਆਹ ਸਮਾਗਮਾਂ ਵਿੱਚ ਲਾੜੀਆਂ ਦੀਆਂ ਭੈਣਾਂ ਅਤੇ ਸਹੇਲੀਆਂ ਦਾ ਗੂੰਜਦਾ ਹਾਸਾ, ਠਾਰੀ ਸਵੇਰ 'ਚ ਗਰਮ ਚਾਹ ਪੀਣ ਨੂੰ ਕਰਦਾ ਜੀਅ ਮੱਘਰ ਮਹੀਨੇ ਦੀ ਆਮਦ ਦਾ ਸੂਚਕ ਹਨ।

ਮੱਘਰ ਮਹੀਨੇ ਵਿੱਚ ਮਿਸਰ ਰੁੱਤ ਹੁੰਦੀ ਹੈ, ਜੋ ਕਿ ਪੋਹ ਮਹੀਨੇ ਵੀ ਜਾਰੀ ਰਹਿੰਦੀ ਹੈ। ਮੱਘਰ ਮਹੀਨਾ ਗ੍ਰੇਗਰੀ ਅਤੇ ਜੂਲੀਅਨ ਕੈਲੰਡਰਾਂ ਵਿੱਚ ਅੱਧਾ ਨਵੰਬਰ ਮਹੀਨੇ ਅਤੇ ਅੱਧਾ ਦਸੰਬਰ ਮਹੀਨੇ ਆਉਂਦਾ ਹੈ। ਇਹ ਨਵੰਬਰ ਦੇ ਅੱਧ ਵਿੱਚ ਸ਼ੁਰੂ ਹੋ ਕੇ ਦਸੰਬਰ ਮਹੀਨੇ ਦੇ ਅੱਧ ਤੱਕ ਰਹਿੰਦਾ ਹੈ। ਮੱਘਰ ਮਹੀਨੇ ਵਿੱਚ ਪੋਹ ਮਾਘ ਵਰਗੀ ਸਖ਼ਤ ਸਰਦੀ ਪੈਣ ਤੋਂ ਪਹਿਲਾਂ ਜੋ ਦਰਮਿਆਨੀ ਠੰਡ ਪੈਂਦੀ ਹੈ, ਉਸ ਨੂੰ ਗੁਲਾਬੀ ਠੰਡ ਕਹਿੰਦੇ ਹਨ।

ਮੱਘਰ ਮਹੀਨੇ ਬਾਰੇ ਬੁੱਲੇ ਸ਼ਾਹ ਨੇ ਲਿਖਿਆ ਹੈ

ਮਘਰਿ ਮੈਂ ਪਾਰਿ ਮਿਤ੍ਰ ਨਾ ਜਾਂਦਾ
ਰਾਖਸ਼ ਨੇਹੁ ਹੱਡਾਂ ਨੂੰ ਖਾਂਦਾ

ਇਸੇ ਤਰਾਂ ਫਜ਼ਲ ਸ਼ਾਹ ਨੇ ਮੱਘਰ ਮਹੀਨੇ ਬਾਰੇ ਲਿਖਿਆ ਹੈ

ਚੜੇ ਮਘਰ ਹੋਈ ਨਿਰਾਸ਼
ਟੁੱਟ ਗਈ ਆਸ
ਪ੍ਰੋਤਾ ਮਾਸ, ਸਮੇਂ ਦੇ ਤੀਰ ਨੇ।

ਮੱਘਰ ਮਹੀਨੇ ਦਾ ਵਰਣਨ ਆਪਣੀਆਂ ਰਚਨਾਵਾਂ ਵਿਚ ਕਰਦੇ ਹੋਏ ਗੁਲਾਮ ਹੁਸੈਨ ਨੇ ਲਿਖਿਆ ਹੈ

ਮੱਘਰ ਚੜ੍ਹੇ ਜੋ ਸਰਦੀ ਹੋਈ
ਬੰਦੀ ਬ੍ਰਿਹੋ ਨੇ ਬੰਨ ਪਰੋਈ

ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਸੂਫ਼ੀ ਕਵੀਆਂ, ਫਕੀਰਾਂ ਨੇ ਆਪਣੀਆਂ ਰਚਨਾਵਾਂ ਵਿਚ ਮੱਘਰ ਮਹੀਨੇ ਦਾ ਵਰਨਣ



ਖੂਬਸੂਰਤ ਤਰੀਕੇ ਨਾਲ ਕੀਤਾ ਹੈ।

ਮੱਘਰ ਮਹੀਨੇ ਬਾਰੇ ਸਿਆਣੇ ਲੋਕ ਕਹਿੰਦੇ ਹਨ ਕਿ ਇਸ ਮਹੀਨੇ ਵਿਆਹ ਕਰਵਾਉਣ ਵਾਲੇ ਜੌੜੇ ਲੰਮੀਂ ਉਮਰ ਭੋਗਦੇ ਹਨ ਅਤੇ ਚੰਗੀ ਸੰਤਾਨ ਦੀ ਪ੍ਰਾਪਤੀ ਵੀ ਜਲਦੀ ਹੁੰਦੀ ਹੈ। ਪਰਵਾਸੀ ਪੰਜਾਬੀ ਵੀ ਇਸ ਮਹੀਨੇ ਪੰਜਾਬ ਆ ਕੇ ਆਪਣੇ ਜਾਂ ਆਪਣੇ ਧੀਆਂ ਪੁੱਤਾਂ ਦੇ ਵਿਆਹ ਧੂਮ ਧਾਮ ਨਾਲ ਕਰਦੇ ਹਨ। ਪੰਜਾਬ ਦੇ ਲੋਕ ਗੀਤਾਂ ਵਿੱਚ ਜਿਕਰ ਆਉਂਦਾ ਹੈ ਕਿ ਮੱਘਰ ਮਹੀਨੇ ਹੀ ਧੀ ਆਪਣੇ ਬਾਬਲ ਨੂੰ ਆਪਣਾ ਵਿਆਹ ਮੱਘਰ ਮਹੀਨੇ ਹੀ ਕਰਨ ਲਈ ਕਹਿੰਦੀ ਹੈ, ਗੀਤ ਦੇ ਬੋਲ ਹਨ-

ਮੈਂ ਤੈਨੂੰ ਬਾਬਲ ਆਖਦੀ,
ਮੇਰਾ ਮੱਘਰ ਕਰੀਂ ਵਿਆਹ ਵੇ,
ਤੇਰਾ ਭੱਤ ਨਾ ਬੁੱਸੇ
ਤੇਰਾ ਗੋਤ ਨਾ ਰੁੱਸੇ
ਤੇਰਾ ਦਹੀਂ ਨਾ ਫਿੱਟਿਆ ਜਾਉ ਵੇ।

ਜਿਨ੍ਹਾਂ ਮੁਟਿਆਰਾਂ ਦੇ ਕੰਤ ਪਰਦੇਸੀ ਹੁੰਦੇ ਹਨ ਉਹ ਮੁਟਿਆਰਾਂ ਆਪਣੇ ਕੰਤ ਨੂੰ ਮੱਘਰ ਮਹੀਨੇ ਪਰਦੇਸ ਨਾ ਜਾਣ ਲਈ ਅਰਜੋਈ ਕਰਦੀਆਂ ਹਨ

ਮੱਘਰ ਨਾ ਜਾਈਂ ਚੰਨਾ, ਲੇਫ ਰੰਗਾਵਣੇ
ਪੋਹ ਨਾ ਜਾਈਂ ਚੰਨਾ ਰਾਤਾਂ ਵੇ ਕਾਲੀਆਂ।

ਮੱਘਰ ਮਹੀਨੇ ਗਰਮ ਸ਼ਾਲ ਲਈ ਬੈਠੀਆਂ ਔਰਤਾਂ ਅਕਸਰ ਹੀ ਸਵੈਟਰ, ਕੋਟੀਆਂ, ਦਸਤਾਨੇ , ਮਫ਼ਲਰ ਬੁਣਦੀਆਂ ਨਜ਼ਰ ਆ ਜਾਂਦੀਆਂ ਹਨ। ਅੱਜ ਭਾਵੇਂ ਰੈਡੀਮੇਡ ਗਰਮ ਕਪੜਿਆਂ ਦਾ ਹੀ ਜ਼ਮਾਨਾ ਹੈ ਪਰ ਫਿਰ ਵੀ ਮੇਰੇ ਵਰਗੇ ਲੋਕ ਘਰ ਦੀ ਬੁਣੀ ਕੋਟੀ ਪਾਉਣ ਵਿੱਚ ਮਾਣ ਮਹਿਸੂਸ ਕਰਦੇ ਹਨ।



ਇਹ ਇੱਕ ਹਕੀਕਤ ਹੈ ਕਿ ਇਸ ਮਹੀਨੇ ਹੁੰਦੇ ਵਿਆਹਾਂ ਵਿੱਚ ਔਰਤਾਂ ਦੇ ਗਰਮ ਕੱਪੜੇ ਘੱਟ ਹੀ ਪਾਏ ਦਿਖਾਈ ਦਿੰਦੇ ਹਨ। ਵੱਡੀ ਗਿਣਤੀ ਔਰਤਾਂ ਵਿਆਹਾਂ ਮੌਕੇ ਲਹਿੰਗਾ, ਚੋਲੀ ਜਾਂ ਇਸ ਤਰਾਂ ਦੇ ਹੀ ਹੋਰ ਕੱਪੜੇ ਪਾਉਂਦੀਆਂ ਹਨ। ਮੱਘਰ ਮਹੀਨੇ ਵਿੱਚ ਵਿਆਹਾਂ ਵਿੱਚ ਪਰੋਸੇ ਜਾਣ ਵਾਲੇ ਪਦਾਰਥ ਵੀ ਬਦਲ ਜਾਂਦੇ ਹਨ। ਭਾਵੇਂ ਕੋਲਡ ਡਰਿੰਕ ਅਤੇ ਆਈਸਕ੍ਰੀਮ ਪੂਰੀ ਸਰਦੀ ਵਿੱਚ ਵੀ ਅੱਜ ਕੱਲ੍ਹ ਖਾਧੀ ਜਾਂਦੀ ਹੈ ਪਰ ਵਿਆਹਾਂ ਵਿੱਚ ਗਾਜਰ ਦਾ ਹਲਵਾ, ਖੋਏ ਦੇ ਬਣੇ ਪਕਵਾਨ ਅਤੇ ਹੋਰ ਗਰਮ ਚੀਜ਼ਾਂ ਵਧੇਰੇ ਪਰੋਸੀਆਂ ਜਾਂਦੀਆਂ ਹਨ। ਇਸੇ ਤਰਾਂ ਮੱਘਰ ਮਹੀਨੇ ਵਿੱਚ ਬਾਜ਼ਾਰਾਂ ਵਿੱਚ ਵਿਕਣ ਵਾਲੀਆਂ ਚੀਜ਼ਾਂ ਵਿੱਚ ਵੀ ਬਦਲਾਓ ਆ ਜਾਂਦਾ ਹੈ। ਜੇਠ ਹਾੜ ਵਿੱਚ ਲੱਗੀਆਂ ਥਾਂ ਥਾਂ ਨਿੰਬੂ ਪਾਣੀ, ਲੈਮਨ, ਜਲ ਜੀਰਾ ਤੇ ਕੁਲਫ਼ੀਆਂ ਦੀਆਂ ਰੇਹੜੀਆਂ ਦੀ ਥਾਂ ਉੱਬਲੇ ਅੰਡੇ, ਪੀਜਾ, ਟਿੱਕੀਆਂ ਦੀਆਂ ਵਧੇਰੇ ਰੇਹੜੀਆਂ ਲੱਗ ਜਾਂਦੀਆਂ ਹਨ। ਹੋਟਲਾਂ ਤੇ ਰੈਸਟੋਰੈਂਟਾਂ ਵਿੱਚ ਵੀ ਠੰਡੀ ਖੀਰ ਦੀ ਥਾਂ ਗਰਮ ਖੀਰ ਪਰੋਸਣੀ ਸ਼ੁਰੂ ਹੋ ਜਾਂਦੀ ਹੈ। ਬਰਗਰ ਤੇ ਹਾਟ ਡਾਗ ਵਾਲੀਆਂ ਦੁਕਾਨਾਂ ਉਪਰ ਨੌਜਵਾਨ ਮੁੰਡੇ ਕੁੜੀਆਂ ਦੇ ਝੁੰਡ ਦਿਖਾਈ ਦਿੰਦੇ ਹਨ ਜੋ ਕਿ ਇਹਨਾਂ ਚੀਜ਼ਾਂ ਨੂੰ ਖਾਣ ਦੇ ਨਾਲ ਹੀ ਗਰਮ ਕੌਫੀਆਂ ਦੇ ਘੁੱਟ ਵੀ ਭਰਦੇ ਹੋਏ ਆਪਣੀਆਂ ਗੱਲਾਂ ਵਿੱਚ ਹੀ ਮਸਤ ਹੁੰਦੇ ਹਨ, ਦੁਨੀਆਂ ਦੀ ਉਹਨਾਂ ਨੂੰ ਕੋਈ ਪਰਵਾਹ ਨਹੀਂ ਹੁੰਦੀ।

ਪੁਰਾਣੇ ਸਮੇਂ ਵਾਂਗ ਪੰਜਾਬ ਦੇ ਕਈ ਇਲਾਕਿਆਂ ਵਿੱਚ ਅੱਜ ਵੀ ਮੁਟਿਆਰਾਂ ਮੱਘਰ ਮਹੀਨੇ ਵਿੱਚ ਰਾਤ ਸਮੇਂ ਚਰਖਾ ਡਾਹ ਲੈਂਦੀਆਂ ਹਨ। ਇਸ ਮਹੀਨੇ ਕਪਾਹ ਤਾਜ਼ੀ ਤਾਜ਼ੀ ਆਈ ਹੁੰਦੀ ਹੈ ਅਤੇ ਤਾਜ਼ੀ ਕਪਾਹ ਨੂੰ ਚਰਖੇ ਉੱਪਰ ਰਾਤ ਸਮੇਂ ਮਿੱਠੀ ਮਿੱਠੀ ਠੰਡ ਵਿੱਚ ਕੱਤਣ ਦਾ ਆਪਣਾ ਵੱਖਰਾ ਹੀ ਆਨੰਦ ਹੈ। ਕਈ ਮੁਟਿਆਰਾਂ ਆਪਣੇ ਪੇਕੇ ਜਾ ਕੇ ਚਰਖਾ ਕੱਤਦੀਆਂ ਹਨ । ਕਈ ਮੁਟਿਆਰਾਂ ਚਰਖਾ ਕੱਤਦੀਆਂ ਹੋਈਆਂ ਆਪਣੀ ਸੁਰੀਲੀ ਆਵਾਜ਼ ਵਿੱਚ ਲੰਮੀਂ ਹੇਕ ਵੀ ਲਾ ਦਿੰਦੀਆਂ ਹਨ। ਟਿੱਕੀ ਚੰਨ ਚਾਨਣੀ ਰਾਤ ਵਿੱਚ ਚਰਖਾ ਕੱਤਦੀ ਕਿਸੇ ਮੁਟਿਆਰ ਵੱਲੋਂ ਗਾਇਆ ਜਾਂਦਾ ਸੁਰੀਲਾ ਗੀਤ ਸੁਣਕੇ ਕਈ ਗੱਭਰੂ ਗੁਲਾਬੀ ਰੰਗੇ ਸੁਪਨੇ ਵੇਖਣ ਲੱਗ ਜਾਂਦੇ ਹਨ।







# ਹੋਰ ਕਿੰਨੇ ਹਾਦਸੇ ਦੇਖਣਗੇ ਪਹਾੜ!

## ਕੁਦਰਤੀ ਸੁੰਦਰਤਾ ਹੀ ਪਹਾੜਾਂ ਲਈ ਮਨੁੱਖ ਨੇ ਬਣਾਈ ਸਰਾਪ



ਪਹਾੜਾਂ ਨਾਲ ਛੇੜਛਾੜ ਦਾ ਇੱਕ ਹੋਰ ਨਤੀਜਾ ਇੱਕ ਵੱਡੇ ਹਾਦਸੇ ਦੇ ਰੂਪ ਵਿੱਚ ਸਾਹਮਣੇ ਆਇਆ ਹੈ, ਜਿਸ ਵਿੱਚ ਉੱਤਰਾਖੰਡ ਦੇ ਉੱਤਰਕਾਸ਼ੀ ਦੇ ਬੜਕੋਟ ਵਿੱਚ ਇੱਕ ਨਿਰਮਾਣ ਅਧੀਨ ਸੁਰੰਗ ਹੇਠਾਂ ਡਿੱਗ ਗਈ। ਇਹ ਸੁਰੰਗ ਉੱਤਰਕਾਸ਼ੀ 'ਚ ਬ੍ਰਹਮਾਖਲ-ਯਮੁਨੋਤਰੀ ਰਾਸ਼ਟਰੀ ਰਾਜਮਾਰਗ 'ਤੇ ਸਿਲਕਿਆਰਾ ਤੋਂ ਦੰਦਲਗਾਓਂ ਵਿਚਕਾਰ ਬਣਾਈ ਜਾ ਰਹੀ ਹੈ।

ਪਹਾੜਾਂ ਨਾਲ ਮਨੁੱਖ ਜਿਸ ਤਰ੍ਹਾਂ ਦਾ ਸਲੂਕ ਕਰ ਰਿਹਾ ਹੈ, ਉਸ ਦੀ ਇੱਕ ਹੋਰ ਮਿਸਾਲ ਇਸ ਹਾਦਸੇ ਦੇ ਰੂਪ ਵਿੱਚ ਸਭ ਦੇ ਸਾਹਮਣੇ ਹੈ। ਹੁਣ ਸੋਚਣ ਦਾ ਸਮਾਂ ਆ ਗਿਆ ਹੈ ਕਿ ਪਹਾੜਾਂ ਵਿੱਚ ਵਿਕਾਸ ਦੇ ਕੰਮ ਕਿਸ ਤਰ੍ਹਾਂ ਕੀਤੇ ਜਾਣ ਤਾਂ ਜੋ ਕੁਦਰਤ ਦਾ ਘੱਟ ਤੋਂ ਘੱਟ ਨੁਕਸਾਨ ਹੋਵੇ ਅਤੇ ਘੱਟੋ-ਘੱਟ ਅਜਿਹੇ ਦਰਦਨਾਕ ਹਾਦਸੇ ਨਾ ਵਾਪਰੇ। ਜ਼ਿਕਰਯੋਗ ਹੈ ਕਿ ਇਸ ਸਾਲ ਜਨਵਰੀ 'ਚ ਜੋਸ਼ੀਮਠ 'ਚ ਕਈ ਥਾਵਾਂ 'ਤੇ ਜ਼ਮੀਨ 'ਤੇ ਵੱਡੀਆਂ ਤਰੇੜਾਂ ਆ ਗਈਆਂ ਸਨ। ਕਈ ਘਰਾਂ ਵਿੱਚ ਤਰੇੜਾਂ ਵੀ ਆ ਗਈਆਂ ਹਨ, ਜਿਸ ਕਾਰਨ ਸੈਂਕੜੇ ਲੋਕ ਜੋਸ਼ੀਮਠ ਛੱਡ ਕੇ ਚਲੇ ਗਏ ਹਨ। ਉਨ੍ਹਾਂ ਨੂੰ ਅਸਥਾਈ ਕੈਂਪਾਂ ਵਿੱਚ ਸ਼ਰਨ ਲੈਣੀ ਪਈ।

ਅੱਜ ਵੀ ਇੱਥੇ ਕਰੀਬ 700 ਘਰਾਂ ਵਿੱਚ ਤਰੇੜਾਂ ਦੇਖੀਆਂ ਜਾ ਸਕਦੀਆਂ ਹਨ। ਇਹ ਨਗਰ ਇਕ ਤਰ੍ਹਾਂ ਨਾਲ ਖਾਲੀ ਹੋ ਗਿਆ ਹੈ। ਪਿਛਲੇ ਸਾਲ ਅਕਤੂਬਰ 'ਚ ਉੱਤਰਕਾਸ਼ੀ ਦੇ ਭਟਵਾੜੀ ਇਲਾਕੇ 'ਚ ਦ੍ਰੋਪਦੀ ਦੀ ਡੰਡਾ-2 ਪਹਾੜੀ ਚੋਟੀ 'ਤੇ ਭਾਰੀ ਬਰਫੀਲਾ ਤੂਫਾਨ ਆਇਆ ਸੀ। ਇਸ ਕਾਰਨ 34 ਪਰਬਤਰੋਹੀਆਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚੋਂ 25 ਸਿਖਿਆਰਥੀ ਸਨ ਜਦਕਿ 2 ਟ੍ਰੇਨਰ ਸਨ। 2013 ਦੇ ਕੇਦਾਰਨਾਥ ਦੁਖਾਂਤ ਨੂੰ ਕੋਈ ਨਹੀਂ ਭੁੱਲ ਸਕਦਾ। ਇਹ ਹਾਲ ਹੀ ਦੇ ਸਾਲਾਂ ਵਿੱਚ ਉੱਤਰਾਖੰਡ ਦੀ ਸਭ ਤੋਂ ਵੱਡੀ ਤ੍ਰਾਸਦੀ ਮੰਨੀ ਜਾ ਰਹੀ ਹੈ ਜਿਸ ਵਿੱਚ ਇਹ ਨਹੀਂ ਪਤਾ ਹੈ ਕਿ ਕਿੰਨੇ ਲੋਕਾਂ ਦੀ ਮੌਤ ਹੋਈ ਸੀ। ਅੱਜ ਤੱਕ ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਕਿੰਨੇ ਲੋਕ ਮਾਰੇ ਗਏ ਸਨ।

ਅਕਤੂਬਰ 1991 ਵਿੱਚ ਇੱਕ ਜ਼ਬਰਦਸਤ ਭੂਚਾਲ ਆਇਆ ਸੀ ਜਿਸ ਕਾਰਨ ਕਰੀਬ ਇੱਕ ਹਜ਼ਾਰ ਲੋਕ ਮਾਰੇ ਗਏ ਸਨ। ਹਜ਼ਾਰਾਂ ਘਰ ਵੀ ਪੂਰੀ ਤਰ੍ਹਾਂ ਤਬਾਹ ਹੋ ਗਏ। ਉਦੋਂ ਇਹ ਅਣਵੰਡੇ ਉੱਤਰ ਪ੍ਰਦੇਸ਼ ਦਾ ਹਿੱਸਾ ਸੀ। ਇਸੇ ਤਰ੍ਹਾਂ ਕਾਫੀ ਸਮਾਂ ਪਹਿਲਾਂ ਪਿਥੌਰਾਗੜ੍ਹ ਜ਼ਿਲ੍ਹੇ ਦਾ ਮਲਪਾ ਪਿੰਡ ਢਿੱਗਾਂ ਡਿੱਗਣ ਕਾਰਨ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ। ਇਸ ਹਾਦਸੇ 'ਚ 255 ਲੋਕਾਂ ਦੀ ਮੌਤ ਹੋ ਗਈ ਸੀ, ਜਿਨ੍ਹਾਂ 'ਚੋਂ 55 ਤੋਂ ਵੱਧ ਕੈਲਾਸ਼ ਮਾਨਸਰੋਵਰ ਜਾ ਰਹੇ ਸ਼ਰਧਾਲੂ ਸਨ। ਚਮੋਲੀ ਜ਼ਿਲ੍ਹੇ 'ਚ ਰਿਕਟਰ ਪੈਮਾਨੇ 'ਤੇ 6.8 ਦੀ ਤੀਬਰਤਾ ਵਾਲੇ ਭੂਚਾਲ ਕਾਰਨ 100 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ। ਨਾਲ ਲੱਗਦੇ ਜ਼ਿਲ੍ਹੇ ਰੁਦਰਪ੍ਰਯਾਗ 'ਚ ਵੀ ਭਾਰੀ ਨੁਕਸਾਨ ਹੋਇਆ ਅਤੇ ਕਈ ਘਰਾਂ, ਸੜਕਾਂ ਅਤੇ ਜ਼ਮੀਨਾਂ 'ਚ ਤਰੇੜਾਂ ਆ ਗਈਆਂ।





ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਸਮੇਤ ਸਮੁੱਚੀ ਹਿਮਾਲੀਅਨ ਪਰਬਤ ਲੜੀ ਧਰਤੀ ਉੱਤੇ ਇੱਕ ਮੁਕਾਬਲਤਨ ਨਵੀਂ ਕੁਦਰਤੀ ਰਚਨਾ ਹੈ। ਕੁਝ ਥਾਵਾਂ ਨੂੰ ਛੱਡ ਕੇ, ਇਹ ਜਵਾਨ ਪਹਾੜੀ ਲੜੀ ਜ਼ਿਆਦਾਤਰ ਥਾਵਾਂ 'ਤੇ ਨੰਗੀ ਹੈ। ਭੂ-ਵਿਗਿਆਨੀਆਂ ਅਨੁਸਾਰ ਇਸ ਦਾ ਨਿਰਮਾਣ ਅਜੇ ਵੀ ਜਾਰੀ ਹੈ। ਉਸ ਵਿੱਚ ਵੀ ਉੱਤਰਾਖੰਡ ਦੀ ਮਿੱਟੀ ਹੋਰ ਵੀ ਜ਼ਿਆਦਾ ਨਾਜ਼ੁਕ ਹੋਣ ਕਾਰਨ ਧਰਤੀ ਦੀਆਂ ਪਰਤਾਂ ਦੇ ਹੇਠਾਂ ਹੋਣ ਵਾਲੀਆਂ ਹਰਕਤਾਂ ਦਾ ਪ੍ਰਭਾਵ ਹਿਮਾਚਲ ਪ੍ਰਦੇਸ਼ ਦੇ ਨਾਲ-ਨਾਲ ਇਸ ਖੇਤਰ ਵਿੱਚ ਸਭ ਤੋਂ ਵੱਧ ਹੈ। ਇਹ ਭੂ-ਵਿਗਿਆਨਕ ਹਰਕਤਾਂ ਨੇਪਾਲ ਵਿੱਚ ਅਕਸਰ ਭੂਚਾਲਾਂ ਦਾ ਕਾਰਨ ਵੀ ਹਨ। ਇਹ ਪਹਾੜ ਆਪਣੀ ਖੂਬਸੂਰਤੀ ਕਾਰਨ ਦੇਸ਼-ਵਿਦੇਸ਼ ਤੋਂ ਕਰੋੜਾਂ ਲੋਕਾਂ ਨੂੰ ਆਕਰਸ਼ਿਤ ਕਰਦੇ ਹਨ। ਅਸਲ ਵਿੱਚ ਇਸ ਦੇ ਮਨਮੋਹਕ ਨਜ਼ਾਰੇ ਇਸ ਲਈ ਸਰਾਪ ਬਣ ਗਏ ਹਨ ਕਿਉਂਕਿ ਇਨ੍ਹਾਂ ਦਾ ਆਨੰਦ ਲੈਣ ਲਈ ਆਉਣ ਵਾਲੇ ਵੱਡੀ ਗਿਣਤੀ ਲੋਕਾਂ ਲਈ ਹੀ ਉਸਾਰੀ ਦਾ ਕੰਮ ਕੀਤਾ ਜਾ ਰਿਹਾ ਹੈ। ਇੱਥੇ ਸੈਰ-ਸਪਾਟੇ ਨੂੰ ਬੜ੍ਹਾਵਾ ਦੇਣ ਲਈ ਕੀਤੇ ਗਏ ਨਿਰਮਾਣ ਕਾਰਜਾਂ ਨੂੰ ਇੱਥੋਂ ਦੀਆਂ ਤਬਾਹੀਆਂ ਦਾ ਮੁੱਖ ਦੋਸ਼ੀ ਦੱਸਿਆ ਜਾਂਦਾ ਹੈ। ਵੱਖ-ਵੱਖ ਥਾਵਾਂ 'ਤੇ ਹੋਟਲ, ਮਕਾਨ, ਬਹੁ-ਮੰਜ਼ਿਲਾ ਇਮਾਰਤਾਂ, ਵਪਾਰਕ ਕੰਪਲੈਕਸ, ਰਿਜ਼ੋਰਟ, ਹੋਮਸਟੇਅ ਆਦਿ ਦੀ ਉਸਾਰੀ ਕਾਰਨ ਜ਼ਮੀਨ ਦਾ ਕੁਦਰਤੀ ਰੂਪ ਤੇਜ਼ੀ ਨਾਲ ਬਦਲ ਗਿਆ ਹੈ।



ਅੰਤਰਰਾਸ਼ਟਰੀ ਸਰਹੱਦਾਂ ਦੀ ਮੌਜੂਦਗੀ ਕਾਰਨ ਇਸ ਪੂਰੇ ਖੇਤਰ ਦੀ ਫੌਜੀ ਮਹੱਤਤਾ ਵੀ ਹੈ। ਸਰਹੱਦਾਂ ਦੀ ਰਾਖੀ ਅਤੇ ਰਾਖੀ ਲਈ ਵੱਡੀਆਂ ਸੜਕਾਂ, ਪੁਲ, ਸੁਰੰਗਾਂ ਆਦਿ ਬਣਾਈਆਂ ਜਾਂਦੀਆਂ ਹਨ। ਇਹ ਪਹਾੜਾਂ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਇਨ੍ਹਾਂ ਪਹਾੜਾਂ ਵਿੱਚ ਪਣ-ਬਿਜਲੀ ਦੇ ਉਤਪਾਦਨ ਦੀ ਵੀ ਅਥਾਹ ਸੰਭਾਵਨਾ ਹੈ ਕਿਉਂਕਿ ਪਹਾੜਾਂ ਵਿੱਚੋਂ ਨਿਕਲਣ ਵਾਲੇ ਨਦੀਆਂ ਅਤੇ ਨਦੀਆਂ ਬਿਜਲੀ ਪਲਾਂਟਾਂ ਨੂੰ ਪਾਣੀ ਪ੍ਰਦਾਨ ਕਰਦੀਆਂ ਹਨ। ਇਸ ਦੇ ਲਈ, ਪਾਣੀ ਦੇ ਵਹਾਅ ਨੂੰ ਮੋੜ ਦਿੱਤਾ ਗਿਆ ਹੈ, ਡੈਮ ਬਣਾਏ ਗਏ ਹਨ, ਸੁਰੰਗਾਂ ਬਣਾਈਆਂ ਗਈਆਂ ਹਨ ਅਤੇ ਵੱਡੀਆਂ ਉਸਾਰੀਆਂ ਕੀਤੀਆਂ ਗਈਆਂ ਹਨ ਜੋ ਵੱਡੀ ਗਿਣਤੀ ਵਿੱਚ ਪਾਵਰ ਪਲਾਂਟਾਂ ਨੂੰ ਪਾਣੀ ਸਪਲਾਈ ਕਰਦੀਆਂ ਹਨ।

ਅਜੋਕੇ ਸਾਲਾਂ ਵਿੱਚ ਸਰਕਾਰਾਂ ਵੱਲੋਂ ਨਵੀਆਂ ਸੜਕਾਂ ਬਣਾਉਣ ਜਾਂ ਉਨ੍ਹਾਂ ਨੂੰ ਚੌੜਾ ਕਰਨ, ਪੁਲਾਂ, ਸੁਰੰਗਾਂ ਆਦਿ ਦਾ ਕੰਮ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ। ਇਸ ਲਈ ਵਰਤੇ ਗਏ ਧਮਾਕਿਆਂ ਅਤੇ ਮਸ਼ੀਨਾਂ ਕਾਰਨ ਪਹਾੜਾਂ ਨੂੰ ਵੀ ਭਾਰੀ ਨੁਕਸਾਨ ਹੁੰਦਾ ਹੈ। ਇਸ ਕਾਰਨ ਮੌਸਮ ਵੀ ਬਦਲ ਰਿਹਾ ਹੈ। ਹੁਣ ਪਹਾੜਾਂ ਦੇ ਮੌਸਮੀ ਚੱਕਰ ਵਿੱਚ ਵੀ ਬਦਲਾਅ ਦਰਜ ਕੀਤੇ ਜਾ ਰਹੇ ਹਨ। ਉਪਰਲੇ ਖੇਤਰਾਂ ਵਿੱਚ ਸਥਿਤ ਗਲੇਸ਼ੀਅਰਾਂ ਦੇ ਪਿਘਲਣ ਕਾਰਨ ਇਨ੍ਹਾਂ ਪਹਾੜਾਂ ਵਿੱਚੋਂ ਨਿਕਲਣ ਵਾਲੀਆਂ ਨਦੀਆਂ ਦੇ ਪਾਣੀ ਦਾ ਪੱਧਰ ਵੱਧ ਰਿਹਾ ਹੈ ਅਤੇ ਧਰਤੀ ਹੇਠਲਾ ਪਾਣੀ ਹੋਣ ਕਾਰਨ ਸਤ੍ਹਾ ਦੇ ਉੱਪਰੋਂ ਵੱਡੇ ਪੱਧਰ 'ਤੇ ਟੁੱਟ ਰਹੇ ਹਨ। ਨਵੇਂ ਨਿਰਮਾਣ ਕਾਰਜਾਂ ਦੇ ਨਤੀਜੇ ਅਜਿਹੇ ਦੁਖਾਂਤ ਅਤੇ ਹਾਦਸਿਆਂ ਦੇ ਰੂਪ ਵਿੱਚ ਸਾਹਮਣੇ ਆ ਰਹੇ ਹਨ। ਵਿਕਾਸ ਦੀ ਲੋੜ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਪਰ ਇਨ੍ਹਾਂ ਦੁਖਾਂਤਾਂ ਅਤੇ ਹਾਦਸਿਆਂ ਦੇ ਮੱਦੇਨਜ਼ਰ ਉਸਾਰੀ ਦਾ ਕੰਮ ਨਿਯੰਤਰਿਤ ਅਤੇ ਵਿਗਿਆਨਕ ਢੰਗ ਨਾਲ ਹੋਣਾ ਚਾਹੀਦਾ ਹੈ।



# ਸਭ ਲਈ ਸਿੱਖਿਆ ਜਾਂ ਸਭ ਲਈ ਬਰਾਬਰ ਦੀ ਸਿੱਖਿਆ

ਗੁਰਮੀਤ ਸਿੰਘ ਪਲਾਹੀ
9815802070




'ਸਭ ਲਈ ਸਿੱਖਿਆ' ਦੇਣ ਦਾ ਸੰਕਲਪ ਲਗਾਤਾਰ ਕੇਂਦਰ ਸਰਕਾਰ ਵੱਲੋਂ ਦੁਹਰਾਇਆ ਜਾ ਰਿਹਾ ਹੈ। ਪਰ ਸਭ ਲਈ ਬਰਾਬਰ ਦੀ ਸਿੱਖਿਆ ਦਾ ਸੰਕਲਪ ਦੇਸ਼ ਵਿਚੋਂ ਗਾਇਬ ਹੈ। ਸਿੱਖਿਆ ਖੇਤਰ 'ਚ ਦੇਸ਼ ਵਿੱਚ ਸਥਿਤੀ ਇਹ ਬਣੀ ਹੋਈ ਹੈ ਕਿ ਇੱਕ ਪਾਸੇ ਪੰਜ ਤਾਰਾ ਪਬਲਿਕ ਸਕੂਲ ਹਨ ਅਤੇ ਦੂਜੇ ਪਾਸੇ ਬੁਨਿਆਦੀ ਲੋੜਾਂ ਤੋਂ ਸੱਖਣੇ ਸਰਕਾਰੀ ਪ੍ਰਾਇਮਰੀ ਸਕੂਲ ਜਾਂ ਹਾਈ, ਸੀਨੀਅਰ ਸੈਕੰਡਰੀ ਸਕੂਲ ਹਨ, ਜਿਥੋਂ ਥੁੜਾਂ ਦੇ ਮਾਰੇ ਆਮ ਲੋਕਾਂ ਦੇ ਬੱਚੇ ਸਿੱਖਿਆ ਲੈਣ ਲਈ ਮਜ਼ਬੂਰ ਕਰ ਦਿੱਤੇ ਜਾਂਦੇ ਹਨ।

1990 ਵਿੱਚ ਯੂਨੈਸਕੋ, ਯੂ.ਐਨ.ਡੀ.ਪੀ., ਯੂਨੀਸੈਫ, ਯੂ.ਐਨ,ਐਫ ਪੀ.ਏ. ਅਤੇ ਵਿਸ਼ਵ ਬੈਂਕ ਦੀ ਸਾਂਝੀ ਵਿਸ਼ਵ ਕਾਨਫਰੰਸ ਵਿੱਚ ਵਿਸ਼ਵ ਦੇ ਹਰੇਕ ਨਾਗਰਿਕ, ਬੱਚੇ, ਬੁੱਢੇ, ਨੌਜਵਾਨ ਲਈ ਉੱਚ ਪੱਧਰੀ ਸਭ ਲਈ ਸਿੱਖਿਆ ਦਾ ਸੰਕਲਪ ਲਿਆ ਗਿਆ ਸੀ। ਇਹ ਮਹਿਸੂਸ ਕਰਦਿਆਂ ਕਿ ਮਨੁੱਖ ਦੀਆਂ ਸਭ ਤੋਂ ਵੱਡੀਆਂ ਲੋੜਾਂ ਵਿੱਚ ਸਿਹਤ, ਸ਼ੁੱਧ ਵਾਤਵਰਨ ਅਤੇ ਸਿੱਖਿਆ ਦਾ ਸਥਾਨ ਅਹਿਮ ਹੈ। ਪਰ ਸਿੱਖਿਆ ਹੀ ਇੱਕ ਇਹੋ ਜਿਹਾ ਅੰਗ ਹੈ, ਜੋ ਮਨੁੱਖ ਨੂੰ ਚੰਗੀ ਸਿਹਤ, ਚੰਗਾ ਆਲਾ-ਦੁਆਲਾ, ਆਪਣੀ ਚੰਗੀ ਹੋਂਦ ਸਿਰਜਨ 'ਚ ਸਹਾਇਕ ਹੁੰਦਾ ਹੈ। ਸਿੱਖਿਆ ਹੀ ਇਹੋ ਜਿਹਾ ਕਾਰਕ ਹੈ ਜੋ ਮਨੁੱਖ ਨੂੰ ਗਰੀਬੀ ਘਟਾਉਣ 'ਚ ਅਤੇ ਸਮਾਜਿਕ ਬਰਾਬਰਤਾ ਲਿਆਉਣ 'ਚ ਸਹਾਈ ਬਣਦਾ ਹੈ।

ਸਿੱਖਿਆ ਖੇਤਰ ਵਿੱਚ ਭਾਰਤ ਦੇ ਹਾਲਾਤ ਸੁਖਾਵੇਂ ਨਹੀਂ ਹਨ। ਸਲਾਨਾ ਸਟੇਟਸ ਸਿੱਖਿਆ ਰਿਪੋਰਟ( ਏ.ਐਸ.ਈ.ਆਰ. 2020) ਅਨੁਸਾਰ ਲਗਭਗ 5.5 ਫੀਸਦੀ 6 ਤੋਂ 17 ਸਾਲ ਦੀ ਉਮਰ ਦੇ ਬੱਚੇ ਦੇਸ਼ ਵਿੱਚ ਸਥਾਪਿਤ ਸਰਕਾਰੀ ਸਕੂਲਾਂ, ਪ੍ਰਾਈਵੇਟ ਸਿੱਖਿਆ ਅਦਾਰਿਆਂ ਤੋਂ ਬਾਹਰ ਹਨ। ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਦਸ਼ਾ ਬੇਹੱਦ ਖਰਾਬ ਹੈ ਅਤੇ ਸਕੂਲਾਂ ਤੋਂ ਭੱਜਣ ਵਾਲੇ ਜਾਂ ਮਜ਼ਬੂਰਨ ਸਕੂਲ ਛੱਡਣ ਵਾਲੇ ਬੱਚਿਆਂ ਦੀ ਗਿਣਤੀ ਵੱਡੀ ਹੈ। ਇਥੇ ਹੀ ਬਸ ਨਹੀਂ ਆਧੁਨਿਕ ਯੁੱਗ ਵਿੱਚ ਵੀ ਲੜਕਿਆਂ ਨਾਲੋਂ ਲੜਕੀਆਂ ਦੀ ਗਿਣਤੀ ਸਕੂਲਾਂ ਵਿੱਚ ਘੱਟ ਹੈ।

ਮੁੱਢਲੀ ਪੜ੍ਹਾਈ ਪ੍ਰਾਪਤ ਕਰਨ ਲਈ ਬੱਚਿਆਂ ਦਾ ਸਕੂਲ ਵਿੱਚ ਨਾ ਜਾਣ ਦਾ ਕਾਰਨ ਗਰੀਬੀ ਮੰਨਿਆ ਜਾਂਦਾ ਹੈ, ਕਿਉਂਕਿ ਮਾਪੇ ਰੋਜ਼ੀ, ਰੋਟੀ ਦਾ ਜੁਗਾੜ ਪੂਰਾ ਨਾ ਹੋਣ ਅਤੇ ਸਾਧਨਾਂ ਦੀ ਕਮੀ ਕਾਰਨ ਬੱਚਿਆਂ ਨੂੰ ਸਕੂਲਾਂ 'ਚ ਸਿੱਖਿਆ ਪ੍ਰਾਪਤੀ ਲਈ ਨਹੀਂ ਭੇਜਦੇ।

ਦੂਜਾ ਵੱਡਾ ਕਾਰਨ ਸਧਾਰਨ ਸਰਕਾਰੀ ਸਕੂਲਾਂ 'ਚ ਬੁਨਿਆਦੀ ਸਹੂਲਤਾਂ ਜਿਹਨਾ 'ਚ ਬੈਠਣ ਲਈ ਬੈਂਚ, ਡੈਸਕ, ਪਾਣੀ ਪੀਣ ਦੀ ਸੁਵਿਧਾ, ਲੈਟਰੀਨਾਂ ਦੀ ਸੁਵਿਧਾ ਇਥੋਂ ਤੱਕ ਕਿ ਕਮਰਿਆਂ ਦੀ ਘਾਟ ਚੰਗੇਰੀ ਸਿੱਖਿਆ ਲੈਣ/ਦੇਣ 'ਚ ਵੱਡੀ ਰੁਕਾਵਟ ਹੈ।

ਤੀਜਾ ਵੱਡਾ ਕਾਰਨ ਸਿੱਖਿਅਤ ਅਧਿਆਪਕਾਂ ਦੀ ਘਾਟ ਹੈ। ਸਰਕਾਰੀ ਸਕੂਲਾਂ 'ਚ ਨਵੀਆਂ-ਨਵੀਆਂ ਸਕੀਮਾਂ ਤਹਿਤ ਘੱਟ ਉਜਰਤ ਉਤੇ ਘੱਟ ਪੜ੍ਹੇ ਲਿਖੇ ਲੋਕਾਂ ਦੀ ਅਧਿਆਪਕਾਂ ਵਜੋਂ ਨਿਯੁੱਕਤੀ ਸਿੱਖਿਆ ਪ੍ਰਤੀ ਸਰਕਾਰ ਦੀ ਅਣਗਿਹਲੀ ਅਤੇ ਅਵੇਸਲੇਪਨ ਦੀ ਵੱਡੀ ਉਦਾਹਰਨ ਹੈ।

ਕਹਿਣ ਨੂੰ ਤਾਂ ਪਾਏਦਾਰ ਸਿੱਖਿਆ ਪ੍ਰਦਾਨ ਕਰਨ ਦੇ ਨਾਂਅ ਉਤੇ ਬਹੁਤ ਸਾਰੀਆਂ ਸਕੀਮਾਂ ਚਾਲੂ ਕੀਤੀਆਂ ਗਈਆਂ ਹਨ। ਸਰਵ ਸਿੱਖਿਆ ਅਭਿਆਨ, ਉਹਨਾ ਵਿਚੋਂ ਇੱਕ ਹੈ, ਜੋ ਉਮਰ ਗਰੁੱਪ 6 ਤੋਂ 14 ਸਾਲ ਦੇ ਸਭ ਬੱਚਿਆਂ ਲਈ ਸਿੱਖਿਆ ਦੇਣ ਦੀ ਗੱਲ ਕਰਦੀ ਹੈ। ਇਸ ਤਹਿਤ ਮੁਫ਼ਤ ਸਿੱਖਿਆ, ਪੁਸਤਕਾਂ ਆਦਿ ਸਮੇਤ ਸਰਕਾਰੀ ਸਕੂਲਾਂ 'ਚ ਦੇਣਾ ਤਹਿ ਹੈ।

ਆਰ.ਟੀ.ਈ. (ਭਾਵ ਰਾਈਟ ਟੂ ਐਜੂਕੇਸ਼ਨ ਐਕਟ) ਵੀ ਸਰਕਾਰ ਵੱਲੋਂ ਪਾਸ ਕੀਤਾ ਗਿਆ ਹੈ। ਇਹ ਐਕਟ ਸਭ ਲਈ ਲਾਜ਼ਮੀ ਸਿੱਖਿਆ ਦੇਣ, ਚੰਗੀ ਪੜ੍ਹਾਈ ਦਾ ਪ੍ਰਬੰਧ ਕਰਨ, ਟਰੇਂਡ ਅਧਿਕਾਰਾਂ ਦੀ ਨਿਯੁੱਕਤੀ ਦਾ ਪ੍ਰਵਾਧਾਨ ਕਰਦਾ ਹੈ। ਬੱਚੇ ਸਕੂਲ ਆਉਣ ਅਤੇ ਸਿੱਖਿਆ ਪ੍ਰਾਪਤ ਕਰਨ ਇਸ ਵਾਸਤੇ ਦੁਪਿਹਰ ਦੇ ਭੋਜਨ ਦੀ ਵਿਵਸਥਾ ਵੀ ਕੀਤੀ ਗਈ ਹੈ।

ਕੁੱਲ ਮਿਲਾਕੇ ਦੇਸ਼ ਵਿੱਚ 15,07,708 ਸਕੂਲ ਹਨ, ਇਨ੍ਹਾਂ ਵਿੱਚੋਂ 10,32,570 ਸਕੂਲ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਚਲਾਉਂਦੀਆਂ ਹਨ ਜਦਕਿ 84,362 ਸਰਕਾਰੀ ਸਹਾਇਤਾ ਪ੍ਰਾਪਤ 3,40,753 ਗੈਰ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲ ਅਤੇ 53,277 ਹੋਰ ਸੰਸਥਾਵਾਂ ਵੱਲੋਂ ਚਲਾਏ ਜਾ ਰਹੇ ਹਨ।

ਸਰਕਾਰੀ ਸਕੂਲਾਂ ਵਿੱਚ 77.34 ਫੀਸਦੀ ਕੋਲ ਬਿਜਲੀ ਕੁਨੈਕਸ਼ਨ ਹੈ। ਲਗਭਗ 29,967 ਸਕੂਲਾਂ ਕੋਲ ਪਾਣੀ ਪੀਣ ਦੀ ਸੁਵਿਧਾ ਨਹੀਂ ਹੈ। 9 ਲੱਖ ਸਕੂਲਾਂ 'ਚ ਕੰਪਿਊਟਰ ਸਿੱਖਿਆ ਸੁਵਿਧਾ ਨਹੀਂ, 11 ਲੱਖ ਸਕੂਲਾਂ 'ਚ ਇੰਟਰਨੈੱਟ ਕੁਨੈਕਸ਼ਨ ਨਹੀਂ। ਹੈਰਾਨੀ ਦੀ ਗੱਲ ਹੈ ਕਿ 6465 ਸਕੂਲ ਇਮਾਰਤਾਂ ਤੋਂ ਬਿਨ੍ਹਾਂ ਚੱਲ ਰਹੇ ਹਨ।

ਬਾਵਜੂਦ ਇਸ ਸਭ ਕੁਝ ਦੇ ਕਿ ਬੁਨਿਆਦੀ ਸਹੂਲਤਾਂ ਦੀ ਸਕੂਲਾਂ 'ਚ ਕਮੀ ਹੈ ਕੇਂਦਰ ਸਰਕਾਰ ਵੱਲੋਂ 2021-22 ਦੇ ਬਜ਼ਟ 'ਚ ਸਿੱਖਿਆ ਉਤੇ ਖ਼ਰਚੇ 'ਚ 8.3 ਫੀਸਦੀ ਦੀ ਕਮੀ ਕਰ ਦਿੱਤੀ ਗਈ।

ਸਿੱਖਿਆ ਪ੍ਰਦਾਨ ਕਰਨ ਲਈ ਟਰੇਂਡ ਅਧਿਆਪਕਾਂ ਦੀ ਲੋੜ ਹੁੰਦੀ ਹੈ, ਕੇਂਦਰ ਤੇ ਸੂਬਾ ਸਰਕਾਰਾਂ ਵਲੋਂ ਸਮੇਂ ਸਮੇਂ ਤੇ ਸਕੂਲਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸ਼ਿਖਸ਼ਾ ਕਰਮੀ ਪ੍ਰਾਜੈਕਟ, ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ, ਸਰਬ ਸਿੱਖਿਆ ਅਭਿਆਨ, ਨੈਸ਼ਨਲ ਪ੍ਰੋਗਰਾਮ ਆਫ ਨਿਊਟ੍ਰੀਸ਼ਨਲ ਸਪੋਰਟ ਟੂ ਪ੍ਰਾਇਮਰੀ ਐਜੂਕੇਸ਼ਨ ਜਿਹੇ ਪ੍ਰਾਜੈਕਟ ਲਿਆਂਦੇ ਅਤੇ ਅਧਿਆਪਕਾਂ ਦੀ ਨਿਯੁਕਤੀ ਇਹਨਾਂ ਪ੍ਰੋਗਰਾਮਾਂ ਤਹਿਤ, ਰੈਗੂਲਰ ਅਧਿਆਪਕਾਂ ਦੀ ਨਿਯੁੱਕਤੀ ਦੀ ਘਾਟ ਪੂਰੀ ਕਰਨ ਲਈ ਕੀਤੀ। ਪਰ ਦੇਸ਼ ਭਰ ਦੇ ਸਰਕਾਰੀ ਸਕੂਲਾਂ. ਵਿੱਚ ਇਸ ਸਮੇਂ 10 ਲੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਇਹ ਰਿਪੋਰਟ 31 ਦਸੰਬਰ 2022 ਤੱਕ ਦੀ ਹੈ।

ਇੱਕ ਪਾਰਲੀਮੈਂਟ ਪੈਨਲ ਨੇ ਸਰਕਾਰ ਨੂੰ 2020 'ਚ ਲਿਆਂਦੀ ਨੈਸ਼ਨਲ ਐਜੂਕੇਸ਼ਨ ਪਾਲਿਸੀ 'ਚ ਦਰਜ ਇਸ ਮੱਦ ਨੂੰ ਲਾਗੂ ਕਰਨ ਕਿ ਸਕੂਲਾਂ 'ਚ 30:1 ਦੇ ਅਨੁਪਾਤ ਅਨੁਸਾਰ ਅਧਿਆਪਕਾਂ ਦੀ ਭਰਤੀ ਹੋਣੀ ਚਾਹੀਦੀ ਹੈ, ਵੱਲ ਸਰਕਾਰ ਨੇ ਧਿਆਨ ਨਹੀਂ ਦਿੱਤਾ। ਕੁੱਲ ਮਿਲਾਕੇ ਸਕੂਲਾਂ ਵਿੱਚ 62,71,380 ਅਧਿਆਪਕਾਂ ਦੀਆਂ ਅਸਾਮੀਆਂ ਹਨ, ਜਿਹਨਾਂ ਵਿੱਚ 15.7 ਫੀਸਦੀ ਖਾਲੀ ਪਾਈਆਂ ਹਨ।

ਇਹ ਹੀ ਨਹੀਂ ਕਿ ਕੇਂਦਰ ਸਰਕਾਰ ਵੱਲੋਂ ਹੀ ਨਾਗਰਿਕਾਂ ਨੂੰ ਸਿੱਖਿਆ ਪ੍ਰਦਾਨ ਕਰਨ ਤੋਂ ਮੁੱਖ ਮੋੜਿਆ ਜਾ ਰਿਹਾ ਹੈ। ਰਾਜ ਸਰਕਾਰਾਂ ਦਾ ਵਤੀਰਾ ਵੀ ਇਹੋ ਜਿਹਾ ਹੀ ਹੈ। ਨਿੱਤ ਦਿਹਾੜੇ ਕਿਵੇਂ ਸਿਹਤ ਅਤੇ ਸਿੱਖਿਆ ਸਹੂਲਤਾਂ ਪ੍ਰਦਾਨ ਕਰਨ ਤੋਂ ਪਾਸਾ ਵੱਟਕੇ, ਨਿੱਜੀਕਰਨ ਦੀ ਪਾਲਿਸੀ ਤਹਿਤ ਪਬਲਿਕ ਸਕੂਲ, ਵੱਡੇ ਮਲਟੀ ਸਪੈਸ਼ਲਿਸਟ ਹਸਪਤਾਲ ਖੋਲ੍ਹੇ ਜਾ ਰਹੇ ਹਨ। ਉਹ ਸਰਕਾਰਾਂ ਦੀ ਇਸ ਨੀਅਤ ਨੂੰ ਸਪਸ਼ਟ ਕਰਦੇ ਹਨ ਕਿ ਸੰਵਿਧਾਨ ਦੀ ਧਾਰਾ 45 ਅਤੇ 21ਏ ਤਹਿਤ ਦਿੱਤੇ ਸਿੱਖਿਆ ਫਰਜ਼ਾਂ ਨੂੰ ਕਿਵੇਂ ਦਰਕਿਨਾਰ ਕੀਤਾ ਜਾ ਰਿਹਾ ਹੈ। ਸਭ ਲਈ ਸਿੱਖਿਆ ਪ੍ਰਦਾਨ ਕਰਨ ਦੀ ਗੱਲ ਲਾਗੂ ਕਰਨਾ ਤਾਂ ਹਾਲੇ ਦੂਰ ਹੈ ਹੀ, ਸਭ ਲਈ ਬਰਾਬਰ ਦੀ ਸਿੱਖਿਆ ਦੀ ਸੋਚ ਤਾਂ ਸਰਕਾਰਾਂ ਨੇ ਧਿਆਨ ਵਿੱਚ ਹੀ ਨਹੀਂ ਲਿਆਂਦੀ।

19 ਅਗਸਤ 2015 ਨੂੰ ਅਲਾਹਬਾਦ ਹਾਈ ਕੋਰਟ ਨੇ ਇੱਕ ਹੁਕਮ ਮੁੱਖ ਸਕੱਤਰ ਯੂ.ਪੀ. ਸਰਕਾਰ ਨੂੰ ਦਿੱਤਾ ਸੀ ਕਿ ਸਾਰੇ ਸਰਕਾਰੀ ਮੁਲਜ਼ਮ, ਅਫ਼ਸਰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਸਿੱਖਿਆ ਦੁਆਉਣ ਲਈ ਭਰਤੀ ਕਰਵਾਉਣ। ਮਾਨਯੋਗ ਅਦਾਲਤ ਦਾ ਪਹਿਲਾ ਮਨਸ਼ਾ ਸੀ ਕਿ ਗਰੀਬਾਂ, ਅਮੀਰਾਂ ਦੇ ਬੱਚੇ ਇਕੋ ਸਕੂਲ 'ਚ ਬਰਾਬਰ ਦੀ ਸਿੱਖਿਆ ਪ੍ਰਾਪਤ ਕਰਨ, ਦੂਜਾ ਸਰਕਾਰੀ ਅਫ਼ਸਰਾਂ ਨੂੰ ਇਹ ਅਹਿਸਾਸ ਹੋਵੇ ਕਿ ਸਰਕਾਰੀ ਸਕੂਲਾਂ ਦੇ ਜ਼ਮੀਨੀ ਹਾਲਾਤ ਕਿਹੋ ਜਿਹੇ ਹਨ ਅਤੇ ਉਹ ਇਹਨਾਂ ਹਾਲਾਤਾਂ ਦੇ ਸੁਧਾਰ ਲਈ ਨਿਤੀਗਤ ਫੈਸਲਿਆਂ ਦੇ ਨਾਲ-ਨਾਲ ਇਥੇ ਦੇ ਬੁਨਿਆਦੀ ਢਾਂਚੇ ਨੂੰ ਠੀਕ ਕਰਨ ਲਈ ਯਤਨ ਕਰਨ।

ਇਸ ਹਾਈ ਕੋਰਟ ਦੇ ਫੈਸਲੇ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ। ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਇਹ ਮੰਗ ਉਠੀ ਕਿ ਸਾਰੇ ਲੋਕਾਂ ਦੇ ਬੱਚੇ ਇਕੋ ਜਿਹੀ ਸਿੱਖਿਆ ਦੇ ਭਾਗੀਦਾਰ ਹਨ। ਉਹਨਾ ਦੇ ਬੱਚਿਆਂ ਦਾ ਵੀ ਹੱਕ ਹੈ ਕਿ ਉਹ ਚੰਗੇਰੀ ਸਿੱਖਿਆ, ਚੰਗੇਰੇ ਸਕੂਲਾਂ 'ਚ ਪ੍ਰਾਪਤ ਕਰਨ। ਕੇਂਦਰ ਸਰਕਾਰ ਨੇ ਰਾਈਟ ਟੂ ਐਜੂਕੇਸ਼ਨ ਐਕਟ ਦੇ ਤਹਿਤ ਤਹਿ ਕਰਕੇ ਸੀਬੀਐਸਈ ਮਾਨਤਾ ਪ੍ਰਾਪਤ ਪਬਲਿਕ, ਪ੍ਰਾਈਵੇਟ ਸਕੂਲਾਂ 'ਚ 15 ਫੀਸਦੀ ਸੀਟਾਂ ਆਮ ਲੋੜਬੰਦ, ਗਰੀਬ ਬੱਚਿਆਂ ਲਈ ਮੁਫ਼ਤ ਸਿੱਖਿਆ ਲਈ ਰਾਖਵੀਆਂ ਕੀਤੀਆਂ। ਪਰ ਇਸ ਹੁਕਮ ਨੂੰ ਲਾਗੂ ਨਾ ਕਰਨ ਲਈ ਆਪਣੇ ਦਾਅ ਪੇਚ ਵਰਤੇ 'ਤੇ ਸਧਾਰਨ ਪਰਿਵਾਰਾਂ ਦੇ ਬੱਚਿਆਂ ਨੂੰ ਇਹਨਾ ਸਕੂਲਾਂ 'ਚ ਦਾਖਲੇ ਲਈ ਆਨਾ-ਕਾਨੀ ਕੀਤੀ।

(ਬਾਕੀ ਸਫ਼ਾ 31 'ਤੇ)

# ਜਾਤ-ਪਾਤ ਦੀ ਲਾਮਬੰਦੀ ਦੀ ਸਿਆਸਤ ਤੇਜ਼

## ਜਾਤ-ਪਾਤ ਦੇ ਜਾਲ ਵਿੱਚ ਉਲਝਿਆ ਭਾਰਤੀ ਸਮਾਜ

ਇਹ ਇਤਫ਼ਾਕ ਹੈ ਕਿ ਜਦੋਂ ਦੇਸ਼ ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਮਨਾ ਰਿਹਾ ਹੈ ਤਾਂ ਜਾਤੀ ਜਨਗਣਨਾ ਦੇ ਨਾਂ 'ਤੇ ਜਾਤੀਵਾਦੀ ਰਾਜਨੀਤੀ ਤੇਜ਼ ਹੋ ਗਈ ਹੈ। ਅਜਿਹੀ ਸਥਿਤੀ ਵਿੱਚ ਇਹ ਸਵਾਲ ਉਠਣਾ ਸੁਭਾਵਿਕ ਹੈ ਕਿ ਇਹ ਜਾਤ-ਪਾਤ ਕਿਉਂ ਨਹੀਂ ਜਾਂਦੀ? ਸਾਡੇ ਆਜ਼ਾਦੀ ਘੁਲਾਟੀਆਂ ਨੇ ਇਸ ਬਾਰੇ ਕੀ ਸੋਚਿਆ ਸੀ? ਆਜ਼ਾਦ ਭਾਰਤ ਦੀ ਪਹਿਲੀ ਜਨਗਣਨਾ 1951 ਵਿੱਚ ਹੋਈ ਸੀ। ਇਸ ਤੋਂ ਪਹਿਲਾਂ ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਨੇ 1950 ਵਿੱਚ ਸਪੱਸ਼ਟ ਕਿਹਾ ਸੀ ਕਿ ਜਾਤਾਂ ਦੀ ਗਿਣਤੀ ਨਹੀਂ ਕੀਤੀ ਜਾਵੇਗੀ ਅਤੇ ਭਵਿੱਖ ਵਿੱਚ ਕਦੇ ਵੀ ਜਾਤੀ ਜਨਗਣਨਾ ਨਹੀਂ ਹੋਵੇਗੀ। ਉਨ੍ਹਾਂ ਤੋਂ ਬਾਅਦ ਐਚ ਐਮ ਪਟੇਲ, ਵਾਈ ਬੀ ਚਵਾਨ ਅਤੇ ਗਿਆਨੀ ਜ਼ੈਲ ਸਿੰਘ ਕੇਂਦਰੀ ਗ੍ਰਹਿ ਮੰਤਰੀ ਬਣੇ। ਬਿਹਾਰ ਦੇ ਨੇਤਾ ਬੀਪੀ ਮੰਡਲ ਨੇ ਇਨ੍ਹਾਂ ਤਿੰਨਾਂ ਗ੍ਰਹਿ ਮੰਤਰੀਆਂ ਨੂੰ ਪੱਤਰ ਲਿਖ ਕੇ ਜਾਤੀਆਂ ਦੀ ਗਿਣਤੀ ਕਰਨ ਦੀ ਮੰਗ ਕੀਤੀ ਸੀ, ਪਰ ਕਿਸੇ ਨੇ ਵੀ ਪਟੇਲ ਦੇ ਫੈਸਲੇ ਨੂੰ ਉਲਟਾਉਣਾ ਮੁਨਾਸਿਬ ਨਹੀਂ ਸਮਝਿਆ।

ਪਰ ਆਜ਼ਾਦੀ ਤੋਂ ਬਾਅਦ ਜਿਵੇਂ-ਜਿਵੇਂ ਜਾਤ-ਪਾਤ ਦੀ ਲਾਮਬੰਦੀ ਦੀ ਸਿਆਸਤ ਤੇਜ਼ ਹੁੰਦੀ ਗਈ, ਹਰ ਜਾਤੀ ਆਪਣੇ ਸਿਆਸੀ ਘੇਰੇ ਅੰਦਰ ਮਜ਼ਬੂਤ ??ਹੋਣ ਦੇ ਸੁਪਨੇ ਦੇਖਣ ਲੱਗੀ। ਜਾਤੀ ਆਧਾਰਿਤ ਮਰਦਮਸ਼ੁਮਾਰੀ ਵਿੱਚ ਜਾਤੀ ਲਾਮਬੰਦੀ ਦੀ ਰਾਜਨੀਤੀ ਨੇ ਆਪਣਾ ਰਾਹ ਲੱਭਣਾ ਸ਼ੁਰੂ ਕਰ ਦਿੱਤਾ ਹੈ। ਹੈਰਾਨੀ ਦੀ ਗੱਲ ਨਹੀਂ ਕਿ 1980 ਵਿੱਚ ਪਛੜੀਆਂ ਸ਼੍ਰੇਣੀਆਂ ਦੀ ਹਾਲਤ ਬਾਰੇ ਰਿਪੋਰਟ ਪੇਸ਼ ਕਰਨ ਵਾਲੇ ਬੀਪੀ ਮੰਡਲ ਨੇ ਵੀ ਇਹ ਮੰਗ ਅੱਗੇ ਰੱਖੀ। ਇਹ ਹੋਰ ਗੱਲ ਹੈ ਕਿ ਉਸ ਵੇਲੇ ਦੇ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਇਸ ਨੂੰ ਰੱਦ ਕਰ ਦਿੱਤਾ ਸੀ। ਅੰਗਰੇਜ਼ਾਂ ਵੱਲੋਂ 1931 ਵਿੱਚ ਕਰਵਾਈ ਗਈ ਮਰਦਮਸ਼ੁਮਾਰੀ ਵੀ ਜਾਤੀ ਦੁਸ਼ਮਣੀ ਫੈਲਾਉਣ 'ਤੇ ਆਧਾਰਿਤ ਸੀ। ਆਜ਼ਾਦੀ ਤੋਂ ਬਾਅਦ ਜਦੋਂ 1951 ਦੀ ਮਰਦਮਸ਼ੁਮਾਰੀ ਦੀਆਂ ਤਿਆਰੀਆਂ ਹੋ ਰਹੀਆਂ ਸਨ ਤਾਂ ਜਾਤੀ ਜਨਗਣਨਾ ਦੀ ਮੰਗ ਵੀ ਉੱਠੀ। ਪਰ ਤਤਕਾਲੀ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ ਇਸ ਨੂੰ ਰੱਦ ਕਰ ਦਿੱਤਾ ਸੀ। ਪਟੇਲ ਨੇ ਕਿਹਾ ਸੀ, ਜਾਤੀ ਜਨਗਣਨਾ ਦੇਸ਼ ਦੇ ਸਮਾਜਿਕ ਤਾਣੇ-ਬਾਣੇ ਨੂੰ ਵਿਗਾੜ ਸਕਦੀ ਹੈ। ਇਸ ਨੂੰ ਤਤਕਾਲੀ ਪ੍ਰਧਾਨ ਮੰਤਰੀ ਨਹਿਰੂ, ਡਾ. ਬੀ.ਆਰ. ਅੰਬੇਡਕਰ ਅਤੇ ਮੌਲਾਨਾ ਆਜ਼ਾਦ ਨੇ ਵੀ ਸਮਰਥਨ ਦਿੱਤਾ ਸੀ। ਇਸ ਤੋਂ ਪਹਿਲਾਂ, ਸੰਵਿਧਾਨ ਸਭਾ ਵਿੱਚ ਇੱਕ ਬਹਿਸ ਵਿੱਚ, ਪਟੇਲ ਨੇ ਗਾਂਧੀ ਜੀ ਦੇ ਵਿਚਾਰਾਂ ਅਨੁਸਾਰ ਅੱਗੇ ਵਧਣ ਦਾ ਇਰਾਦਾ ਜ਼ਾਹਰ ਕਰਦੇ ਹੋਏ, ਜਾਤੀ ਅਧਾਰਤ ਰਾਖਵੇਂਕਰਨ ਦੀ ਮੰਗ ਨੂੰ ਰੱਦ ਕਰ ਦਿੱਤਾ ਸੀ। ਭਾਰਤ ਦੀ ਆਜ਼ਾਦੀ ਦੀ ਲਹਿਰ ਸਿਰਫ਼ ਇੱਕ ਸਿਆਸੀ ਲਹਿਰ ਨਹੀਂ ਸੀ। ਇਸ ਵਿਚ ਸਮਾਜ ਸੁਧਾਰ ਦੇ ਮੁੱਲ ਵੀ ਸਨ। ਅਜ਼ਾਦੀ ਘੁਲਾਟੀਆਂ ਨੇ ਜਿਸ ਭਾਰਤ ਦਾ ਸੁਪਨਾ ਦੇਖਿਆ ਸੀ, ਉਸ ਭਾਰਤ ਵਿੱਚ ਜਾਤੀਵਾਦ ਦੀ ਕੋਈ ਗੁੰਜਾਇਸ਼ ਨਹੀਂ ਸੀ। ਸੰਵਿਧਾਨ ਅਤੇ ਕਾਨੂੰਨ ਅੱਗੇ ਸਭ ਬਰਾਬਰ ਸਨ। ਹਾਲਾਂਕਿ, ਜਿਵੇਂ-ਜਿਵੇਂ ਸਮਾਜਵਾਦੀ ਧਾਰਾ ਦੀ ਰਾਜਨੀਤੀ ਆਜ਼ਾਦੀ ਤੋਂ ਬਾਅਦ ਅੱਗੇ ਵਧਦੀ ਗਈ, ਇਸਨੇ ਅਸਿੱਧੇ ਤੌਰ 'ਤੇ ਜਾਤੀਵਾਦੀ ਰਾਜਨੀਤੀ ਨੂੰ ਅੱਗੇ ਵਧਾਇਆ। ਡਾ: ਲੋਹੀਆ ਜਾਤ-ਪਾਤ ਤੋੜਨ ਦੀ ਗੱਲ ਕਰਦੇ ਸਨ ਪਰ ਉਨ੍ਹਾਂ ਦੇ



ਪੈਰੋਕਾਰਾਂ ਨੇ ਉਨ੍ਹਾਂ ਦੇ ਨਾਅਰੇ ਨੂੰ ਸਤਹੀ ਮੰਨ ਲਿਆ। ਲੋਹੀਆ ਦਾ ਮੰਨਣਾ ਸੀ ਕਿ ਇੱਕ ਵਾਰ ਆਰਥਿਕ ਸਮਾਨਤਾ ਪ੍ਰਾਪਤ ਹੋ ਜਾਣ ਨਾਲ ਨਾ ਸਿਰਫ਼ ਜਾਤ-ਪਾਤ ਦਾ ਅੰਤ ਹੋਵੇਗਾ ਸਗੋਂ ਸਮਾਜਿਕ ਬਰਾਬਰੀ ਵੀ ਸਥਾਪਿਤ ਹੋ ਜਾਵੇਗੀ।

ਜਦੋਂ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਈਆਂ ਤਾਂ ਜਾਤ-ਪਾਤ ਦੀ ਰਾਜਨੀਤੀ ਨੇ ਇਸ ਵਿੱਚ ਆਪਣੇ ਆਪ ਨੂੰ ਇੱਕ ਮੌਕਾ ਦੇਖਿਆ। ਹਰ ਜਾਤ ਨੇ ਸਿਆਸੀ ਹੱਕ ਹਾਸਲ ਕਰਨ ਲਈ ਆਪਣੇ ਖੋਲ ਨੂੰ ਮਜ਼ਬੂਤ ??ਕਰਨਾ ਸ਼ੁਰੂ ਕਰ ਦਿੱਤਾ। ਇਹ ਇੱਕ ਵਿਰੋਧਾਭਾਸ ਹੈ ਕਿ ਜੈਪ੍ਰਕਾਸ਼ ਅੰਦੋਲਨ ਤੋਂ ਪੈਦਾ ਹੋਈ ਗੈਰ-ਕਾਂਗਰਸੀ ਸਰਕਾਰ ਨੇ ਮੰਡਲ ਕਮਿਸ਼ਨ ਦਾ ਗਠਨ ਕੀਤਾ ਸੀ, ਇਸੇ ਅੰਦੋਲਨ ਦੌਰਾਨ 1974 ਵਿੱਚ ਜੈਪ੍ਰਕਾਸ਼ ਨਰਾਇਣ ਦੇ ਪਿੰਡ ਸੀਤਾਬਦਿਆਰਾ ਵਿੱਚ ਹੋਈ ਮੀਟਿੰਗ ਵਿੱਚ ਜਾਤੀ ਨੂੰ ਤੋੜਨ ਲਈ ਗੰਭੀਰ ਯਤਨ ਕਰਨ ਦਾ ਪ੍ਰਸਤਾਵ ਪਾਸ ਕੀਤਾ ਗਿਆ ਸੀ। ਸਿਸਟਮ.. ਉਦੋਂ ਜੈਪ੍ਰਕਾਸ਼ ਨੇ ਨਾਅਰਾ ਦਿੱਤਾ ਸੀ, ਜਾਤ-ਪਾਤ ਛੱਡੋ, ਪਵਿੱਤਰ ਧਾਗਾ ਤੋੜੋ, ਮਨੁੱਖ ਨੂੰ ਮਨੁੱਖ ਨਾਲ ਜੋੜੋ। ਜਨਤਾ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਇਨ੍ਹਾਂ ਯਤਨਾਂ ਵਿੱਚ ਤੇਜ਼ੀ ਆਉਣੀ ਚਾਹੀਦੀ ਸੀ, ਪਰ ਅਜਿਹਾ ਨਹੀਂ ਹੋ ਸਕਿਆ। ਕਿਉਂਕਿ ਜਾਤਾਂ ਨੂੰ ਤੋੜਨ ਦੀ ਗੱਲ ਕਰਨ ਵਾਲੀ ਸਿਆਸਤ ਦੇ ਬਹੁਤੇ ਪੈਰੋਕਾਰ ਜਾਤਾਂ ਦੇ ਇਕਜੁੱਟ ਹੋਣ ਵਿੱਚ ਹੀ ਆਪਣਾ ਭਵਿੱਖ ਦੇਖ ਰਹੇ ਸਨ। ਚੰਦਰਸ਼ੇਖਰ ਨੂੰ ਇਸ ਗੱਲ ਦਾ ਪਤਾ ਸੀ, ਇਸ ਲਈ ਉਨ੍ਹਾਂ ਨੇ ਜੈਪ੍ਰਕਾਸ਼ ਨੂੰ ਖਦਸ਼ਾ ਪ੍ਰਗਟਾਇਆ ਕਿ ਆਉਣ ਵਾਲੇ ਦਿਨਾਂ ਵਿੱਚ ਅੰਦੋਲਨਕਾਰੀਆਂ ਨੂੰ ਉਨ੍ਹਾਂ ਦੀਆਂ ਜਾਤਾਂ ਦੇ ਨੇਤਾਵਾਂ ਵਜੋਂ ਪਛਾਣਿਆ ਜਾਵੇਗਾ।

ਮੌਜੂਦਾ ਜਾਤੀ ਜਨਗਣਨਾ 'ਤੇ ਜ਼ੋਰ ਵੀ ਇਸੇ ਸੋਚ ਦਾ ਹੀ ਵਿਸਥਾਰ ਹੈ। ਇਸ ਦੀ ਦਲੀਲ ਇਹ ਹੈ ਕਿ ਇਸ ਨਾਲ ਸਮਾਜਿਕ ਨਿਆਂ ਦੀ ਪ੍ਰਾਪਤੀ ਸੰਭਵ ਹੋਵੇਗੀ। ਜਦੋਂ ਕਿ ਅਸਲੀਅਤ ਇਹ ਹੈ ਕਿ ਕੇਂਦਰੀ ਸੂਚੀ ਵਿੱਚ ਪਛੜੀਆਂ ਜਾਤੀਆਂ ਦੀ ਕੁੱਲ ਗਿਣਤੀ 2633 ਹੈ। ਜੇਕਰ ਦੇਸ਼ ਵਿੱਚ ਜਾਤੀ ਅਧਾਰਤ ਮਰਦਮਸ਼ੁਮਾਰੀ ਹੁੰਦੀ ਹੈ ਤਾਂ ਇਹ ਜਾਤਾਂ ਆਪਣੇ-ਆਪਣੇ ਖੋਲ ਨੂੰ ਮਜ਼ਬੂਤ ??ਕਰਨ ਲੱਗ ਜਾਣਗੀਆਂ ਕਿਉਂਕਿ ਇਹਨਾਂ ਸਾਰੀਆਂ ਜਾਤਾਂ ਦੇ ਆਗੂ ਵੱਧ ਤੋਂ ਵੱਧ ਹਿੱਸੇਦਾਰੀ ਦੀ ਆਸ ਰੱਖਣਗੇ। ਜਾਤੀ ਲਾਮਬੰਦੀ ਦੌਰਾਨ ਕੌਮੀ ਏਕਤਾ, ਸਮਾਜਿਕ ਸਦਭਾਵਨਾ, ਭਾਈਚਾਰਕ ਸਾਂਝ ਆਦਿ ਦੀ ਆਦਰਸ਼ ਸਥਿਤੀ ਦਾ ਕੀ ਬਣੇਗਾ, ਇਸ ਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ ਹੈ।

# ਰਿਸ਼ਤਿਆਂ ਦੀ ਦਾਸਤਾਨ

**ਪ੍ਰੋ. ਸਰਬਜਿੰਦਰ ਸਿੰਘ**



ਅਰਬਾਂ ਕਰੋੜਾਂ ਦੀ ਗਿਣਤੀ 'ਚ ਵਿਚਰਦੇ ਲੋਕਾਂ ਤੇ ਸੈਂਕੜੇ ਹਜ਼ਾਰਾਂ ਮੀਲਾਂ ਦੀ ਦੂਰੀ 'ਤੇ ਵੱਸਦੇ - ਰੱਸਦੇ ਹੋਏ ਵੀ ਰਿਸ਼ਤੇ ਕਿਵੇਂ ਕਿਸੇ ਪ੍ਰਬਲ ਵੇਗ ਨਾਲ ਇੱਕ ਦੂਜੇ ਨੂੰ ਤਲਾਸ਼ਦੇ ਹਨ ਤੇ ਫਿਰ ਸਮਾਂ ਆਉਣ ਤੇ ਆਪ ਮੁਹਾਰੇ ਕਿਵੇਂ ਪ੍ਰਗਟ ਹੋ ਜਾਂਦੇ ਹਨ। ਇਹ ਲੀਲਾ ਅਜਬ ਗਜ਼ਬ ਦੀ ਵੀ ਹੈ ਤੇ ਰਮਜ਼ਾਂ ਭਰੀ ਵੀ , ਜਿਸਦੀ ਥਾਹ ਪਾਉਣੀ ਮੈਨੂੰ ਕਦੇ ਮੁਮਕਿਨ ਨਹੀਂ ਲੱਗੀ। ਸੱਚ 'ਤੇ ਇਹ ਹੈ ਕਿ ਕਦੇ ਇਹ ਮੈਨੂੰ ਪਰੀ ਕਹਾਣੀਆਂ ਵਾਂਗ ਅਦਭੁੱਤ ਨਜਰ ਆਉਂਦੀ ਹੈ ਤੇ ਕਦੇ ਅਲਫ਼ ਲੈਲਾ ਦੇ ਕਿਸੇ ਵਾਂਗ ਹੈਰਾਨਕੁਨ ।

ਇੱਕ ਵਾਰ ਜਦ ਮੈਂ ਇਹ ਸਵਾਲ ਮਹਾਂ ਪੰਡਿਤ ਰਮਾਕਾਂਤ ਅੰਗਰਿਸ ਜੀ ਨੂੰ ਪੁਛਿਆ ਤਾਂ ਉਨਾਂ ਬਹੁਤ ਸਹਿਜ ਅਵਸਥਾ 'ਚ ਪਹਿਲਾਂ ਮੇਰੇ ਵੱਲ ਤੱਕਿਆ ਫਿਰ ਅੱਖਾਂ ਮੁੰਦ ਬੋਲੇ, ਰਿਸ਼ਤੇ ਨ ਸੰਯੋਗ ਨ ਮਰਜੀ , ਸਦੀਆਂ ਪੁਰਾਣੇ ਅਤ੍ਰਿਪਤ ਰਿਸ਼ਤਿਆਂ ਦੀ ਅਜਬ ਦਾਸਤਾਨ। ਬੇਸ਼ੱਕ ਜਨਮ, ਪੁਨਰ-ਜਨਮ ਦਾ ਸਵਾਲ ਟੇਢਾ ਪ੍ਰਸ਼ਨ ਹੈ ਪਰ ਮੈਨੂੰ ਆਪਣੇ ਸਵਾਲ ਦਾ ਉਤਰ ਮਿਲ ਗਿਆ ਸੀ । ਹੁਣ ਜਦ ਕਦੇ ਵੀ ਇਹੋ ਜਿਹੇ ਸੰਯੋਗ ਦਾ ਜਿੰਦਗੀ 'ਚ ਪ੍ਰਗਟਾ ਹੁੰਦਾ ਹੈ ਤਾਂ ਰਮਾਕਾਂਤ ਜੀ ਮੇਰੇ ਚੇਤਿਆਂ ਵਿੱਚ ਪੁਨਰ ਸਿਰਜਤ ਹੋ ਉਸੇ ਮੁਦਰਾ 'ਚ ਅੱਖਾਂ ਮੁੰਦ ਪ੍ਰਗਟ ਹੋ ਓਹੀ ਮਹਾਂਵਾਕ ਉਚਾਰਦੇ ਨਜਰ ਆਉਂਦੇ ਹਨ ਜੋ ਕਈ ਦਹਾਕੇ ਪਹਿਲਾਂ ਉਨਾਂ ਮੈਨੂੰ ਸਮਝਾਇਆ ਸੀ।

ਅਮਰੀਕਾ ਵਾਲਿਆਂ ਨਾਲ ਵਾਅਦਾ ਕੀਤਾ ਸੀ ਕਿ ਇਸ ਵਾਰ ਹਰ ਹਾਲਤ ਵਿੱਚ ਉਨਾਂ ਦੁਆਰਾ ਗਦਰੀ ਬਾਬਿਆਂ 'ਤੇ ਆਯੋਜਿਤ ਕੀਤੇ ਜਾਣ ਵਾਲੀ ਕਾਨਫਰੰਸ 'ਚ ਸ਼ਾਮਲ ਹੋਵਾਂਗਾ ਤੇ ਕੁੰਜੀਵਤ ਭਾਸ਼ਨ ਵੀ ਦੇਵਾਂਗਾ । ਹੁਣ ਇਹ ਕੁਦਰਤੀ ਸੀ ਕਿ ਜਦ ਕਾਨਫਰੰਸ 'ਚ ਕੁੰਜੀਵਤ ਭਾਸ਼ਨ ਦੀ ਜਿੰਮੇਵਾਰੀ ਨਿਭਾਉਣੀ ਹੈ ਤੇ ਨੀਝ ਨਾਲ ਯੁੱਧਬੀਰ ਬਾਬਿਆਂ ਦੇ ਉਸ ਸੰਗਰਾਮ ਦੀ ਰੀ ਰੀਡਿੰਗ ਕਰ ਲਈ ਜਾਵੇ । ਇਸ ਕਾਰਜ 'ਚ ਜੁਟਿਆ ਹੋਇਆ ਸਾਂ ਕਿ ਇੱਕ ਗਦਰੀ ਬਾਬੇ ਬੀਰ ਸਿੰਘ ਕਨੇਚ ਹੋਰਾਂ ਬਾਰੇ ਪਤਾ ਲੱਗਾ ਜਿੰਨਾਂ ਨੂੰ ਅਮਰੀਕਨ ਸਰਕਾਰ ਵੱਲੋਂ ਸਭ ਤੋਂ ਖਤਰਨਾਕ ਸਿੱਖ ਐਲਾਨਿਆ ਹੋਇਆ ਸੀ । ਇਹ ਵੀ ਪਤਾ ਲੱਗਾ ਕਿ ਇਹ ਸਭ ਤੋਂ ਵੱਧ ਪੜ੍ਹਿਆ ਲਿਖਿਆ ਬਾਬਾ ਸੀ ਜਿਸਨੇ ਡਿਗਰੀ ਵੀ ਇੱਕ ਅਮਰੀਕਨ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ ਸੀ । ਰਬਿੰਦਰ ਨਾਥ ਟੈਗੋਰ ਜੀ ਦੀ ਅੰਗਰੇਜਾਂ ਪ੍ਰਤੀ ਸਹਾਨਭੂਤੀ ਨੂੰ ਖਤਮ ਕਰਨ ਤੇ ਸੰਗਰਾਮ ਵੱਲ ਪ੍ਰੇਰਤ ਕਰਨ ਦੀ ਡਿਊਟੀ ਵੀ ਇੰਨਾਂ ਦੀ ਹੀ ਲੱਗੀ ਸੀ।

ਇਹ ਬਾਬਾ ਜੀ ਦੋਰਾਹੇ ਨੇੜੇ ਕਨੇਚ ਪਿੰਡ ਦੇ ਮੂਲ ਨਿਵਾਸੀ ਸਨ ਪਰ ਪਿੰਡ ਵਿੱਚੋਂ ਇਸ ਪਰਿਵਾਰ ਬਾਰੇ ਕੋਈ ਇਹੋ ਜਿਹੀ ਜਾਣਕਾਰੀ ਨਹੀਂ ਸੀ ਮਿਲ ਰਹੀ ਜੋ ਰਾਹ ਪਾ ਸਕੇ । ਬਸ ਇਹ ਈ ਪਤਾ ਲੱਗਾ ਕਿ ਬਹੁਤ ਲੰਬਾ ਸਮਾਂ ਪਹਿਲਾਂ ਸਾਰਾ ਪਰਿਵਾਰ ਪਿੰਡ ਤੋਂ ਲੁਧਿਆਣੇ ਤੇ ਫਿਰ ਲੁਧਿਆਣੇ ਤੋਂ ਵਿਦੇਸ਼ ਤੁਰ ਗਿਆ ਸੀ । ਕਿਹੜੇ ਦੇਸ਼ ਇਹ ਕਿਸੇ ਨੂੰ ਵੀ ਪਤਾ ਨਹੀਂ ਸੀ । ਨਿਰਾਸ਼ਾ ਤੇ ਹੋਈ ਪਰ ਆਸ ਨ ਛੱਡੀ ।

ਮੈਂ ਇਹ ਪੜ੍ਹਿਆ ਵੀ ਹੈ ਤੇ ਸੁਣਿਆ ਵੀ , ਇਥੋਂ ਤਕ ਕਿ ਅਜਮਾਇਆ ਵੀ ਕਿ ਇਹ ਆਦਮ ਦਾ ਮੰਨ ਹੈ ਨ ਜੋ ਇਹ ਸਦੈਵ ਮੈਗਨੈਟ ਵਾਂਗ ਕ੍ਰਿਆਸ਼ੀਲ ਰਹਿੰਦਾ ਹੈ ਤੇ ਇਸ ਦਾ ਵਾਹਕ ਕਾਇਨਾਤ ਦਾ ਆਕਰਸ਼ਣ ਨਿਯਮ ਹੈ । ਤੁਸੀਂ ਜਿਵੇਂ ਜਿਵੇਂ ਦਾ ਸੋਚੋਗੇ ਓਵੇਂ ਓਵੇਂ ਦਾ ਹੋਣਾ ਸ਼ੁਰੂ ਹੋ ਜਾਏਗਾ । ਇਸ ਨੂੰ ਗੁਰਬਾਣੀ ਵਿੱਚੋਂ ਜੈਸਾ ਸੇਵੇ ਤੈਸਾ ਹੋਇ ਦੇ ਮਹਾਂਵਾਕ ਨਾਲ ਪੁਸ਼ਟ ਕੀਤਾ ਜਾ ਸਕਦਾ ਹੈ ।

ਗਦਰੀ ਬੀਰ ਸਿੰਘ ਕਨੇਚ ਹੋਣਾ ਦੇ ਮਾਮਲੇ ਵਿੱਚ ਅਜਿਹਾ ਈ ਵਾਪਰਿਆ ਜਿਸ ਨੇ ਉਪਰੋਕਤ ਨਿਯਮ ਵਿੱਚ ਮੇਰਾ ਵਿਸ਼ਵਾਸ ਪੱਕਾ ਵੀ ਕੀਤਾ ਤੇ ਹੋਰ ਦ੍ਰਿੜ ਵੀ ।

ਇਕ ਦਿਨ ਸਹਿਜ ਸੁਭਾਅ ਮੈਂ ਮੋਬਾਈਲ 'ਤੇ ਉਂਗਲਾਂ ਮਾਰ ਸਮਾਂ ਪਾਸ ਕਰ ਰਿਹਾ ਸੀ ਕਿ ਇੱਕ ਰੇਡੀਓ ਗਲਬਾਤ 'ਤੇ ਮੇਰਾ ਹੱਥ ਜਾ ਵੱਜਿਆ ਕਿਉਂਕਿ ਉਹ ਵਿਸ਼ਾ ਮੇਰੇ ਅਧਿਐਨ ਦਾ ਹਿਸਾ ਵੀ ਸੀ ਤੇ ਜਿਸ 'ਤੇ ਮੈਂ ਨਿੱਠਕੇ ਕੰਮ ਵੀ ਕੀਤਾ ਸੀ ।

ਗਲਬਾਤ ਦਾ ਵਿਸ਼ਾ ਸੀ ਕਿ ਕਬੀਲਾ, ਕੌਮੀਅਤਾਂ ਤੇ ਧਰਮਾਂ ਦੀ ਅਹਿਮੀਅਤ ਤੇ ਇਸਦੀ ਹੋਂਦ ਹਸਤੀ ਦੇ ਸਵਾਲ ਮੇਰੇ ਕੰਨ ਖੜੇ ਹੋ ਗਏ ਤੇ ਮੈਂ ਉਸ ਸਾਰੀ ਗੱਲਬਾਤ ਨੂੰ ਬਹੁਤ ਧਿਆਨ ਲਾ ਕੇ ਸੁਣਿਆ। ਇਸ ਗੱਲਬਾਤ 'ਚ ਵਕਤਾ ਬਾਰ ਬਾਰ ਇਸ ਗੱਲ 'ਤੇ ਜੋਰ ਦੇ ਰਿਹਾ ਸੀ ਕਿ ਮੈਂਨੂੰ ਸਾਊਥ ਏਸ਼ੀਅਨ ਟਰਮ ਗਾਲ ਵਰਗੀ ਲਗਦੀ ਹੈ ਅਸੀਂ ਭਾਰਤੀ ਪੰਜਾਬੀ ਹੋ ਸਕਦੇ ਹਾਂ ਭਾਰਤੀ ਹਿੰਦੂ , ਬੋਧੀ ਤੇ ਜੈਨੀ ਹੋ ਸਕਦੇ ਹਾਂ।

ਨੇਪਾਲ ਦੇ ਨੇਪਾਲੀ ਹੋ ਸਕਦੇ ਹਾਂ , ਪਾਕਿਸਤਾਨੀ ਪੰਜਾਬੀ ਹੋ ਸਕਦੇ ਹਾਂ , ਚੀਨੀ ਬੋਧੀ ਹੋ ਸਕਦੇ ਹਾਂ, ਸ੍ਰੀ ਲੰਕਾ ਦੇ ਸਿਨਹਾਲੀ ਹੋ ਸਕਦੇ ਹਾਂ ਪਰ ਸਾਡੀ ਪਹਿਚਾਣ ਜਾਂ ਸਾਡੇ ਧਰਮ ਜਾਂ ਕੌਮੀਅਤ ਪ੍ਰਸੰਗ ਨੂੰ ਜੇਕਰ ਸਾਊਥ ਏਸ਼ੀਅਨ ਟਰਮ 'ਚ ਰੱਲਗੱਡ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅਸੀਂ ਇਸਦਾ ਵਿਰੋਧ ਕਰਾਂਗੇ ।

ਓਸ ਸਾਰੀ ਗੱਲਬਾਤ ਤੋਂ ਮੈਨੂੰ ਇਕ ਗੱਲ 'ਤੇ ਬਿਲਕੁਲ ਸਮਝ 'ਚ ਆ ਗਈ ਕਿ ਇਸ ਨਵੀਂ ਘੜੀ ਜਾ ਰਹੀ ਟਰਮ ਪਿਛੇ ਸਭ ਅੱਛਾ ਨਹੀਂ ਹੈ ਤੇ ਸ਼ਾਇਦ ਇਹ ਭਾਰਤੀ ਸੰਵਿਧਾਨ ਦੀ ਧਾਰਾ ਪੱਚੀ ਬੀ ਵਰਗੀ ਹੀ ਕੋਈ ਪੇਚੀਦਾ ਗਲ ਹੋਏਗੀ ਜਿਸਤੇ ਵੱਡੇ ਪ੍ਰਸ਼ਨ ਪਹਿਲਾਂ ਹੀ ਖੜੇ ਹੋਏ ਹਨ । ਇੱਕ ਹੋਰ ਜਿਹੜੀ ਗੱਲ ਨੇ ਮੈਨੂੰ ਹੈਰਾਨ ਕਰਕੇ ਰੱਖ ਦਿਤਾ ਸੀ ਉਹ ਉਹ ਸੀ ਕਿ ਇਸ ਗੱਲਬਾਤ ਦਾ ਮੁੱਖ ਵਕਤਾ ਜੋ ਸੀ ਉਹ ਬਾਬੇ ਬੀਰ ਸਿੰਘ ਗਦਰੀ ਦੇ ਪਿੰਡ ਕਨੇਚ ਦਾ ਸੀ ਤੇ ਉਸਦਾ ਨਾਮ ਸੀ ਰਾਜ ਸਿੰਘ ਭੰਡਾਲ ਤੇ ਬਾਬਾ ਜੀ ਵੀ ਭੰਡਾਲ ਸਨ । ਮੈਨੂੰ ਲੱਗਾ ਕਿ ਐਨਾ ਸਪੱਸ਼ਟ ਤੇ ਆਪਣੇ ਵਿਸ਼ੇ ਵਿੱਚ ਮਾਹਰ ਇਹ ਰਾਜ ਸਿੰਘ ਕਿਤੇ ਬਾਬੇ ਬੀਰ ਸਿੰਘ ਗਦਰੀ ਦੇ ਪਰਿਵਾਰ ਨਾਲ ਹੀ ਸਬੰਧਤ ਨ ਹੋਵੇ । ਸਮੱਸਿਆ ਇਹ ਆਈ ਕਿ ਮੈਂ ਉਸ ਸੰਵਾਦ ਵਿੱਚ ਐਨਾ ਖੁਭ ਗਿਆ ਸੀ ਕਿ ਨ 'ਤੇ ਮੈਂ ਰਿਲੇਅ ਕਰ ਰਹੇ ਟੀ ਵੀ ਦਾ ਨਾਮ ਵੇਖਿਆ ਤੇ ਨ ਹੀ ਫੋਨ ਨੰਬਰ। ਪ੍ਰੋਗਰਾਮ ਖਤਮ ਹੋ ਗਿਆ ਤੇ ਮੈਂ ਫੋਨ ਬੰਦ ਕਰ ਦਿੱਤਾ । ਫੋਨ ਬੰਦ ਕਰਦਿਆਂ ਈ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਕਿ ਮੇਰੇ ਕੋਲੋਂ ਕਿੰਨਾਂ ਵੱਡਾ ਬਲੰਡਰ ਹੋ ਗਿਆ ਹੈ । ਮੈਂ ਫੋਨ ਚਾਲੂ ਕਰ ਬਥੇਰੀਆਂ ਟੱਕਰਾਂ ਮਾਰੀਆਂ ਪਰ ਨਿਹਫਲ। ਬਹੁਤ ਦੁੱਖ ਲੱਗਾ ਆਪਣੇ ਕੁਟੇ ਕਮਲ 'ਤੇ ਗੁੱਸਾ ਵੀ ਆਇਆ। ਮੈਂ ਸਿਰ ਫੜਕੇ ਬੈਠ ਗਿਆ ਮੈਂ ਬਾਬਾ ਜੀ ਦੇ ਪਰਿਵਾਰ ਦੀ ਹੱਥ ਆਈ ਤੰਦ ਗਵਾ ਦਿਤੀ ਹੈ ਇਹ ਮੈਨੂੰ ਮਹਿਸੂਸ ਹੋਣਾ ਸ਼ੁਰੂ ਹੋ ਗਿਆ। ਹਾਲਾਂਕਿ ਜਰੂਰੀ ਨਹੀਂ ਸੀ ਕਿ ਇਹ ਰਾਜ ਸਿੰਘ ਨਾਮ ਦਾ ਆਦਮੀ ਬਾਬਾ ਜੀ ਨਾਲ ਸਬੰਧਤ ਹੋਵੇ ਪਰ ਮੇਰਾ ਸ਼ੱਕ ਵਿਸ਼ਵਾਸ 'ਚ ਬਦਲ ਰਿਹਾ ਸੀ ਕਿਉਂ ਇਸ ਦਾ ਉੱਤਰ ਮੇਰੇ ਕੋਲ ਨਹੀਂ ਸੀ। ਸ਼ਾਇਦ ਕੁਦਰਤ ਦੇ ਆਕਰਸ਼ਣ ਨਿਯਮ ਨੇ ਕਾਰਜ ਕਰਨਾ ਸ਼ੁਰੂ ਕਰ ਦਿਤਾ ਸੀ ਤੇ ਮੇਰੇ ਮੈਗਨੇਟਿਕ ਪ੍ਰਬੰਧ ਨੂੰ ਆਪਣੇ ਵੱਲ ਖਿੱਚਣਾ । ਹੁਣ ਮੈਂ ਭਾਲ ਕਰਨੀ ਸੀ ਰਾਜ ਸਿੰਘ ਦੀ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਕੀਮਤ 'ਤੇ।



ਸੱਚ ਜਾਣਿਓ ਮਿੱਤਰ-ਜਨੋਂ ਨਾ ਤੇ ਮੈਂ ਕੋਈ ਕਥਾ ਕਹਾਣੀ ਸੁਣਾ ਰਿਹਾ ਤੇ ਨ ਹੀ ਇਸਨੂੰ ਚਮਤਕਾਰੀ ਪੁੱਠ ਦੇ ਕਥਾ ਰਸ ਪੈਦਾ ਕਰ ਰਿਹਾ ਹਾਂ । ਹਾਂ ਕਾਇਨਾਤ ਦਾ ਆਕਰਸ਼ਣ ਨਿਯਮ ਤੇ ਮਨੁੱਖ ਦੇ ਚੁੰਬਕੀ ਮੰਨ ਦੀਆਂ ਰਮਜ਼ਾਂ ਦੇ ਭੇਦ ਸਾਂਝਾ ਕਰਨਾ ਮੇਰੀ ਮਨਸਾ ਇਥੇ ਜਰੂਰ ਹੈ । ਇਸ ਬਿਰਤਾਂਤ ਦੀ ਵਿਆਖਿਆਕਾਰੀ ਕਰ ਅਰਥਾਂ ਦੇ ਭੇਦ ਤਕ ਪਹੁੰਚਣ ਦੀ ਖੁਲ ਹਰੇਕ ਦਾ ਅਧਿਕਾਰ ਹੁੰਦੀ ਹੈ ਤੇ ਇਸੇ ਕਰਕੇ ਹਰੇਕ ਵਿਆਖਿਆਕਾਰੀ ਦੂਜੇ ਤੋਂ ਭਿੰਨ ਹੁੰਦੀ ਹੈ । ਇਸਨੂੰ ਮਸਤਕ ਦੀ ਖੇਡ ਦਾ ਨਾਮ ਵੀ ਦਿਤਾ ਜਾਂਦਾ ਹੈ। ਖੈਰ ਮੁੜਦੇ ਹਾਂ ਵਾਪਸ ਬਾਬਾ ਬੀਰ ਸਿੰਘ ਭੰਡਾਲ ਦੀ ਸ਼ੁਰੂ ਕੀਤੀ ਖੋਜ ਦੀ ਗਾਥਾ ਵੱਲ ਫਿਰ ਦੁਬਾਰਾ ।

ਇਕ ਦੋ ਦਿਨ ਹੀ ਬੀਤੇ ਸਨ ਕਿ ਅਨ ਮਿਊਟ ਟੀ ਵੀ ਤੋਂ ਪਿਆਰੇ ਮਿੱਤਰ ਕਾਹਲੋਂ ਦਾ ਫੋਨ ਆਇਆ ਭਾਅ ਜੀ ਮੇਰਾ ਇੱਕ ਮਿੱਤਰ ਹੈ ਬੀ. ਸੀ. ਦੇ ਸ਼ਹਿਰ ਲੈਂਗਲੀ ਤੋਂ ਉਸਦੇ ਕੁਝ ਪ੍ਰਸ਼ਨ ਹਨ ਤੇ ਮੈਂ ਕਹਿ ਦਿਤਾ ਹੈ ਕਿ ਇੰਨਾਂ ਪ੍ਰਸ਼ਨਾਂ ਦਾ ਉੱਤਰ ਤੁਸੀਂ ਦੇ ਸਕਦੇ ਹੋ । ਮੈਂ ਤੁਹਾਡਾ ਨੰਬਰ ਦੇ ਸਕਦਾ ਜੀ ਉਨਾਂ ਨੂੰ ? ਮੈਂ ਕਿਹਾ ਭਾਈ ਇਹ ਭਲਾ ਤੈਨੂੰ ਪੁੱਛਣ ਦੀ ਲੋੜ ਹੈ ਪਹਿਲਾਂ 'ਤੇ ਇਹ ਦੱਸ , ਬਾਕੀ ਗੱਲਾਂ ਬਾਅਦ 'ਚ। ਕਾਹਲੋਂ ਹੱਸਿਆ ਤੇ ਠੀਕ ਠੀਕ ਕਹਿ ਫੋਨ ਬੰਦ ਕਰ ਦਿਤਾ । ਕੁਝ ਸਮੇਂ ਬਾਅਦ ਫੋਨ ਦੀ ਘੰਟੀ ਵੱਜੀ ਤੇ ਕਾਹਲੋਂ ਦੇ ਰੈਂਫਰੈਂਸ ਨਾਲ ਜਿਗਿਆਸੂ ਸੱਜਣ ਨੇ ਆਪਣੀ ਜਾਣ-ਪਛਾਣ ਕਰਵਾ ਆਪਣਾ ਮਕਸਦ ਦੱਸਿਆ । ਮੈਂ ਬੇ ਝਿਜਕ ਸਵਾਲ ਪੁੱਛਣ ਨੂੰ ਕਿਹਾ , ਆਵਾਜ਼ ਆਈ , ਜੀ ਸਾਡੇ ਇੱਕ ਸਮੱਸਿਆ ਆ ਗਈ ਹੈ ਜੋ ਕਈ ਕਮਿਊਨਿਟੀਆਂ ਨੂੰ ਆਪਣੀ ਲਪੇਟ 'ਚ ਲੈ ਰਹੀ ਹੈ ਤੇ ਕੌਮੀਅਤਾਂ ਦੇ ਪ੍ਰਸੰਗ 'ਚ ਮੈਂ ਕੁਝ ਸਪੱਸ਼ਟ ਹੋਣਾ ਚਾਹੁੰਦਾ ਹਾਂ । ਕੀ ਤੁਸੀਂ ਮੇਰੀ ਮਦਦ ਕਰ ਸਕਦੇ ਹੋਂ । ਮੇਰੇ ਕੰਨ ਖੜੇ ਹੋ ਗਏ, ਇਹ ਤੇ ਓਹੀ ਆਵਾਜ਼ ਹੈ ਜਿਸਨੂੰ ਮੈਂ ਟੀ ਵੀ 'ਤੇ ਸੁਣਿਆ ਸੀ ਤੇ ਜਿਸਦੀ ਭਾਲ 'ਚ ਮੈਂ ਮਾਰਾ ਮਾਰਾ ਫਿਰ ਰਿਹਾ ਸੀ । ਮੈਂ ਕਿਹਾ ਭਾਊ ਤੇਰੇ ਸਵਾਲ ਬਾਅਦ 'ਚ ਪਹਿਲਾਂ ਆਪਣਾ ਨਾਮ ਦੱਸ ਤਾਂ ਅੱਗਿਓਂ ਉਤਰ ਆਇਆ :ਜੀ ਮੇਰਾ ਨਾਮ ਰਾਜ ਸਿੰਘ ਭੰਡਾਲ ਦੋਰਾਹੇ ਨੇੜੇ ਪਿੰਡ ਕਨੇਚਾਂ ਤੋਂ ਅਸੀਂ ਜੀ ਚਾਰ ਕੂ ਦਹਾਕੇ ਪਹਿਲਾ ਹਿਜਰਤ ਕਰ ਬ੍ਰਿਟਿਸ਼ ਕੋਲੰਬੀਆ ਜਾ ਵੱਸੇ ਸੀ । ਓ ਤੇਰੀ ਭਲੀ ਹੋ ਜੇ ਓਏ ਮੈਂ ਛਾਲ ਮਾਰ ਉਠਿਆ ਤੇ ਬਾਹਾਂ ਅੱਗੇ ਨੂੰ ਨਿਕਲ ਆਈਆਂ ਜਿਵੇਂ ਮੈਂ ਤੇ ਰਾਜ ਸਿੰਘ ਸਾਹਮਣੇ ਖੜੇ ਹੋਈਏ ਤੇ ਮੈਂ ਘੁਟਕੇ ਹੁਣੇ ਉਸਨੂੰ ਬਾਹਾਂ 'ਚ ਭਰ ਲੈਣਾ ਹੋਵੇ। ਰਾਜ ਸਿੰਘ ਭੰਡਾਲ ਆਪ ਕੌਣ ਤੇ ਕੀ ਹੈ ਤੇ ਬਾਬਾ ਬੀਰ ਸਿੰਘ ਗਦਰੀ ਉਸਦੇ ਕੀ ਲੱਗਦੇ ਸਨ ਇਹ ਬਿਰਤਾਂਤ ਰੁਕਕੇ। ਮੇਰੇ ਨਾਲ ਤਸਵੀਰ 'ਚ ਤੁਸੀਂ ਰਾਜ ਸਿੰਘ ਨੂੰ ਹੀ ਵੇਖ ਰਹੇ ਹੋ ।



## ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

**ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪ੍ਰਕਾਸ਼ ਪੁਰਬ 'ਤੇ ਉਹਨਾਂ ਦੇ ਜੀਵਨ, ਬਾਣੀ ਅਤੇ ਕੁਲ ਕਾਇਨਾਤ ਦੀ ਰੂਹਾਨੀਅਤ ਨੂੰ ਪ੍ਰਗਟ ਕਰਦੇ ਵੱਖ-ਵੱਖ ਲੇਖਕਾਂ ਦੇ ਵਿਸ਼ੇਸ ਲੇਖ**

# ਸਤਿਗੁਰੂ ਨਾਨਕ ਸਾਹਿਬ ਦੀਆਂ ਪ੍ਰਚਾਰ ਯਾਤਰਾਵਾਂ

**ਅਵਤਾਰ ਸਿੰਘ ਆਨੰਦ**

ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 966 'ਤੇ ਰਾਇ ਬਲਵੰਡਿ ਨੇ ਗੁਰੂ ਨਾਨਕ ਦੇਵ ਜੀ ਬਾਰੇ ਜ਼ਿਕਰ ਕਰਦਿਆਂ ਲਿਖਿਆ ਹੈ ਕਿ 'ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥'

ਗੁਰੂ ਨਾਨਕ ਦੇਵ ਜੀ ਨੇ ਸੱਚ ਦੀ ਨੀਂਹ ਰੱਖੀ। ਝੂਠ ਦੇ ਬੋਲ ਬਾਲੇ ਨੂੰ ਖ਼ਤਮ ਕਰਨ ਲਈ ਗੁਰੂ ਸਾਹਿਬ ਨੇ ਆਪਣਾ ਸਾਰਾ ਜੀਵਨ ਹੀ ਲੋਕਾਈ ਨੂੰ ਸਮਰਪਿਤ ਕਰ ਦਿੱਤਾ। ਮੋਦੀਖਾਨੇ 'ਚ ਗੁਰੂ ਸਾਹਿਬ ਜੀ ਨੇ ਨੌਕਰੀ ਕਰਦਿਆਂ ਵੇਖਿਆ ਕਿ ਜਗਤ ਵਿਚਾਰਾਂ ਅਤੇ ਵਿਕਾਰਾਂ ਦੀ ਅੱਗ ਵਿੱਚ ਸੜ ਰਿਹਾ ਹੈ। ਆਪਣੇ ਸਾਥੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੀਨ ਦੁਖੀਆਂ ਦੀ ਸੇਵਾ ਦੇ ਨਾਲ-ਨਾਲ ਪਾਪੀਆਂ ਦੁਸ਼ਟਾਂ ਦੇ ਉਧਾਰ ਲਈ ਉਦਾਸੀਆਂ 'ਤੇ ਨਿਕਲ ਪਏ। ਇਸ ਬਾਰੇ ਜ਼ਿਕਰ ਕਰਦਿਆਂ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ-

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ॥
ਚੜ੍ਹਿਆ ਸੋਧਨ ਧਰਤ ਲੁਕਾਈ ॥24॥..
ਬਾਬੇ ਡਿਠੀ ਪਿਰਥਮੀ ਨਵੈ ਖੰਡ ਜਿਥੈ ਤਕ ਆਹੀ॥

ਇਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਪੂਰੀ ਦੁਨੀਆ ਵਿੱਚ ਲੁਕਾਈ ਨੂੰ ਵੱਖਰੀ ਪਹਿਚਾਣ ਅਤੇ ਦ੍ਰਿਸ਼ਟੀ ਪ੍ਰਦਾਨ ਕਰਨ ਲਈ ਹੀ ਦੂਰ ਦੁਰੇਡੇ ਦੀਆਂ ਯਾਤਰਾਵਾਂ 'ਤੇ ਨਿਕਲੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਦੀ ਹਰ ਪੱਖ ਤੋਂ ਹਾਲਤ ਤਰਸਯੋਗ ਸੀ। ਉਸ ਸਮੇਂ ਧਰਮ ਐਨਾ ਨਿਘਰ ਚੁੱਕਾ ਸੀ ਕਿ ਧਰਮ ਨਿਰੋਲ ਕਰਮਕਾਂਡਾਂ, ਭੇਖਾਂ, ਅੰਧ ਵਿਸ਼ਵਾਸਾਂ ਦਾ ਕੇਂਦਰ ਬਣ ਕੇ ਰਹਿ ਗਿਆ ਸੀ। ਅਜਿਹੀ ਹਾਲਤ ਵਿਚ ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਅਸਲ ਧਰਮ ਬਾਰੇ ਜਾਣੂੰ ਕਰਵਾਇਆ। ਲੋਕਾਈ ਜਾਤ-ਪਾਤ ਦੇ ਬੰਧਨਾਂ ਕਾਰਨ ਅਸਤ-ਵਿਅਸਤ ਸੀ। ਪਰਜਾ ਨੇ ਆਪਣਾ ਫਰਜ਼ ਤਾਂ ਭੁੱਲਣਾ ਹੀ ਸੀ ਪਰ ਰਾਜੇ ਵੀ ਆਪਣਾ ਫਰਜ਼ ਭੁੱਲ ਚੁੱਕੇ ਸਨ। ਅਜਿਹੀ ਗਿਰਾਵਟ ਦੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਕਾਸ਼ਮਾਨ ਹੋ ਕੇ ਲੋਕਾਈ ਨੂੰ ਸਿੱਧੇ ਰਸਤੇ ਪਾ ਕੇ ਉਨ੍ਹਾਂ ਦਾ ਉਧਾਰ ਕੀਤਾ।

ਸ੍ਰੀ ਗੁਰੂ ਨਾਨਕ ਜੀ ਨੇ ਆਪਣੇ ਸਮੇਂ ਦੇ ਧਾਰਮਿਕ ਹਾਲਾਤ ਦਾ ਬਾਖੂਬੀ ਚਿਤ੍ਰਣ ਪੇਸ਼ ਕੀਤਾ ਹੈ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਥ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥( ਅੰਗ 145 ਮ:1)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤਿੰਨ ਧਰਮੀ ਅਤੇ ਪਾਖੰਡੀ ਲੋਕ ਮੌਜੂਦ ਸਨ ਕਾਜ਼ੀ, ਬ੍ਰਾਹਮਣ ਅਤੇ ਜੋਗੀ। ਇਹ ਤਿੰਨੇ ਲੋਕ ਅਸਲ ਵਿੱਚ ਧਰਮ ਤੋਂ ਦੂਰ ਹੁੰਦੇ ਹੋਏ ਜਗਤ ਨੂੰ ਲੁੱਟ ਰਹੇ ਸਨ। ਗੁਰੂ ਸਾਹਿਬ ਨੇ ਬੜੇ ਭਾਵ-ਪੂਰਤ ਸ਼ਬਦਾਂ ਵਿੱਚ ਇਨ੍ਹਾਂ ਤਿੰਨਾਂ ਦਾ ਖੰਡਨ ਕੀਤਾ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਉਜਾੜੇ ਕਾ ਬੰਧੁ॥

ਗੁਰੂ ਸਾਹਿਬ ਜੀ ਸਭ ਤੀਰਥ ਅਸਥਾਨਾਂ ਉੱਤੇ ਫਿਰ ਕੇ, ਬੇਦ, ਸਿਮ੍ਰਤੀਆਂ ਦਾ ਅਧਿਐਨ ਕਰਕੇ ਸਗਲੀ ਧਰਤੀ ਫਿਰ ਕੇ ਜਤੀ, ਸਤੀ, ਸਿਧ, ਸਾਧਿਕ, ਦੇਵੀ, ਦੇਵ, ਰਿਖੀਸੁਰ, ਖੇਤ੍ਰਪਾਲਿ, ਗਣ, ਗੰਧਰਬ, ਰਾਕਸ, ਦੈਤ, ਹਿੰਦੂ, ਤੁਰਕ, ਪੀਰ, ਪੈਕੰਬਰਿ, ਗੱਲ ਕੀ ਸਭ ਨੂੰ ਧਿਆਨ ਨਾਲ ਸੁਣਿਆ ਅਤੇ ਇਨ੍ਹਾਂ ਨੂੰ ਅਕਾਲ ਪੁਰਖ ਦਾ ਸੁਨੇਹਾ ਦੇ ਕੇ ਸ਼ਬਦ ਨਾਲ ਜੋੜਿਆ। ਭਾਈ ਗੁਰਦਾਸ ਜੀ ਵਰਣਨ ਕਰਦੇ ਹਨ ਕੇ ਘਰ-ਘਰ ਵਿੱਚ ਵਾਹਿਗੁਰੂ ਦਾ ਸੱਚਾ ਕੀਰਤਨ ਸ਼ੁਰੂ ਹੋਇਆ ਤੇ ਧਰਮਸ਼ਾਲਾਵਾਂ ਵਿੱਚ ਅਮੀਰਾਂ-ਗ਼ਰੀਬਾਂ ਨੂੰ ਥਾਂ ਮਿਲੀ। ਸਾਧ ਸੰਗਤਿ ਸੱਚ ਦਾ ਘਰ ਬਣਿਆ, ਜਿਥੇ ਪ੍ਰੇਮਾ ਭਗਤੀ ਦੇ ਨਿਰਮਲ ਫੁਵਾਰੇ ਫੁੱਟਦੇ ਹਨ ਅਤੇ 'ਉਦਾਸੀ' ਦਾ ਅਮਲ ਸਾਹਮਣੇ ਆਉਂਦਾ ਹੈ।



ਆਦਿ ਪੁਰਖ ਆਦੇਸੁ ਹੈ ਸਤਿਗੁਰੁ ਸਚੁ ਨਾਉ ਸਦਵਾਇਆ।
ਚਾਰਿ ਵਰਨ ਗੁਰ ਸਿਖ ਕਰਿ ਗੁਰਮੁਖਿ ਸਚਾ ਪੰਥੁ ਚਲਾਇਆ
ਸਾਧਸੰਗਤਿ ਮਿਲਿ ਗਾਂਵਦੇ ਸਤਿਗੁਰੁ ਸਬਦੁ ਅਨਾਹਦੁ ਵਾਇਆ।
ਗੁਰ ਸਾਖੀ ਉਪਦੇਸੁ ਕਰਿ ਆਪਿ ਤਰੈ ਸੈਂਸਾਰੁ ਤਰਾਇਆ।
ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰੰਗ ਚੜ੍ਹਾਇਆ।




ਗਿਆਨੁ ਧਿਆਨੁ ਸਿਮਰਣਿ ਜੁਗਤਿ
ਗੁਰਮਤਿ ਮਿਲਿ ਗੁਰ ਪੂਰਾ ਪਾਇਆ।
ਸਾਧਸੰਗਤਿ ਸਚਖੰਡੁ ਵਸਾਇਆ॥

ਗੁਰੂ ਨਾਨਕ ਸਾਹਿਬ ਨੇ ਆਪਣੀ ਪਹਿਲੀ ਉਦਾਸੀ 1507 ਵਿੱਚ ਸੁਲਤਾਨਪੁਰ ਲੋਧੀ ਤੋਂ ਆਰੰਭ ਕੀਤੀ। ਪਹਿਲੀ ਉਦਾਸੀ ਬਹੁਤ ਲੰਮੇਰੀ ਸੀ। ਪ੍ਰੋ. ਸਾਹਿਬ ਸਿੰਘ ਗੁਰਮਤਿ ਪ੍ਰਕਾਸ਼ ਅਨੁਸਾਰ 1507-1515 ਈ. ਤੱਕ ਦੀ ਯਾਤਰਾ ਦੌਰਾਨ ਗੁਰੂ ਜੀ ਨੇ ਛੇ-ਸੱਤ ਹਜ਼ਾਰ ਮੀਲ ਸਫ਼ਰ ਤੈਅ ਕੀਤਾ। ਇਸ ਉਦਾਸੀ ਦੌਰਾਨ ਗੁਰੂ ਜੀ ਉੱਤਰ ਪ੍ਰਦੇਸ਼ 'ਚ ਪ੍ਰਸਿੱਧ ਹਿੰਦੂ ਤੀਰਥ ਹਰਿਦੁਆਰ, ਗੋਰਖ ਮਤਾ, ਅਯੁੱਧਿਆ, ਪ੍ਰਯਾਗ, ਨਾਨਕਮਤੇ ਤੋਂ ਪੀਲੀਭੀਤ, ਸੀਤਾਪੁਰ, ਲਖਨਊ, ਇਲਾਹਾਬਾਦ, ਸੁਲਤਾਨਪੁਰ, ਬਨਾਰਸ, ਪਟਨਾ, ਮਯਾ, ਸਿਲਹਟ, ਧੁਬੜੀ, ਗੁਹਾਟੀ, ਸ਼ਿਲਾਂਗ ਹੁੰਦੇ ਦੇਏ ਗੁਰੂ ਜੀ ਢਾਕਾ ਅਤੇ ਕਲਕੱਤਾ ਹੋ ਕੇ ਜਗਨਨਾਥਪੁਰੀ, ਮਦੁਰਾਈ, ਰਮੇਸ਼ਵੇਰਮ, ਸੋਮਨਾਥ, ਦਵਾਰਕਾ, ਪੁਸ਼ਕਰ, ਮਥਰਾ, ਬਿੰਦਰਾਵਨ ਅਤੇ ਕੁਰਕਸ਼ੇਤਰ ਆਦਿ ਤੋਂ ਇਲਾਵਾ ਸਿੰਗਲਾ ਦੀਪ, ਸਿੱਕਮ, ਅਸਾਮ, ਬੰਗਾਲ, ਉੜੀਸਾ, ਦਰਾਵੜ ਦੇਸ਼ਬੰਬਈ, ਔਰੰਗਾਬਾਦ, ਉਜੈਨ, ਕੱਛ ਜਗਨਨਾਥ ਤੋਂ ਸਮੰਦਰੀ ਤੱਟ ਦੇ ਨਾਲ-ਨਾਲ ਚਲਦਿਆਂ ਉਨ੍ਹਾਂ ਨੇਗੰਤੂਰ, ਮਦਰਾਸ ਅਤੇ ਰਾਮੇਸ਼ਵਰ ਦੀ ਯਾਤਰਾ ਕੀਤੀ, ਜਿਥੋਂ ਉਹ ਲੰਕਾ ਅਤੇ ਜਾਫਨਾ ਦੇ ਰਾਣਾ ਸ਼ਿਵਨਾਥ ਨੂੰ ਉਨ੍ਹਾਂ ਨੇ ਸਿੱਖੀ ਦੀ ਬਖਸ਼ਿਸ਼ ਕੀਤੀ। ਲੰਕਾ ਦੀ ਯਾਤਰਾ ਸਮਾਪਤ ਕਰਕੇ ਗੁਰੂ ਜੀ ਕੋਚੀਨ ਗਏ, ਜਿਥੋਂ ਗੁਰੂ ਜੀ ਨੇ ਆਂਧਰਾ ਪ੍ਰਦੇਸ਼ ਵਿੱਚ ਪ੍ਰਵੇਸ਼ ਕੀਤਾ। ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨਾਨਕ ਝੀਰਾ, ਮਾਲਟੇਕਰੀ, ਨਾਂਦੇੜ, ਨਾਮਦੇਵ ਦੇ ਨਗਰ ਨਰਸੀ ਬਾਮਣੀ, ਭਗਤ ਤਿਰਲੋਚਨ ਦੇ ਨਗਰ ਵਾਰਸੀ ਹੁੰਦੇ ਦੇਏ ਔਕੇਸ਼ਵਰ ਪਹੁੰਚੇ ਅਤੇ ਉਥੋਂ ਉਹ ਇੰਦੌਰ, ਖੰਡਵਾ ਤੋਂ ਨਰਮਦਾ ਨਦੀ ਦੇ ਨਾਲ-ਨਾਲ ਤੁਰਦੇ ਹੋਏ ਜਬਲਪੁਰ ਸ਼ਹਿਰ ਦੇ ਗਵਾਰੀ ਘਾਟ ਪਹੁੰਚੇ।

ਗੁਰੂ ਨਾਨਕ ਸਾਹਿਬ ਇਸ ਤਰ੍ਹਾਂ ਦੇ ਭਰਮਾਂ ਨੂੰ ਤੋੜਨ ਅਤੇ ਕਰਮ ਕਾਂਡਾਂ 'ਚ ਫਸੇ ਹੋਏ ਜੀਵਾਂ ਨੂੰ ਸਿੱਧਾ ਰਾਹ ਵਿਖਾਉਣ ਲਈ ਇਥੇ ਠਹਿਰੇ ਸਨ। ਨਰਮਦਾ ਨਦੀ ਦੇ ਖੱਬੇ ਕਿਨਾਰੇ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਕਾਇਮ ਹੈ।

ਇਸ ਉਦਾਸੀ ਦੌਰਾਨ ਕੇਵਲ ਸਤਿਗੁਰੂ ਜੀ ਨੇ ਆਪਣੀਆਂ ਅਧਿਆਤਮਿਕ ਅਨੁਭਵਾਂ ਨੂੰ ਜੀਵਨ ਦਰਸ਼ਨ ਦਾ ਰੂਪ ਦਿੱਤਾ। ਇਸ ਉਦਾਸੀ ਤੋਂ ਵਾਪਸ ਆ ਕੇ ਗੁਰੂ ਜੀ ਨੇ ਆਪਣੇ ਕਈ ਪ੍ਰਮੁੱਖ ਸ਼ਰਧਾਲੂਆਂ ਦੀ ਸਹਾਇਤਾ ਨਾਲ ਗੁਰਦਾਸਪੁਰ ਜ਼ਿਲ੍ਹੇ ਵਿੱਚ ਰਾਵੀ ਦੇ ਕੰਢੇ 'ਤੇ ਇਕ ਨਵਾਂ ਪਿੰਡ ਕਰਤਾਰਪੁਰ ਸਥਾਪਿਤ ਕਰਕੇ ਆਪਣੇ ਮਾਤਾ-ਪਿਤਾ ਵੀ ਇੱਥੇ ਲਿਆਂਦੇ ਹਨ। ਭਾਈ ਮਰਦਾਨਾ ਜੀ ਦਾ ਪਰਿਵਾਰ ਵੀ ਇੱਥੇ ਹੀ ਰਹਿਣ ਲਈ ਆ ਜਾਂਦਾ ਹੈ। ਕੁਝ ਚਿਰ ਸਤਿਗੁਰ ਜੀ ਇਥੇ ਰਹਿ ਕੇ ਦੂਜੀ ਉਦਾਸੀ ਲਈ ਨਿਕਲ ਪੈਂਦੇ ਹਨ।

### ਦੂਜੀ ਉਦਾਸੀ

ਪ੍ਰੋ: ਸਾਹਿਬ ਸਿੰਘ ਅਨੁਸਾਰ ਇਹ ਉਦਾਸੀ ਸੰਨ 1517 ਤੋਂ 1518 ਤੱਕ ਦੀ ਸੀ। ਪਹਿਲੀ ਉਦਾਸੀ ਤੋਂ ਲਗਪਗ ਦੋ ਸਾਲ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਤੋਂ ਦੱਖਣ ਦਿਸ਼ਾ ਵੱਲ ਦੂਜੀ ਉਦਾਸੀ ਸ਼ੁਰੂ ਕੀਤੀ। ਇਸ ਉਦਾਸੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਉਨ੍ਹਾਂ ਦੇ ਪਿਆਰ ਵਾਲੇ ਦੋ ਗੁਰਸਿੱਖ ਭਾਈ ਸੈਦੋ ਘੇਹੋ ਅਤੇ ਭਾਈ ਸੀਹਾ ਛੀਬਾ ਵੀ ਨਾਲ ਸਨ। ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਜਿੱਥੇ ਜਾਂਦੇ, ਲੋਕਾਂ ਨੂੰ ਉਪਦੇਸ਼ ਦੇਣ ਹਿਤ ਬਾਣੀ ਉਚਾਰਦੇ ਸਨ। ਇਹ ਬਾਣੀ ਉਹ ਆਪ ਨਾਲੋ-ਨਾਲ ਲਿਖ ਲੈਂਦੇ ਸਨ। ਦੂਜੀ ਉਦਾਸੀ ਦੌਰਾਨ ਉਨ੍ਹਾਂ ਨੇ ਭਾਈ ਸੈਦੋਘੇਹੋ ਅਤੇ ਭਾਈ ਸੀਹਾਛੀਬਾ ਦੀ ਸੇਵਾ ਬਾਣੀ ਲਿਖਣ ਦੀ ਲਗਾਈ ਤਾਂ ਜੋ ਉਹ ਬਾਣੀ ਦਾ ਉਤਾਰਾ ਨਾਲੋ-ਨਾਲ ਕਰਦੇ ਰਹਿਣ। ਇਸ ਉਦਾਸੀ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਜੈਨੀਆਂ, ਬੋਧੀਆਂ, ਜੋਗੀਆਂ ਅਤੇ ਮੁਸਲਿਮ ਫਕੀਰਾਂ ਦੇ ਅੱਡਿਆਂ ਉਤੇ ਗਏ ਸਨ। ਇਸ ਉਦਾਸੀ ਦੇ ਮੁੱਖ ਪੜਾਅ ਧਰਮਕੋਟ, ਭਟਨੇਰ, ਬਠਿੰਡਾ, ਸਿਰਸਾ, ਬੀਕਾਨੇਰ, ਇੰਦੌਰ, ਸੰਗਲਾਦੀਪ, ਹੈਦਰਾਬਾਦ, ਗੋਲਕੰਡਾ, ਮਦਰਾਸ, ਪਾਂਡੀਚਿਰੀ ਅਤੇ ਕਜਲੀ ਬਨ ਆਦਿ ਸਨ। ਇਸ ਉਦਾਸੀ ਦੌਰਾਨ ਗੁਰਦੇਵ ਨੇ ਜੰਮੂ ਤੇ ਕਸ਼ਮੀਰ ਦੀ ਯਾਤਰਾ ਕੀਤੀ। ਗੁਰੂ ਜੀ ਗਿਆਨ ਕੋਟ ਅਤੇ ਜੰਮੂ ਤੋਂ ਹੁੰਦੇ ਹੋਏ ਮਟਨ ਵਿੱਚ ਅਮਰਨਾਥ ਅਤੇ ਉਸ ਤੋਂ ਵੀ ਪਰ੍ਹੇ ਬਰਫ਼ਾਂ ਲੱਦੀ ਪਰਬਤ ਮਾਲਾ ਉੱਤੇ, ਜਿਥੇ ਕੁਝ ਸਿੱਧਾਂ ਨਾਲ ਗੁਰੂ ਜੀ ਦਾ ਸੰਵਾਦ ਹੋਇਆ।

### ਤੀਜੀ ਉਦਾਸੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੂਜੀ ਉਦਾਸੀ ਤੋਂ ਕੁਝ ਹੀ ਮਹੀਨੇ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਤੋਂ ਤੀਜੀ ਉਦਾਸੀ ਉੱਤਰ ਦਿਸ਼ਾ ਵਲ ਸ਼ੁਰੂ ਕੀਤੀ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ: ਬਾਬਾ ਫਿਰਿਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ। (ਵਾਰ 1;32)

ਸ੍ਰੀ ਗੁਰੂ ਨਾਨਕ ਜੀ ਨਾਲ ਇਸ ਉਦਾਸੀ ਵਿੱਚ ਉਨ੍ਹਾਂ ਦੇ ਨਾਲ ਭਾਈ ਸੈਦੋ ਘੇਹੋ ਅਤੇ ਭਾਈ ਸੀਹਾ ਛੀਬਾ ਤੋਂ ਇਲਾਵਾ ਭਾਈ ਹਸੂ ਲੁਹਾਰ ਵੀ ਸਨ। ਇਸ ਉਦਾਸੀ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਮਟਨ, ਬਦਰੀਨਾਥ, ਕੈਲਾਸ਼, ਮਾਨਸਰੋਵਰ, ਨੇਪਾਲ, ਸਿਕਮ, ਭੂਟਾਨ, ਚੀਨ, ਤਿਬਤ, ਲਦਾਖ, ਸ੍ਰੀਨਗਰ, ਜੰਮੂ, ਸਿਆਲਕੋਟ, ਪਠਾਨਕੋਟ ਆਦਿ ਥਾਵਾਂ ਦਾ ਰਟਨ ਕੀਤਾ।

### ਚੌਥੀ ਉਦਾਸੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚੌਥੀ ਉਦਾਸੀ ਪੱਛਮ ਦਿਸ਼ਾ ਵਲ ਕੀਤੀ। ਇਸ ਉਦਾਸੀ ਦੌਰਾਨ ਗੁਰੂ ਸਾਹਿਬ ਰੁਹਤਾਸ, ਡੇਰਾ ਗਾਜੀ ਖਾਂ, ਡੇਰਾ ਇਸਮਾਈਲ ਖਾਂ, ਮਿਠਨਕੋਟ, ਰੋੜੀ ਸਾਧ ਬੇਲਾ, ਅਮਰਕੋਟ, ਹੈਦਰਾਬਾਦ, ਕਰਾਚੀ, ਸਿੰਧ, ਮੱਕਾ, ਮਦੀਨਾ, ਬਗਦਾਦ, ਬੁਖਾਰਾ, ਕਾਬਲ, ਪੇਸ਼ਾਵਰ, ਹਸਨ ਅਬਦਾਲ, ਮਿਸਰ, ਸੁਡਾਨ ਅਤੇ ਤੁਰਕੀ ਆਦਿ ਥਾਵਾਂ ਉਤੇ ਗਏ।

ਮੁਸਲਿਮ ਹਾਜ਼ੀਆਂ ਦੇ ਕਾਫ਼ਿਲੇ ਵਿੱਚ ਸ਼ਾਮਿਲ ਹੋ ਕੇ ਮਕਰਾਨ ਦੇ ਇਲਾਕੇ ਵਿੱਚ ਪੁੱਜੇ। ਫਿਰ ਮੱਕੇ ਗਏ। ਮੱਕੇ ਹਾਜ਼ੀਆਂ ਨਾਲ ਗੁਰੂ ਜੀ ਦਾ ਵਿਚਾਰ-ਵਟਾਂਦਰਾ ਹੋਇਆ। ਰੁਕਨਦੀਨ ਨਾਲ ਬਹਿਸ ਹੋਈ। ਉਸ ਨੂੰ ਆਪਣੀ ਖੜਾਂਵ ਨਿਸ਼ਾਨੀ ਦਿੱਤੀ। ਫਿਰ ਮਦੀਨੇ ਗਏ, ਫਿਰ ਬਸਰੇ ਤੇ ਬਸਰੇ ਤੋਂ ਕਰਬਲਾ, ਫਿਰ ਬ਼ਗਦਾਦ। ਇਸ ਦਾ ਵਰਨਣ ਭਾਈ ਗੁਰਦਾਸ ਜੀ ਨੇ ਕੀਤਾ ਹੈ:

ਫਿਰਿ ਬਾਬਾ ਗਇਆ ਬ਼ਗਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ।
ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ। (ਵਾਰ 1;35)

ਰਾਗ ਨੂੰ ਹਰਾਮ ਸਮਝੇ ਜਾਣ ਵਾਲੇ ਸ਼ਹਿਰ ਵਿੱਚ ਕੀਰਤਨ, ਸੱਤ, ਜ਼ਮੀਨ, ਅਸਮਾਨ ਮੰਨਣ ਵਾਲਿਆਂ ਨੂੰ 'ਪਾਤਾਲਾ ਪਾਤਾਲ, ਲੱਖ ਆਗਾਸਾ ਆਗਾਸ' ਦੱਸਦੇ ਹੋਏ ਫਿਰ ਬ਼ਗਦਾਦ ਤੋਂ ਇਸਫਰਾਨ, ਤਹਿਰਾਨ, ਮਸਤੱਕਬੁਖ਼ਾਰਾ ਤੇ ਸਮਰਕੰਦ ਹੁੰਦੇ ਹੋਏ ਕਾਬੁਲ ਤੇ ਜਲਾਲਾਬਾਦ ਦੇ ਰਸਤੇ ਰਾਵਲਪਿੰਡੀ ਦੇ ਲਾਗੇ ਹਸਨ ਅਬਦਾਲ ਪੁੱਜੇ। ਫਿਰ ਐਮਨਾਬਾਦ ਤੋਂ ਕਰਤਾਰਪੁਰ। ਇਸ ਉਦਾਸੀ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਸਲਿਮ ਵਿਸ਼ਵਾਸਾਂ, ਰਹੁਰੀਤਾਂ ਤੇ ਧਰਮ-ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। ਐਮਨਾਬਾਦ ਬਾਬਰ ਦਾ ਹਮਲਾ ਹੋਇਆ, ਜਿਸ ਦਾ ਵਰਣਨ ਗੁਰੂ ਜੀ ਨੇ ਆਪਣੀ ਬਾਣੀ ਵਿੱਚ ਕੀਤਾ।

ਸੋ ਇਸ ਪ੍ਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੁਆਰਾ ਦਿੱਤੇ ਉਪਦੇਸ਼ ਨੂੰ ਪ੍ਰਚਾਰਨ ਲਈ ਵੱਖ-ਵੱਖ ਦਿਸ਼ਾਵਾਂ ਵਿੱਚ 4 ਉਦਾਸੀਆਂ ਕੀਤੀਆਂ। ਉਨ੍ਹਾਂ ਨੇ ਪਹਿਲੀ ਉਦਾਸੀ ਹਿੰਦੂ ਤੀਰਥਾਂ ਵਲ, ਦੂਜੀ ਜੋਗੀਆਂ ਦੇ ਡੇਰਿਆਂ ਵਲ, ਤੀਜੀ ਮੁਸਲਮਾਨਾਂ ਦੇ ਧਾਰਮਿਕ ਸਥਾਨਾਂ ਉੱਤੇ ਅਤੇ ਚੌਥੀ ਉਦਾਸੀ ਪੰਜਾਬ ਵੱਲ ਕੀਤੀ। ਇਨ੍ਹਾਂ ਉਦਾਸੀਆਂ ਦੌਰਾਨ ਉਨ੍ਹਾਂ ਨੇ ਭਟਕਦੀ ਹੋਈ ਲੋਕਾਈ ਨੂੰ ਸਿੱਧੇ ਰਸਤੇ ਪਾਇਆ ਅਤੇ ਇੱਕ ਅਕਾਲ ਪੁਰਖ ਦੀ ਅਰਾਧਨਾ ਕਰਨ ਦਾ ਉਪਦੇਸ਼ ਦਿੱਤਾ। ਲੋਕਾਂ ਨੂੰ ਝੂਠੇ ਅੰਧ-ਵਿਸ਼ਵਾਸਾਂ ਅਤੇ ਝੂਠੀਆਂ ਰਸਮਾਂ-ਰੀਤਾਂ ਦੀ ਦਲਦਲ ਤੋਂ ਬਾਹਰ ਕਢਿਆ।

# ਮਨੁੱਖੀ ਹੱਕਾਂ ਦੀ ਕ੍ਰਾਂਤੀ ਦੇ ਸਿਰਜਕ ਸਤਿਗੁਰੂ ਨਾਨਕ

**ਡਾ. ਰਣਜੀਤ ਸਿੰਘ**

ਪੰਦਰਵੀਂ ਸਦੀ ਤੱਕ ਸਦੀਆਂ ਦੀ ਗੁਲਾਮੀ ਅਤੇ ਜਾਤ ਪਾਤ ਦੇ ਆਧਾਰ ਉੱਤੇ ਪਈਆਂ ਵੰਡੀਆਂ ਨਾਲ ਭਾਰਤੀ ਸਮਾਜ ਦਾ ਭੈੜਾ ਹਾਲ ਸੀ। ਕੰਮਕਾਜੀ ਆਧਾਰ ਉੱਤੇ ਹੋਈ ਵਰਗ ਵੰਡ ਨੂੰ ਪੱਕਿਆਂ ਕਰ ਕੇ ਲੋਕਾਂ ਨੂੰ ਉੱਚੀਆਂ ਤੇ ਨੀਵੀਆਂ ਜਾਤਾਂ ਵਿੱਚ ਵੰਡ ਦਿੱਤਾ ਗਿਆ ਸੀ। ਨੀਵੀਆਂ ਜਾਤੀਆਂ ਨੂੰ ਅਛੂਤ ਆਖਿਆ ਗਿਆ ਅਤੇ ਉਨ੍ਹਾਂ ਦਾ ਜੀਵਨ ਨਰਕ ਤੋਂ ਵੀ ਭੈੜਾ ਬਣਾ ਦਿੱਤਾ ਗਿਆ। ਵੇਲੇ ਦੇ ਹਾਕਮਾਂ ਨੇ ਧਰਮ ਦੇ ਠੇਕੇਦਾਰਾਂ ਅਤੇ ਉੱਚੀ ਜਾਤ ਦੇ ਆਗੂਆਂ ਨੂੰ ਖਰੀਦ, ਉਨ੍ਹਾਂ ਦੇ ਹੱਥੋਂ ਹੀ ਇਸ ਵੰਡ ਨੂੰ ਮਜ਼ਬੂਤ ਕਰਵਾਇਆ। ਗਰੀਬ, ਨਿਮਾਣੇ ਅਤੇ ਲਿਤਾੜੇ ਜਾ ਰਹੇ ਲੋਕਾਂ ਦੇ ਦਿਮਾਗ ਵਿੱਚ ਇਹ ਦ੍ਰਿੜ ਕਰਵਾ ਦਿੱਤਾ ਗਿਆ ਕਿ ਤੁਹਾਡੀ ਦੁਰਦਸ਼ਾ ਤੁਹਾਡੇ ਪਿਛਲੇ ਜਨਮਾਂ ਵਿੱਚ ਕੀਤੇ ਕਰਮਾਂ ਕਰ ਕੇ ਹੈ। ਅਗਲੇ ਜਨਮ ਵਿੱਚ ਭਲੇ ਦਿਨ ਦੇਖਣ ਲਈ ਉੱਚੀਆਂ ਜਾਤਾਂ ਦੀ ਸੇਵਾ ਕਰੋ, ਦੇਵੀ ਦੇਵਤਿਆਂ ਦੀ ਪੂਜਾ ਕਰੋ। ਸਮੇਂ ਦੇ ਰਾਜਸੀ ਅਤੇ ਧਾਰਮਿਕ ਆਗੂਆਂ ਨੇ ਨੀਚ ਅਤੇ ਅਛੂਤ ਸਮਝੇ ਜਾਂਦੇ ਲੋਕਾਂ ਲਈ ਵਿਦਿਆ ਦੀ ਪ੍ਰਾਪਤੀ, ਚੰਗੇ ਕਪੜੇ ਪਹਿਨਣ ਅਤੇ ਧਾਰਮਿਕ ਸਥਾਨ ਉੱਤੇ ਜਾਣ ਦਾ ਮਨਾਹੀ ਕੀਤੀ ਹੋਈ ਸੀ। ਧਾੜਵੀਆਂ ਦੇ ਹਮਲਿਆਂ ਅਤੇ ਵਿਦੇਸ਼ੀਆਂ ਦੀ ਗੁਲਾਮੀ ਨੇ ਲੋਕਾਂ ਵਿਚੋਂ ਸਵੈਮਾਣ ਖਤਮ ਕਰ ਦਿੱਤਾ ਸੀ। ਧਾੜਵੀ ਆਉਂਦੇ,ਲੁੱਟ ਮਚਾਉਂਦੇ, ਲੋਕਾਂ ਉੱਤੇ ਜ਼ੁਲਮ ਕਰਦੇ, ਇਥੋਂ ਤੱਕ ਕਿ ਲੁੱਟੇ ਮਾਲ ਦੇ ਨਾਲ ਨਾਲ ਔਰਤਾਂ ਨੂੰ ਵੀ ਆਪਣੇ ਨਾਲ ਲੈ ਜਾਂਦੇ। ਇਸ ਜ਼ੁਲਮ ਵਿਰੁਧ ਸਭ ਤੋਂ ਪਹਿਲਾਂ ਗੁਰੂ ਨਾਨਕ ਜੀ ਨੇ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਜ਼ਾਲਮਾਂ ਨੂੰ ਲਲਕਾਰਿਆਂ, ਧਾਰਮਿਕ ਆਗੂਆਂ ਨੂੰ ਫਿਟਕਾਰਿਆ ਅਤੇ ਦੱਬੇ-ਕੁਚਲੇ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਵਾਸਤੇ ਜੂਝਣ ਲਈ ਵੰਗਾਰਿਆ। ਉਨ੍ਹਾਂ ਨੇ ਨਿਮਾਣੇ ਅਤੇ ਨੀਚ ਸਮਝੇ ਜਾਂਦੇ ਲੋਕਾਂ ਦੇ ਬਰਾਬਰ ਆਪਣੇ ਆਪ ਨੂੰ ਖੜ੍ਹਾ ਕੀਤਾ ਅਤੇ ਉਨ੍ਹਾਂ ਦਾ ਸਾਥ ਦਿੱਤਾ। ਕਿਰਤੀਆਂ ਨੂੰ ਮਾਣ ਬਖਸ਼ਿਆ ਅਤੇ ਗਿਆਨ ਦੇ ਦਰਵਾਜ਼ੇ ਉਨ੍ਹਾਂ ਲਈ ਖੋਲ੍ਹੇ:

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥ (142)

ਗੁਰੂ ਜੀ ਨੇ ਕੇਵਲ ਲੋਕਾਂ ਵਿੱਚ ਚੇਤਨਾ ਹੀ ਨਹੀਂ ਜਗਾਈ ਸਗੋਂ ਆਪਣੇ ਹੱਕਾਂ ਦੀ ਰਾਖੀ ਵਾਸਤੇ ਘੋਲ ਕਰਨ ਲਈ ਵੀ ਪ੍ਰੇਰਿਆ। ਉਦੋਂ ਸ਼ਾਹੀ ਜ਼ੁਲਮ ਅਤੇ ਜਬਰ ਆਪਣੀ ਸਿਖਰ ਉੱਤੇ ਸੀ। ਉਸ ਸਮੇਂ ਦੀ ਹਾਲਤ ਦੇਖ ਗੁਰੂ ਜੀ ਨੇ ਆਖਿਆ ਸੀ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
(145)

ਧਰਮ ਲੋਕਾਂ ਵਿੱਚ ਗਿਆਨ ਦਾ ਚਾਨਣ ਕਰਨ ਦੀ ਥਾਂ ਉਨ੍ਹਾਂ ਨੂੰ ਅੰਧ-ਵਿਸ਼ਵਾਸ ਦੇ ਹਨੇਰੇ ਵਿੱਚ ਸੁੱਟ ਰਿਹਾ ਸੀ। ਆਪਣੀ ਹੋਣੀ ਨੂੰ ਪਿਛਲੇ ਕਰਮਾਂ ਦਾ ਫਲ ਮੰਨ, ਸਿਰ ਨੀਵਾਂ ਕਰ ਕੇ ਜ਼ੁਲਮ ਸਹਿਣ ਦਾ ਲੋਕਾਂ ਨੂੰ ਪਾਠ ਪੜ੍ਹਾਇਆ ਜਾਂਦਾ ਸੀ। ਗੁਰੂ ਜੀ ਦਾ ਕਥਨ ਹੈ:

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ (722)

ਉਸ ਸਮੇਂ ਦੇ ਰਾਜਸੀ, ਧਾਰਮਿਕ ਅਤੇ ਸਮਾਜਿਕ ਆਗੂ ਲੋਕਾਂ ਦੀ ਅਗਵਾਈ ਕਰਨ ਦੀ ਥਾਂ ਸ਼ਾਹੀ ਜ਼ੁਲਮ ਦੇ ਭਾਈਵਾਲ ਬਣ ਕੇ ਲੋਕਾਂ ਉੱਤੇ ਜ਼ੁਲਮ ਢਾਹ ਰਹੇ ਸਨ। ਗੁਰੂ ਜੀ ਨੇ ਇਨ੍ਹਾਂ ਆਗੂਆਂ ਨੂੰ ਫਿਟਕਾਰਿਆ:

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥ (767)

ਇੰਝ ਸਮਾਜ ਵਿੱਚ ਨਿਮਾਣਿਆਂ, ਨਿਤਾਣਿਆਂ ਅਤੇ ਬੇਆਸਰਿਆਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ। ਗੁਰੂ ਜੀ ਨੇ ਦਲੇਰੀ ਨਾਲ ਲੋਟੂ ਟੋਲੇ ਨੂੰ ਵੰਗਾਰਿਆ ਅਤੇ ਲੁੱਟੀ ਜਾ ਰਹੀ ਲੋਕਾਈ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਲੜਨ ਵਾਸਤੇ ਤਿਆਰ ਕੀਤਾ।

ਗੁਰੂ ਜੀ ਦਾ ਜਨਮ 1469 ਈਸਵੀ ਨੂੰ ਕੱਤਕ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਰਾਇ ਭੋਇੰ ਦੀ ਤਲਵੰਡੀ (ਨਾਨਕਾਣਾ ਸਾਹਿਬ) ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਬਾਬਾ ਕਾਲੂ ਜੀ ਸੀ ਅਤੇ ਮਾਤਾ ਦਾ ਨਾਂ ਤ੍ਰਿਪਤਾ ਜੀ ਸੀ। ਗੁਰੂ ਜੀ ਮੁੱਢ ਤੋਂ ਹੀ ਦੁਨਿਆਵੀ ਕਾਰਜਾਂ ਨਾਲੋਂ ਵਧੇਰੇ ਰੂਹਾਨੀਆਤ ਵੱਲ ਧਿਆਨ ਦਿੰਦੇ ਸਨ। ਗੁਰੂ ਜੀ ਨੇ ਹਿੰਦੀ, ਸੰਸਕ੍ਰਿਤ ਅਤੇ ਫਾਰਸੀ ਦੀ ਪੜ੍ਹਾਈ ਕੀਤੀ। ਬਚਪਨ ਵਿਚ ਜਦੋਂ ਉਨ੍ਹਾਂ ਨੂੰ ਜਨੇਊ ਪਹਿਨਾਉਣ ਲਈ ਪੰਡਤ ਜੀ ਆਏ ਤਾਂ ਗੁਰੂ ਜੀ ਨੇ ਆਖਿਆ, ਤੁਸੀਂ ਮੈਨੂੰ ਉਹ ਜਨੇਊ ਦੇਵੋਂ ਜੋ ਆਤਮਾ ਦੇ ਕੰਮ ਆਵੇ। ਜਿਹੜਾ ਜਨੇਊ ਤੁਸੀਂ ਮੈਨੂੰ ਦੇ ਰਹੇ ਹੋ ਇਹ ਤਾਂ ਧਾਗੇ ਦਾ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ (471)

ਆਪ ਹਮੇਸ਼ਾ ਇਹ ਸੋਚਦੇ ਰਹਿੰਦੇ ਸਨ ਕਿ ਸਮਾਜ ਵਿੱਚ ਨਾ ਬਰਾਬਰੀ, ਛੂਤ ਛਾਤ ਅਤੇ ਲੁੱਟ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ। ਆਖਿ ?ਰ ਆਪ ਆਪਣੇ ਬਚਪਨ ਦੇ ਸਾਥੀ ਨੀਵੀਂ ਜਾਤ ਦੇ ਸਮਝੇ ਜਾਂਦੇ ਮਰਦਾਨਾ ਨੂੰ ਨਾਲ ਲੈ ਕੇ ਆਪਣੇ ਮਿਸ਼ਨ ਉੱਤੇ ਘਰੋਂ ਨਿਕਲ ਤੁਰੇ। ਭਾਈ ਮਰਦਾਨੇ ਨੂੰ ਸਾਥੀ ਬਣਾਉਣਾ ਆਪਣੇ ਆਪ ਵਿੱਚ ਇਲਕਲਾਬੀ ਕਦਮ ਸੀ। ਮਰਦਾਨੇ ਦੀ ਰਬਾਬ ਉੱਤੇ ਹੀ ਆਪ ਨੇ ਬਹੁਤੀ ਬਾਣੀ ਉਚਾਰਨ ਕੀਤੀ। ਉਨ੍ਹਾਂ ਨੀਵੇਂ ਸਮਝੇ ਜਾਂਦੇ ਲੋਕਾਂ ਨੂੰ ਆਖਿਆ ਕਿ ਸੰਸਾਰ ਵਿਚ ਸਾਰੇ ਬਰਾਬਰ ਹਨ। ਸਾਰਿਆਂ ਵਿੱਚ ਇੱਕ ਜੋਤਿ ਹੈ, ਤੁਹਾਨੂੰ ਨੀਚ ਕੇਵਲ ਲੋਟੂ ਟੋਲੇ ਨੇ ਹੀ ਬਣਾਇਆ ਹੋਇਆ ਹੈ।

ਗੁਰੂ ਜੀ ਨੇ ਮਜ਼ਲੂਮਾਂ ਨੂੰ ਆਖਿਆ ਕਿ ਮੈਂ ਤੁਹਾਡੇ ਨਾਲ ਹਾਂ। ਤੁਸੀ ਡਰ ਤਿਆਗੋ, ਸੱਚ ਅਤੇ ਹੱਕ ਦੀ ਰਾਖੀ ਲਈ ਸੰਘਰਸ਼ ਕਰੋ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (15)

ਗੁਰੂ ਜੀ ਨੂੰ ਯਕੀਨ ਸੀ ਕਿ ਲੋਕਾਂ ਦੀਆਂ ਮੁਸੀਬਤਾਂ ਦੀ ਜੜ੍ਹ ਅਗਿਆਨਤਾ ਹੈ। ਇਨ੍ਹਾਂ ਨੂੰ ਗੁਮਰਾਹ ਕਰਕੇ ਲਿਤਾੜਿਆ ਜਾ ਰਿਹਾ ਹੈ।

ਗੁਰੂ ਜੀ ਦਾ ਫਰਮਾਨ ਹੈ:

ਜਹ ਗਿਆਨ ਪ੍ਰਗਾਸ ਅਗਿਆਨੁ ਮਿਟੰਤੁ ॥ (791)

ਇਸ ਕਰ ਕੇ ਉਨ੍ਹਾਂ ਆਮ ਲੋਕਾਂ ਲਈ ਗਿਆਨ ਦੇ ਬੂਹੇ ਖੋਲ੍ਹੇ। ਆਪਣੀ ਬਾਣੀ ਲੋਕਾਂ ਦੀ ਭਾਸ਼ਾ ਵਿੱਚ ਉਚਾਰੀ। ਖੋਟ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਲੋਕਾਂ ਨੂੰ ਪ੍ਰੇਰਿਆ। ਉਨ੍ਹਾਂ ਨੇ ਲੋਕਾਈ ਨੂੰ ਵਹਿਮਾਂ, ਭਰਮਾਂ ਅਤੇ ਅੰਧ ਵਿਸ਼ਵਾਸ ਵਿਚੋਂ ਕੱਢ, ਇਕ ਰੱਬ ਉਤੇ ਯਕੀਨ ਕਰਨਾ ਸਿਖਾਇਆ। ਉਨ੍ਹਾਂ ਦੱਸਿਆ ਕਿ ਜਨਮ ਤੋਂ ਕੋਈ ਚੰਗਾ ਬੁਰਾ ਨਹੀਂ ਹੁੰਦਾ। ਬੁਰੇ ਬੰਦੇ ਦੇ ਕਰਮ ਹੁੰਦੇ ਹਨ। ਬੁਰੇ ਨੀਚ ਜਾਤੀਆਂ ਵਾਲੇ ਨਹੀਂ ਹਨ ਸਗੋਂ ਨੀਚ ਉਹ ਹਨ ਜਿਹੜੇ ਨਿਮਾਣਿਆਂ ਉਤੇ ਜ਼ੁਲਮ ਕਰਦੇ ਹਨ ਅਤੇ ਉਨ੍ਹਾਂ ਦੇ ਹੱਕ ਮਾਰਦੇ ਹਨ। ਉਨ੍ਹਾਂ ਲੋਕਾਂ ਦੇ ਮਨਾਂ ਵਿਚੋਂ ਤਾਕਤ ਦੇ ਭੈਅ ਨੂੰ ਦੂਰ ਕਰਕੇ ਸੱਚ ਅਤੇ ਹੱਕ ਦੀ ਰਾਖੀ ਲਈ ਤਿਆਰ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਸੰਸਾਰ ਨੂੰ ਲੋਕ ਰਾਜ ਅਤੇ ਸਮਾਜਵਾਦ ਦੇ ਫਲਸਫੇ ਦੀ ਬਖਸ਼ਿਸ਼ ਕੀਤੀ। ਗੁਰੂ ਜੀ ਨੇ ਨਿਮਾਣੇ ਅਤੇ ਨਿਤਾਣੇ ਸਮਝੇ ਜਾਂਦੇ ਲੋਕਾਂ ਨੂੰ ਉਨ੍ਹਾਂ ਦੀ ਤਾਕਤ ਦੀ ਸੋਝੀ ਕਰਵਾ ਕੇ ਅਜਿਹੀ ਜੋਤ ਜਗਾਈ ਜਿਹੜੀ ਸਾਰੇ ਸੰਸਾਰ ਲਈ ਚਾਨਣ ਮੁਨਾਰਾ ਬਣ ਗਈ। ਯੁੱਗ ਪੁਰਸ਼ ਗੁਰੂ ਨਾਨਕ ਸਾਹਿਬ ਨੇ ਮਨੁੱਖੀ ਹੱਕਾਂ ਦੀ ਰਾਖੀ ਲਈ ਇੱਕ ਨਵੇਂ ਇਨਕਲਾਬ ਦੀ ਨੀਂਹ ਰੱਖੀ। ਲੋਕਾਂ ਨੇ ਆਪਣੇ ਹੱਕਾਂ ਦੀ ਲੜਾਈ ਸ਼ੁਰੂ ਕੀਤੀ ਜਿਸ ਸਦਕਾ ਅੱਜ ਸਾਰੇ ਸੰਸਾਰ ਵਿਚ ਲੋਕਰਾਜ ਦਾ ਬੋਲਬਾਲਾ ਹੈ।

ਗੁਰੂ ਜੀ ਨੇ ਸੰਚਾਰ ਤੇ ਪ੍ਰਚਾਰ ਦਾ ਅਨੋਖਾ ਅਤੇ ਪ੍ਰਭਾਵਸ਼ਾਲੀ ਢੰਗ ਅਪਣਾਇਆ। ਉਨ੍ਹਾਂ ਕਿਸੇ ਨੂੰ ਮੰਦਾ ਨਹੀਂ ਆਖਿਆ। ਉਨ੍ਹਾਂ ਆਖਿਆ- ਸੱਚੀ ਅਤੇ ਸੁੱਚੀ ਕਿਰਤ ਕਰਨੀ, ਉਸ ਨੂੰ ਵੰਡ ਛਕਣਾ ਅਤੇ ਰੱਬ ਦਾ ਨਾਮ ਜਪਣਾ ਹੀ ਧਰਮ ਹੈ। ਉਨ੍ਹਾਂ ਨੇ ਤਰਕ ਅਤੇ ਦਲੀਲਾਂ ਨਾਲ ਕੁਰਹਿਤਾਂ ਦਾ ਖੰਡਨ ਕੀਤਾ ਅਤੇ ਬਿਨਾ ਵਾਦ ਵਿਵਾਦ ਵਿਚਾਰ ਰਾਹੀਂ ਸਾਰਿਆਂ ਨੂੰ ਸੱਚ ਦਾ ਰਾਹ ਦਿਖਾਇਆ। ਉਨ੍ਹਾਂ ਚਾਰ ਉਦਾਸੀਆਂ ਰਾਹੀਂ 24 ਸਾਲ ਪੈਦਲ ਯਾਤਰਾ ਕਰ ਕੇ ਸਾਰੇ ਏਸ਼ੀਆ, ਅਫਰੀਕਾ, ਤੇ ਯੂਰੋਪ ਦਾ ਭ੍ਰਮਣ ਕੀਤਾ ਤੇ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਤਿਆਰ ਕੀਤਾ।





# ਜੋਸ਼ੀਮੱਠ ਦਾ ਗੁਰਦੁਆਰਾ ਕਿਵੇਂ ਬਣਿਆ ?










ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ


ਜੋਸ਼ੀਮੱਠ ਭਾਰਤ ਦਾ ਇਕ ਪੁਰਾਤਨ ਨਗਰ ਹੈ ਜਿਹੜਾ ਕਿ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਵਾਲੇ ਸਿੱਖ ਸ਼ਰਧਾਲੂਆਂ ਲਈ ਅਹਿਮ ਪੜਾਅ ਹੈ। ਇਸ ਨਗਰ ਵਿਖੇ ਹਿੰਦੂ ਧਰਮ ਦੇ ਪੁਰਾਤਨ ਮੰਦਰ ਵੀ ਮੌਜੂਦ ਹਨ ਜਿਨ੍ਹਾਂ ਵਿਚੋਂ ਇਕ ਭਗਵਾਨਨਰਸਿੰਹ ਅਤੇ ਦੂਜਾ ਆਦਿ ਸ਼ੰਕਰਾਚਾਰੀਆ ਨਾਲ ਸੰਬੰਧਿਤ ਹੈ। ਨਰਸਿੰਹ ਨੂੰ ਭਗਵਾਨ ਵਿਸ਼ਨੂੰ ਦਾ ਅਵਤਾਰ ਮੰਨਿਆ ਜਾਂਦਾ ਹੈ ਅਤੇ ਇਹਨਾਂ ਦੀ ਯਾਦ ਵਿੱਚ ਇੱਥੇ ਇੱਕ ਮੰਦਰ ਦੀ ਉਸਾਰੀ ਕੀਤੀ ਹੋਈ ਹੈ ਜਿਸ ਵਿੱਚ ਭਗਵਾਨ ਨਰਸਿੰਹ ਦੀ ਸਾਲਗ੍ਰਾਮ ਦੀ ਬਣੀ ਹੋਈ ਇੱਕ ਮੂਰਤੀ ਮੌਜੂਦ ਹੈ। ਇਸ ਮੂਰਤੀ ਨਾਲ ਇੱਕ ਪੁਰਾਤਨ ਕਥਾ ਜੋੜ ਕੇ ਕਿਹਾ ਜਾਂਦਾ ਹੈ ਕਿ ਇਸ ਦੀ ਇਕ ਬਾਂਹ ਦਿਨੋ-ਦਿਨ ਪਤਲੀ ਹੁੰਦੀ ਜਾ ਰਹੀ ਹੈ ਅਤੇ ਜਦੋਂ ਇਹ ਕੁਦਰਤੀ ਤੌਰ 'ਤੇ ਮੂਰਤੀ ਤੋਂ ਵੱਖ ਹੋ ਜਾਵੇਗੀ ਤਾਂ ਬਦਰੀਨਾਥ ਦਾ ਰਸਤਾ ਬੰਦ ਹੋ ਜਾਵੇਗਾ ਅਤੇ ਬਦਰੀਨਾਥ ਦਾ ਇੱਕ ਹੋਰ ਅਸਥਾਨ ਇਸ ਨਗਰ ਤੋਂ ਕੁੱਝ ਦੂਰੀ 'ਤੇ ਪ੍ਰਗਟ ਹੋ ਜਾਵੇਗਾ। ਬਦਰੀਨਾਥ ਅਤੇ ਸ੍ਰੀ ਹੇਮਕੁੰਟ ਸਾਹਿਬ ਨੂੰ ਜਾਣ ਵਾਲੇ ਰਸਤੇ 'ਤੇ ਮੌਜੂਦ ਇਹ ਨਗਰ ਇੱਕ ਪੜਾਅ ਵਜੋਂ ਸਾਹਮਣੇ ਆਉਂਦਾ ਹੈ ਜਿੱਥੇ ਸਿੱਖ ਅਤੇ

ਹਿੰਦੂ ਧਰਮ ਦੇ ਸ਼ਰਧਾਲੂ ਯਾਤਰੀ ਨਿਵਾਸ ਕਰਦੇ ਹਨ।

ਸਿੱਖ ਧਰਮ ਨਾਲ ਸੰਬੰਧਿਤ ਇੱਥੇ ਕੋਈ ਇਤਿਹਾਸਕ ਅਸਥਾਨ ਮੌਜੂਦ ਨਹੀਂ

ਹੈ ਬਲਕਿ ਸ਼ਰਧਾਲੂਆਂ ਨੂੰ ਸੁਵਿਧਾ ਪ੍ਰਦਾਨ ਕਰਨ ਲਈ ਇੱਥੇ ਇੱਕ ਗੁਰਧਾਮ ਦੀ

ਉਸਾਰੀ ਕੀਤੀ ਗਈ ਸੀ ਜਿਸ ਨੂੰ ਪਹਿਲਾਂ 'ਦੁਸ਼ਟ ਦਮਨ ਧਾਮ' ਕਿਹਾ ਜਾਂਦਾ ਸੀ ਪਰ ਮੌਜੂਦਾ ਸਮੇਂ ਵਿੱਚ ਇਹ 'ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ, ਜੋਸ਼ੀਮੱਠ' ਦੇ ਨਾਂ

ਨਾਲ ਪ੍ਰਸਿੱਧ ਹੈ। ਇਸ ਅਸਥਾਨ ਤੋਂ ਅੱਗੇ ਸ੍ਰੀ ਹੇਮਕੁੰਟ ਸਾਹਿਬ ਜਾਣ ਲਈ ਸ੍ਰੀ

ਗੋਬਿੰਦ ਘਾਟ ਅਹਿਮ ਪੜਾਅ ਹੈ। ਜੋਸ਼ੀਮੱਠ ਤੋਂ ਅੱਗੇ ਇਹ ਅਸਥਾਨ 18-20 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਪਰ ਇਸ ਤੋਂ ਪਹਿਲਾਂ ਰਿਸ਼ੀਕੇਸ਼ ਤੋਂ ਬਾਅਦ ਸ੍ਰੀਨਗਰ ਹੀ ਇੱਕ ਅਜਿਹਾ ਅਸਥਾਨ ਹੈ ਜਿੱਥੇ ਸੰਗਤ ਲਈ ਲੰਗਰ ਅਤੇ ਨਿਵਾਸ ਦੀ ਸੁਵਿਧਾ ਮੌਜੂਦ ਸੀ।

ਸ੍ਰੀਨਗਰ ਦੇ ਗੁਰਦੁਆਰਾ ਸਾਹਿਬ ਤੋਂ ਜੋਸ਼ੀਮੱਠ ਦੀ ਦੂਰੀ ਲਗ-ਪਗ 150 ਕਿਲੋਮੀਟਰ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸ਼ਰਧਾਲੂਆਂ ਲਈ ਗੁਰਦੁਆਰਾ ਗੋਬਿੰਦ ਘਾਟ ਵਿਖੇ ਇੱਕ ਪੜਾਅ ਮੌਜੂਦ ਸੀ ਤਾਂ ਇਸ ਤੋਂ ਥੋੜ੍ਹੀ ਦੂਰ ਪਹਿਲਾਂ ਹੀ ਇਸ ਨਗਰ ਵਿਖੇ ਗੁਰਦੁਆਰਾ ਸਾਹਿਬ ਸਥਾਪਿਤ ਕਰਨ ਦੀ ਕੀ ਲੋੜ ਪੈ ਗਈ ਸੀ ਜਾਂ ਰਸਤੇ ਵਿੱਚ ਕਿਸੇ ਹੋਰ ਅਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਿਉਂ ਨਹੀਂ ਕੀਤੀ ਗਈ ?

ਪੁਰਾਤਨ ਗਜ਼ਟੀਅਰਾਂ ਅਤੇ ਹੋਰਨਾਂ ਦਸਤਾਵੇਜ਼ਾਂ ਤੋਂ ਜਾਣਕਾਰੀ ਮਿਲਦੀ ਹੈ ਕਿ

ਉੱਤਰਾਖੰਡ ਦੀਆਂ ਚੋਟੀਆਂ 'ਤੇ ਸਥਿਤ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਨ ਲਈ ਜਿਹੜੇ ਮਾਰਗ ਮੌਜੂਦਾ ਸਮੇਂ ਵਿਚ ਨਜ਼ਰ ਆ ਰਹੇ ਹਨ, ਪੁਰਾਤਨ ਸਮੇਂ ਵਿਚ ਉਹ ਮੌਜੂਦ ਨਹੀਂ ਸਨ। ਰਿਸ਼ੀਕੇਸ਼ ਤੋਂ ਬਾਅਦ ਸ੍ਰੀਨਗਰ ਤੱਕ ਤਾਂ ਮੋਟਰ ਆ ਜਾਂਦੀ ਸੀ ਪਰ ਇਸ ਤੋਂ ਥੋੜ੍ਹਾ ਅੱਗੇ ਜਾ ਕੇ ਪੈਦਲ ਯਾਤਰਾ ਅਰੰਭ ਹੋ ਜਾਂਦੀ ਸੀ। ਲੰਮੀ ਪੈਦਲ ਯਾਤਰਾ ਕਾਰਨ ਸ੍ਰੀ ਹੇਮਕੁੰਟ ਸਾਹਿਬ ਦਾ ਸਫ਼ਓਮਪ;ਰ ਵੀ ਡੇਢ-ਦੋ ਮਹੀਨੇ ਵਿਚ ਤੈਅ ਹੁੰਦਾ ਸੀ। ਫਿਰ ਹੌਲੀ-ਹੌਲੀ ਸੜਕ ਅੱਗੇ ਵੱਧਦੀ ਗਈ ਅਤੇ ਸੜਕ ਦਾ ਸਫ਼ਓਮਪ;ਰ ਸੁਖਾਲਾ ਹੁੰਦਾ ਗਿਆ।

1950 ਦੇ ਦੌਰਾਨ ਸੜਕ ਚਮੋਲੀ ਤੱਕ ਜਾਂਦੀ ਸੀ ਪਰ 1955 ਤੱਕ ਜਦੋਂ ਜੋਸ਼ੀਮੱਠ ਤੱਕ ਸੜਕ ਬਣ ਗਈ ਤਾਂ ਇਹ ਇਕ ਪ੍ਰਮੁੱਖ ਟਿਕਾਣੇ ਵਜੋਂ ਵਿਕਸਿਤ ਹੋਣ ਲੱਗਾ। ਇਸ ਦਾ ਦੂਜਾ ਵੱਡਾ ਕਾਰਨ ਇਹ ਸੀ ਕਿ ਇਸ ਸਮੇਂ ਤੱਕ ਸ੍ਰੀ ਗੋਬਿੰਦ ਘਾਟ ਪੂਰੀ ਤਰ੍ਹਾਂ ਨਾਲ ਆਬਾਦ ਨਹੀਂ ਹੋਇਆ ਸੀ ਅਤੇ ਜੋਸ਼ੀਮੱਠ ਤੋਂ ਅੱਗੇ ਜਾਣ ਵਾਲਿਆਂ ਲਈ ਇਹੀ ਇਕ ਨਗਰ ਸੀ ਜਿੱਥੋਂ ਲੋੜ ਦੀ ਹਰ ਇੱਕ ਵਸਤੂ ਨਾਲ ਲਿਜਾਣੀ ਪੈਂਦੀ ਸੀ। ਬਦਰੀਨਾਥ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਧੇਰੇ ਸੀ ਜਿਸ ਕਰਕੇ ਜੋਸ਼ੀਮੱਠ ਇੱਕ ਮਹੱਤਵਪੂਰਨ ਪੜਾਅ ਵਜੋਂ ਵਿਕਸਿਤ ਹੋਣ ਲੱਗਾ ਸੀ।

ਇੱਥੇ ਦਿਨੋ-ਦਿਨ ਬਜ਼ਾਰ ਵੱਡਾ ਹੁੰਦਾ ਜਾ ਰਿਹਾ ਸੀ ਜਿਹੜਾ ਕਿ ਇਸ ਨਗਰ ਦੀ ਰੌਣਕ ਵਿੱਚ ਚੋਖਾ ਵਾਧਾ ਕਰ ਰਿਹਾ ਸੀ।

ਸ੍ਰੀ ਹੇਮਕੁੰਟ ਸਾਹਿਬ ਜਾਣ ਵਾਲੇ ਸ਼ਰਧਾਲੂ ਬੱਸਾਂ ਤੱਕ ਇਸ ਨਗਰ ਵਿਖੇ ਆ ਜਾਂਦੇ ਸਨ ਅਤੇ ਲੋੜੀਂਦੀਆਂ ਵਸਤਾਂ ਖਰੀਦ ਕੇ ਅੱਗੇ ਜਾਂਦੇ ਸਨ ਕਿਉਂਕਿ ਇਸ ਤੋਂ ਅੱਗੇ ਕੁੱਝ ਵੀ ਮਿਲਣਾ ਸੰਭਵ ਨਹੀਂ ਸੀ ਅਤੇ ਜੇਕਰ ਕੁੱਝ ਮਿਲਦਾ ਵੀ ਸੀ ਤਾਂ ਉਸ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਸੀ। ਯਾਤਰਾ ਲਈ ਆਉਣ ਵਾਲੇ ਜਥੇ ਰਿਸ਼ੀਕੇਸ਼ ਤੋਂ ਹੀ ਲੋੜੀਂਦਾ ਸਾਮਾਨ ਨਾਲ ਲੈ ਕੇ ਆਉਂਦੇਸਨ ਤਾਂ ਕਿ ਰਾਹ ਵਿਚੋਂ ਘੱਟ ਤੋਂ ਘੱਟ ਸਾਮਾਨ ਖਰੀਦਣ ਦੀ ਲੋੜ ਪਵੇ। ਗੁਰਦੁਆਰਾ ਸਾਹਿਬਾਨ ਵਿਖੇ ਵੀ ਸੀਮਿਤ ਸਾਧਨ, ਮਾਇਆ ਅਤੇ ਨਿਵਾਸ ਦੇ ਪ੍ਰਬੰਧ ਸਨ। ਇਸ ਲਈ ਯਾਤਰੂ ਜਥਿਆਂ ਨੂੰ ਵੀ ਇਹ ਬੇਨਤੀ ਕੀਤੀ ਜਾਂਦੀ ਸੀ ਕਿ ਇਕ ਜਥੇ ਵਿਚ ਸ਼ਰਧਾਲੂਆਂ ਦੀ ਗਿਣਤੀ 25-30 ਤੋਂ ਵਧੇਰੇ ਨਾ ਹੋਵੇ ਅਤੇ ਇਹ ਪ੍ਰਬੰਧ ਰਿਸ਼ੀਕੇਸ਼ ਵਿਖੇ ਹੀ ਕਰ ਲਏ ਜਾਣ ਤਾਂ ਕਿ ਵਧੇਰੇ ਗਿਣਤੀ ਵਿੱਚ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਲਈ ਆਉਣ ਵਾਲੇ ਵੱਡੇ ਜਥਿਆਂ ਨੂੰ ਛੋਟੇ-ਛੋਟੇ ਜਥਿਆਂ ਦੇ ਰੂਪ ਵਿੱਚ ਅੱਗੇ ਤੋਰਿਆ ਜਾਵੇ ਅਤੇ ਇਹ ਯਾਤਰਾ ਨਿਰਵਿਘਨ ਅਤੇ ਨਿਰੰਤਰ

ਚੱਲਦੀ ਰਹੇ।

ਜੋਸ਼ੀਮੱਠ ਤੱਕ ਸੜਕ ਬਣ ਜਾਣ ਕਰਕੇ ਸਿੱਖ ਸ਼ਰਧਾਲੂਆਂ ਨੂੰ ਨਾਲ ਲੈ ਕੇ ਆਉਣ ਵਾਲੇ ਜਥੇਦਾਰ ਇਹ ਸੋਚਣ ਲੱਗੇ ਸਨ ਕਿ ਇਸ ਨਗਰ ਵਿਖੇ ਵੀ ਇਕ ਅਜਿਹੇ ਗੁਰਧਾਮ ਦੀ ਲੋੜ ਹੈ ਜਿੱਥੇ ਸ਼ਰਧਾਲੂਆਂ ਲਈ ਲੰਗਰ ਅਤੇ ਨਿਵਾਸ ਦੀ ਸੁਵਿਧਾ ਦਾ ਪ੍ਰਬੰਧ ਹੋ ਸਕੇ। ਇਸ ਕਾਰਜ ਲਈ ਯਾਤਰੂ ਜਥੇ ਲੈ ਕੇ ਆਉਣ ਵਾਲੇ ਆਗੂਆਂ ਨੇ ਯਤਨ ਕਰਨਾ ਅਰੰਭ ਕਰ ਦਿੱਤਾ ਸੀ। ਖਾਲਸਾ ਸਮਾਚਾਰ ਦੀਆਂ ਖਬਰਾਂ ਦੱਸਦੀਆਂ ਹਨ ਕਿ 16 ਸਤੰਬਰ 1959 ਨੂੰ ਜਥੇਦਾਰ ਸ. ਸਮਸ਼ੇਰ ਸਿੰਘ ਕਾਨਪੁਰ ਨੇ ਸੰਤ ਠੰਡੀ ਸਿੰਘ ਅਤੇ ਸੰਤ ਬਲਵੰਤ ਸਿੰਘ ਨਾਲ ਜੋਸ਼ੀ ਮੱਠ ਵਿਖੇ ਗੁਰਦੁਆਰਾ ਸਥਾਪਿਤ ਕਰਨ 'ਤੇ ਵਿਚਾਰ ਕੀਤੀ ਤੇ ਸਰਬ ਸੰਮਤੀ ਨਾਲ ਇਸ ਅਹਿਮ ਜਗ੍ਹਾ 'ਤੇ ਗੁਰਦੁਆਰਾ ਸਥਾਪਿਤ ਕਰਨ ਦਾ ਮਤਾ ਪਾਸ ਕਰਕੇ ਸਾਰੀ

ਸੰਗਤ ਨੂੰ ਇਹ ਖੁਸ਼ੀ ਭਰੀ ਖ਼ਬਰ ਸੁਣਾਈ ਗਈ ਜਿਸ 'ਤੇ ਸ੍ਰੀ ਹੇਮਕੁੰਟ ਸਾਹਿਬ ਜਥੇ ਨਾਲ ਗਏ ਯਾਤਰੂਆਂ ਨੇ ਮਾਇਆ ਅਰਦਾਸ ਕਰਵਾਈ। 31 ਸੱਜਣਾਂ ਵੱਲੋਂ ਕਰਵਾਈ ਅਰਦਾਸ ਨਾਲ 8445 ਰੁਪਏ ਇਕੱਠੇ ਹੋਏ ਜਿਸ ਵਿਚੋਂ 4000 ਰੁਪਏ ਦੀ 1700 ਗਜ਼ ਜ਼ਮੀਨ ਖਰੀਦ ਕੇ ਰਜਿਸਟਰੀ ਕਰਵਾ ਲਈ ਗਈ। ਜ਼ਮੀਨ ਦੀ ਰਜਿਸਟਰੀ ਹੋਣ ਉਪਰੰਤ ਸਭ ਨੂੰ ਇਹ ਆਸ ਬੱਝ ਗਈ ਸੀ ਕਿ ਅਗਲੇ ਸਾਲ ਤੱਕ ਇਸ ਅਸਥਾਨ 'ਤੇ ਯਾਤਰੂਆਂ ਦੇ ਨਿਵਾਸ ਅਤੇ ਲੰਗਰ ਦਾ ਸੁਖੈਨ ਪ੍ਰਬੰਧ ਹੋ ਸਕੇਗਾ। ਇਸ ਸਮੇਂ ਤੱਕ ਕਾਨਪੁਰ ਅਤੇ ਅੰਮ੍ਰਿਤਸਰ ਤੋਂ ਹੀ ਯਾਤਰਾ ਲਈ ਪ੍ਰਮੁੱਖ ਜਥੇ ਆਉਂਦੇ ਸਨ ਅਤੇ ਚੀਫ਼ ਖ਼ਾਲਸਾ ਦੀਵਾਨ ਅਤੇ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਇਸ ਕਾਰਜ ਲਈ ਯਤਨਸ਼ੀਲ ਸਨ। ਪ੍ਰਬੰਧਕਾਂ ਲਈ ਇਸ ਨਗਰ ਵਿਖੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਇੱਕ ਵੱਡਾ ਕਾਰਜ ਸੀ ਕਿਉਕਿ ਇਸ ਦੀ ਉਸਾਰੀ ਨੂੰ ਕੇਵਲ ਸ਼ਰਧਾਲੂਆਂ ਲਈ ਹੀ ਸੁਵਿਧਾਵਾਂ ਪ੍ਰਦਾਨ ਕਰਨ ਦਾ ਅਸਥਾਨ ਹੀ ਨਹੀਂ ਸਮਝਿਆ ਜਾ ਰਿਹਾ ਸੀ ਬਲਕਿ ਇਸ ਗੁਰਧਾਮ ਤੋਂ ਸ੍ਰੀ ਹੇਮਕੁੰਟ ਸਾਹਿਬ ਦੇ ਅਗਲੇ ਪੜਾਵਾਂ ਲਈ ਸਹੂਲਤਾਂ ਪ੍ਰਦਾਨ ਕਰਨ ਹਿਤ ਗੁਦਾਮ ਦਾ ਕੰਮ ਵੀ ਲਿਆ ਜਾਣਾ ਸੀ।

1962 ਵਿੱਚ ਇਸ ਨਗਰ ਵਿਖੇ ਇੱਕ ਸੁੰਦਰ ਗੁਰਧਾਮ ਦੀ ਉਸਾਰੀ ਕਰਕੇ ਉਸ ਦਾ ਨਾਂ 'ਗੁਰਦੁਆਰਾ ਦੁਸ਼ਟ ਦਮਨ' ਰੱਖਿਆ ਗਿਆ। ਸੰਤ ਠੰਡੀ ਸਿੰਘ ਨੇ ਸੰਗਤ ਦੇ ਸਹਿਯੋਗ ਨਾਲ ਇਸ ਗੁਰਧਾਮ ਦੀ ਉਸਾਰੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਇਸ ਗੁਰਧਾਮ ਦੀ ਉਸਾਰੀ ਨਾਲ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ ਵਾਲੀ ਸੰਗਤ ਲਈ ਲੰਗਰ ਅਤੇ ਰਿਹਾਇਸ਼ ਦਾ ਸੁਖਦ ਪ੍ਰਬੰਧ ਸੰਭਵ ਹੋ ਸਕਿਆ ਸੀ। ਇਸ ਸਾਲ ਜਦੋਂ ਯਾਤਰਾ ਸੰਪੂਰਨ ਹੋਈ ਤਾਂ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਨੈਸ਼ਨਲ ਡਿਫੈਂਸ ਦੀ ਯੋਜਨਾ ਅਧੀਨ ਸਰਕਾਰ ਨੇ ਆਪਣੇ ਹੱਥ ਵਿੱਚ ਲੈ ਲਿਆ ਸੀ ਜਿਸ ਤੋਂ ਇਹ ਅਧਿਕਾਰ ਵਾਪਸ ਲੈਣ ਲਈ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਮੈਨੇਜਮੈਂਟ ਕਮੇਟੀ ਨੇ ਯਤਨ ਅਰੰਭ ਕਰ ਦਿੱਤੇ ਸਨ। 1963 ਵਿੱਚ ਹੋਈ ਇੱਕ ਮੀਟਿੰਗ ਵਿੱਚ ਕਮੇਟੀ ਨੇ ਸਰਕਾਰ ਤੋਂ ਗੁਰਦੁਆਰਾ ਸਾਹਿਬ ਵਾਪਸ ਲੈਣ 'ਤੇ ਵਿਚਾਰ ਕਰਦੇ ਹੋਏ ਇਕ ਮਤਾ ਪਾਸ ਕੀਤਾ ਕਿ 'ਜੋਸ਼ੀਮਠ ਵਿਖੇ ਗੁਰਦੁਆਰੇ ਦੀ ਨਵੀਂ ਬਿਲਡਿੰਗ ਜੋ ਨੈਸ਼ਨਲ ਡੀਫੈਂਸ ਵਾਸਤੇ ਸਰਕਾਰ ਨੇ ਲਈ ਹੈ, ਬਾਰੇ ਵੀਚਾਰ ਹੋਈ ਤੇ ਪ੍ਰਵਾਨ ਹੋਇਆ ਕਿ ਸ. ਜੁਗਿੰਦਰ ਸਿੰਘ ਜੀ ਮਾਨ ਸ਼.ਧਂ.. ਜੋਸ਼ੀਮਠ ਨੂੰ ਪੱਤਰ ਲਿਖਣ ਕਿ ਇਸ ਗੁਰਦੁਆਰੇ ਦਾ ਹਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਲਈ ਚਾਹੀਦਾ ਹੈ ਇਸ ਲਈ 1.4.63 ਤਕ ਆਪਣਾ ਯੋਗ ਪ੍ਰਬੰਧ ਕਰ ਲੈਣ। ਜਿਤਨੀ ਦੇਰ ਉਹਨਾਂ ਨੇ ਇਸ ਇਮਾਰਤ ਨੂੰ ਵਰਤਿਆ ਹੈ, ਸਰਕਾਰ ਪਾਸੋਂ ਉਸ ਦਾ ਕੋਈ ਕਿਰਾਇਆ ਨਾ ਲਿਆ ਜਾਵੇ।' ਉਸ ਸਮੇਂ ਤੋਂ ਇਸ ਗੁਰਧਾਮ ਦਾ ਪ੍ਰਬੰਧ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਮੌਜੂਦਾ ਸਮੇਂ ਵਿੱਚ ਇਸ ਨਗਰ ਦੇ ਮੁੱਖ ਬਜ਼ਾਰ ਵਿਖੇ ਸ਼ਰਧਾਲੂਆਂ ਲਈ ਇੱਕ ਸੁੰਦਰ ਗੁਰਧਾਮ ਮੌਜੂਦਾ ਹੈ ਜਿੱਥੇ ਰਿਹਾਇਸ਼ ਅਤੇ ਲੰਗਰ ਦੀਆਂ ਸਮੂਹ ਆਧੁਨਿਕ ਸਹੂਲਤਾਂ ਮੌਜੂਦ ਹਨ। ਭਾਵੇਂ ਕਿ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਵਾਲੇ ਸ਼ਰਧਾਲੂਆਂ ਲਈ ਗੁਰਦੁਆਰਾ ਗੋਬਿੰਦ ਘਾਟ ਇੱਕ ਪ੍ਰਮੁੱਖ ਕੇਂਦਰ ਵਜੋਂ ਵਿਕਸਿਤ ਹੋ ਗਿਆ ਹੈ ਪਰ ਫਿਰ ਵੀ ਇਸ ਨਗਰ ਵਿਖੇ ਵੱਡੀ ਗਿਣਤੀ ਸ਼ਰਧਾਲੂ ਦਰਸ਼ਨ ਕਰਨ ਲਈ ਆਉਂਦੇ ਹਨ।




## ਸ਼ਹੀਦੀ ਦਿਵਸ 'ਤੇ ਵਿਸ਼ੇਸ਼ ਲੇਖ

# ਸ਼ਹੀਦੀ ਗੁਰੂ ਤੇਗ਼ ਬਹਾਦਰ ਸਾਹਿਬ ਜੀ



ਮਨਮੋਹਨ

'ਸਾਕਾ' ਸ਼ਬਦ ਦੀ ਵਿਸ਼ੇਸ਼ ਚਿਹਨਕੀ ਮਹੱਤਤਾ ਹੈ। 'ਸਾਕਾ' ਸ਼ਬਦ ਦੇ ਮੂਲ ਵਿਚ ਸੰਸਕ੍ਰਿਤ ਸ਼ਬਦ 'ਸ਼ਕ' ਹਨ ਜਿਸ ਦੇ ਅਰਥ ਹਨ। 'ਸਾਕਾ' ਮਰ ਮਿਟਣ ਅਤੇ ਸੰਘਰਸ਼ ਕਰਨ ਵਾਲੇ ਉਨ੍ਹਾਂ ਲੋਕਾਂ ਦੀ ਗਾਥਾ ਹੈ ਜੋ ਵੱਡੇ-ਵੱਡੇ ਸੰਕਟਾਂ ਨੂੰ ਸਹਿਣ ਦੀ ਸਮਰੱਥਾ ਰੱਖਦੇ ਹੋਣ। 'ਸਾਕਾ' ਕਲਪਿਤ ਕਥਾ ਨਹੀਂ। ਇਹ ਕਿਸੇ ਨਿਸ਼ਚਿਤ ਕਾਲ ਅਰਥਾਤ ਸੰਮਤ ਵਿਚ ਵਾਪਰੀ ਘਟਨਾ ਹੈ। ਇਤਿਹਾਸਕ ਘਟਨਾ ਜਿਸ ਦਾ ਸੱਚ ਪ੍ਰਮਾਣਿਤ ਹੋਵੇ। ਸਾਕਾ ਇਕ ਮਹਾਨ ਕਾਰਜ ਹੈ। ਤਿਲਕ ਅਤੇ ਜਨੇਊ ਦੀ ਰੱਖਿਆ ਵਾਸਤੇ ਸਮਰਥ-ਪੁਰਖ ਗੁਰੂ ਤੇਗ਼ ਬਹਾਦਰ ਜੀ ਦੁਆਰਾ ਇਹ ਇਤਿਹਾਸਕ ਘਟਨਾ ਵਾਪਰੀ।

ਗੁਰੂ ਸਾਹਿਬ ਨੇ 11 ਨਵੰਬਰ 1675 ਵਿੱਚ ਧਰਮ ਦੀ ਰੱਖਿਆ ਹੇਠ ਸ਼ਹਾਦਤ ਦਿੱਤੀ। ਇਹ ਕੋਈ ਸਾਧਾਰਨ ਘਟਨਾ ਨਹੀਂ ਸੀ। ਸੰਸਾਰ ਦੇ ਇਤਿਹਾਸ 'ਚ ਅਜਿਹੀ ਅਦੁੱਤੀ ਸ਼ਹਾਦਤ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਇਸੇ ਲਈ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਕਿਹਾ ਗਿਆ। ਦਸਮ ਗ੍ਰੰਥ 'ਚ 'ਬਚਿੱਤਰ ਨਾਟਕ' ਵਿਚ ਆਤਮ ਕਥਾ ਭਾਗ ਦੇ 'ਪਾਤਸਾਹੀ ਬਰਨਨੰ' ਨਾਮੀ ਪੰਚਮ ਅਧਿਆਇ ਦੀਆਂ ਅੰਤਿਮ 13 ਪੰਕਤੀਆਂ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਵਰਣਨ ਕੀਤਾ ਗਿਆ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ।
ਸੀਸ ਦੀਯਾ ਪਰ ਸੀ ਨ ਉਚਰੀ ॥੧੩॥
ਧਰਮ ਹੇਠ ਸਾਕਾ ਜਿਨਿ ਕੀਆ।
ਸੀਸੁ ਦੀਆ ਪਰ ਸਿਰੁਰ ਨਾ ਦੀਯਾ।
ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

ਇਸ ਸ਼ਹਾਦਤ ਦਾ ਕਾਰਨ ਗੁਰੂ ਤੇਗ਼ ਬਹਾਦਰ ਵੱਲੋਂ ਕਸ਼ਮੀਰੀ ਪੰਡਿਤਾਂ ਦੀ ਧਾਰਮਿਕ ਸੁਤੰਤਰਤਾ ਦੀ ਰੱਖਿਆ ਵਾਸਤੇ ਪ੍ਰਾਣ ਦੇਣ ਹਿੱਤ ਦਿੱਤਾ ਵਿਸ਼ਵਾਸ ਸੀ। ਇਸੇ ਲਈ ਸ਼ਹਾਦਤ ਨਾਲ ਤਿਲਕ ਜਨੇਊ ਪਹਿਨਣ ਦੀ ਆਜ਼ਾਦੀ ਦਾ ਵਰਣਨ ਹੈ। ਇਸ ਸ਼ਹਾਦਤ ਵਿੱਚ ਕਿਸੇ ਵਿਸ਼ੇਸ਼ ਫ਼ਿਰਕੇ ਦੇ ਧਾਰਮਿਕ ਚਿੰਨ੍ਹਾਂ ਦੀ ਰੱਖਿਆ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਸੁਤੰਤਰ ਧਾਰਮਿਕ ਵਿਸ਼ਵਾਸਾਂ ਦੀ ਪ੍ਰਤੀਪਾਲਣਾ ਅਤੇ ਰੱਖਿਆ ਹੈ। ਇਸ ਲਾਸਾਨੀ ਸ਼ਹਾਦਤ ਦੇ ਘਟਨਾਕ੍ਰਮ ਦਾ ਵਰਣਨ 'ਬਚਿੱਤਰ ਨਾਟਕ' 'ਚ ਅੱਗੇ ਇੰਝ ਹੈ:

ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ।
ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ॥੧੫॥
ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥੧੬॥

'ਬਚਿੱਤਰ ਨਾਟਕ' ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਨੇ ਧਾਰਮਿਕ ਸੁਤੰਤਰਤਾ ਲਈ ਸਿਰ ਤਾਂ ਦਿੱਤਾ ਪਰ ਸਿਦਕ ਨਹੀਂ ਛੱਡਿਆ। ਉਨ੍ਹਾਂ ਦਾ ਸਿਰਰੁ ਪੱਕਾ ਸੀ। 'ਸਿਰਰੁ' ਅਤੇ 'ਸਿਰੜ' 'ਚ ਵੀ ਚਿਹਨਕੀ ਅੰਤਰ ਹੈ। ਸਿਰਰੁ (ਕਲਬ, ਰੂਹ, ਸਿਰਰੁ ਅਤੇ ਖ਼ਫ਼ੀ) ਸੂਫ਼ੀਆਂ ਦੀ ਉਹ ਅਧਿਆਤਮਕ ਅਵਸਥਾ ਹੈ ਜਿੱਥੇ ਪਾਰਗਾਮੀ ਰੂਪ 'ਚ ਸਭ ਨਿਹੋਂਦ ਹੈ। ਸਿਰੜ ਇਕ ਤਰ੍ਹਾਂ ਦੀ ਭੌਤਿਕ ਅਵਸਥਾ ਹੈ।

ਗੁਰੂ ਤੇਗ਼ ਬਹਾਦਰ ਜੀ ਨੇ ਮਾਨਵਤਾ ਦੇ ਜਨਮ ਸਿੱਧ ਧਾਰਮਿਕ ਅਧਿਕਾਰ ਦੀ ਸੁਰੱਖਿਆ ਹਿੱਤ ਸਰੀਰ ਦਾ ਭਾਂਡਾ (ਠੀਕਰ) ਦਿਲੀਸ (ਦਿੱਲੀ ਦੇ ਸਾਸ਼ਕ) ਭਾਵ ਔਰੰਗਜ਼ੇਬ ਦੇ ਸਿਰ ਭੰਨਿਆ। ਕਾਰਨ ਇਹ ਸੀ ਕਿ ਗੁਰੂ ਤੇਗ਼ ਬਹਾਦਰ ਜੀ ਵਿਭਿੰਨ ਧਾਰਮਿਕ ਮਾਨਤਾਵਾਂ ਅਤੇ ਭਾਵਨਾਵਾਂ ਨੂੰ ਇਕਸਮਾਨ ਮੰਨਦੇ ਸਨ ਜਦੋਂਕਿ ਤਤਕਾਲੀ ਸੱਤਾ ਸਾਰੇ ਧਾਰਮਿਕ ਵਿਚਾਰਾਂ ਨੂੰ ਇਕਸਾਰ ਕਰਨਾ ਚਾਹੁੰਦੀ ਸੀ। ਗੁਰੂ ਜੀ ਨੇ ਦਿੱਲੀ ਦੀ ਸੱਤਾ ਦੀ ਸੌੜੀ ਦ੍ਰਿਸ਼ਟੀ ਵਿਰੁੱਧ ਦੂਜੇ ਧਰਮ ਦੇ ਅਨੁਯਾਈਆਂ ਦੀਆਂ ਧਾਰਮਿਕ ਮਾਨਤਾਵਾਂ ਨੂੰ ਬਚਾਉਣ ਹਿੱਤ ਸ਼ਹਾਦਤ ਦੇ ਦਿੱਤੀ। ਅਜਿਹੀ ਸ਼ਹੀਦੀ ਦਾ ਕਾਰਜ ਮਾਨਵੀ ਇਤਿਹਾਸ 'ਚ ਪਹਿਲੀ ਵਾਰ ਹੋਇਆ।

'ਸ਼ਹਾਦਤ' ਦਾ ਸਿੱਖੀ ਸੰਕਲਪ ਬਾਕੀ ਧਰਮਾਂ ਤੋਂ ਭਿੰਨ ਅਤੇ ਵਿਲੱਖਣ ਚਿਹਨਕਤਾ ਦਾ ਧਾਰਨੀ ਹੈ। ਸ਼ਹਾਦਤ ਦੇ ਸਿੱਖੀ ਸੰਕਲਪ 'ਚ 'ਰੱਬ ਦੇ ਸੱਚ ਦੀ ਸ਼ਹਾਦਤ' ਦੀ ਪ੍ਰਬੁੱਧਤਾ ਹੈ। ਇਸ ਸ਼ਹਾਦਤ 'ਚ ਕਿਸੇ ਨਾਲ ਇੱਥੋਂ ਤੱਕ ਕਿ ਹਕੂਮਤ ਜਾਂ ਕਾਤਲ ਨਾਲ ਵੀ ਕੋਈ ਗਿਲਾ ਸ਼ਿਕਵਾ, ਕੋਈ ਲੜਾਈ ਨਹੀਂ। ਸਵੈ ਪੂਰੀ ਤਰ੍ਹਾਂ ਮਿਟ ਜਾਂਦਾ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਬਾਰੇ ਸਿੱਖ ਇਤਿਹਾਸਕਾਰ ਦੌਲਤ ਰਾਏ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ' ਵਿੱਚ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਸ਼ਹਾਦਤ ਦੇ ਕੇ 'ਉਲਟੀ ਗੰਗਾ ਵਹਾਅ ਦਿੱਤੀ'। ਇਸ ਦਾ ਭਾਵ ਹੈ ਕਿ ਅੱਜ ਤੱਕ ਇਤਿਹਾਸ 'ਚ ਕਾਤਲ ਮਕਤੂਲ ਕੋਲ ਜਾ ਕੇ ਉਸ ਨੂੰ ਕਤਲ ਕਰਦਾ ਰਿਹਾ ਹੈ, ਪਰ ਗੁਰੂ ਸਾਹਿਬ ਆਪ ਦਿੱਲੀ ਨੂੰ ਚੱਲ ਕੇ ਸ਼ਹਾਦਤ ਦੇਣ ਗਏ (ਠੀਕਰ ਫੋਰਿ ਦਿਲੀਸ ਸਿਰਿ)। ਕਸ਼ਮੀਰ ਦਾ ਹਾਕਮ ਇਫ਼ਤਿਖ਼ਾਰ ਖ਼ਾਂ ਕਸ਼ਮੀਰੀ ਪੰਡਿਤਾਂ 'ਤੇ ਜ਼ੁਲਮੋ ਸਿਤਮ ਦਾ ਕਹਿਰ ਢਾਅ ਰਿਹਾ ਸੀ ਤਾਂ ਕਿ ਕਸ਼ਮੀਰੀ ਪੰਡਿਤ ਧਰਮ ਬਦਲ ਲੈਣ। ਪੰਡਿਤ ਕਿਰਪਾ ਰਾਮ ਜੋ ਗੁਰੂ ਤੇਗ਼ ਬਹਾਦਰ ਦੀ ਕੋਲ ਬੇਨਤੀ ਲੈ ਕੇ ਆਇਆ, ਦਰਅਸਲ ਉਹ ਪੰਡਿਤ ਬ੍ਰਹਮ ਦਾਸ ਦਾ ਪੜਪੋਤਾ ਸੀ। ਇਹ ਪੰਡਿਤ ਬ੍ਰਹਮ ਦਾਸ ਹੀ ਕਸ਼ਮੀਰ ਵਿਖੇ ਮਟਨ ਦੇ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਦਾ ਸ਼ਿਸ਼ ਬਣਿਆ ਜਦੋਂ ਗੁਰੂ ਸਾਹਿਬ ਨੇ ਉੱਤਰ ਦਿਸ਼ਾ ਵੱਲ ਤੀਜੀ ਉਦਾਸੀ ਕੀਤੀ। ਇਸੇ ਪੰਡਿਤ ਕਿਰਪਾ ਰਾਮ ਨੇ ਬਾਅਦ ਵਿੱਚ ਸਿੰਘ ਸਜਕੇ ਗੁਰੂ ਗੋਬਿੰਦ ਸਿੰਘ ਸਮੇਂ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਇਸ ਤਰ੍ਹਾਂ ਸ਼ਹੀਦੀਆਂ ਦਾ ਇਤਿਹਾਸ ਸਿੱਖੀ ਵਿੱਚ ਪੀੜ੍ਹੀ ਦਰ ਪੀੜ੍ਹੀ ਵਿਕਸਤ ਹੁੰਦਾ ਗਿਆ। ਸਿੱਖ ਇਤਿਹਾਸ 'ਚ ਇਹ ਸੰਯੋਗ ਹੀ ਹੈ ਕਿ ਜਨੇਊ ਵਿਰੁੱਧ ਕਿਸੇ ਵੇਲੇ ਗੁਰੂ ਨਾਨਕ ਨੇ ਰੋਸ ਪ੍ਰਗਟ ਕੀਤਾ, ਓਥੇ ਜਨੇਊ ਦੀ ਰੱਖਿਆ ਹਿੱਤ ਗੁਰੂ ਤੇਗ਼ ਬਹਾਦਰ ਜੀ ਸੀਸ ਭੇਟ ਕਰ ਸ਼ਹਾਦਤ ਪ੍ਰਾਪਤ ਕਰਦੇ ਹਨ।

ਸਿੱਖ ਧਰਮ ਵਿਚ ਸ਼ਹਾਦਤ ਦੇ ਸੰਕਲਪ ਦਾ ਵੀ ਇੱਕ ਅਭਿਆਸ ਅਤੇ ਵਿਗਾਸ ਦਿਖਾਈ ਦਿੰਦਾ ਹੈ। ਵਿਚਾਰ ਜਾਂ ਆਦਰਸ਼ ਰੂਪ ਵਿੱਚ ਇਹ ਸ਼ਬਦ ਬਾਣੀ 'ਚ ਗੁਰੂਆਂ ਦੇ ਪੀੜ੍ਹੀ ਵਿਕਾਸ ਨਾਲ ਵਿਗਸਦਾ ਹੈ। ਗੁਰੂ ਨਾਨਕ ਦੇਵ ਜੀ ਇਸ ਨੂੰ ਆਪਣੇ ਢੰਗ ਨਾਲ ਕਹਿੰਦੇ ਹਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਗੁਰੂ ਅਰਜਨ ਦੇਵ ਜੀ ਇਸ ਸੰਕਲਪ ਨੂੰ ਆਪਣੇ ਸ਼ਬਦਾਂ 'ਚ ਇਉਂ ਪ੍ਰਗਟਾਉਂਦੇ ਹਨ:

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥

ਗੁਰੂ ਅਰਜਨ ਦੇਵ ਜੀ ਭਾਰਤ ਦੀ ਸਮਾਜਿਕ ਅਨੇਕਤਾ ਅਤੇ ਵਿਭਿੰਨਤਾ ਵੱਲ ਆਪਣੇ ਸ਼ਬਦ 'ਚ ਸੰਕੇਤ ਕਰਦੇ ਹਨ। ਭਾਵੇਂ ਇਹ ਸਮਾਜਿਕ ਪ੍ਰਾਣੀਆਂ ਦੇ ਬਾਹਰੀ ਭੇਦਾਂ ਅਤੇ ਸਰੂਪਾਂ ਬਾਰੇ ਹੈ ਅਤੇ ਅਸਲ ਭੇਦ ਹੁਕਮੁ ਨੂੰ ਪਛਾਣਨ 'ਚ ਹੈ, ਪਰ ਜੇਕਰ ਇਸ ਨੂੰ ਚਿਹਨਾਤਮਕਤਾ ਦੇ ਪੱਧਰ 'ਤੇ ਹੀ ਪ੍ਰਤੱਖਿਆ ਜਾਵੇ ਤਾਂ ਇਹ ਸਮਾਜ ਦੀ ਪ੍ਰਤੱਖ ਵਿਭਿੰਨਤਾ ਅਤੇ ਅਨੇਕਤਾ ਵੱਲ ਵੀ ਇਸ਼ਾਰਾ ਹੈ ਜਿਸ ਨੂੰ ਗੁਰੂ ਤੇਗ਼ ਬਹਾਦਰ ਦੇ ਸਮਕਾਲ 'ਚ ਸੱਤਾ ਆਪਣੇ ਢੰਗ ਨਾਲ ਇਕੋ ਰੰਗ ਰੂਪ 'ਚ ਬੰਨ੍ਹ ਕੇ ਇਕਸਾਰਤਾ ਤੇ ਇਕਰੂਪਤਾ ਦੇਣੀ ਚਾਹੁੰਦੀ ਸੀ। ਇਸ ਦਾ ਮਕਸਦ ਹਿੰਦੋਸਤਾਨ ਦੀ ਸਮਾਜਿਕ ਅਨੇਕਤਾ ਮਿਟਾਉਣਾ ਸੀ ਜਿਸ ਨੂੰ ਅਜੋਕੀ ਰਾਜਨੀਤੀ ਦੀ ਭਾਸ਼ਾ 'ਚ ਨਸਲਮੁਖੀ ਸਫ਼ਾਈ ਕਹਿੰਦੇ ਹਨ:

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥

ਇਸ ਸਮਾਜਿਕ, ਰਾਜਨੀਤਕ ਅਤੇ ਇਤਿਹਾਸਕ ਪ੍ਰਸੰਗ 'ਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਹਿੰਦੋਸਤਾਨੀ ਸਭਿਆਚਾਰਕ ਸਮਾਜਿਕ ਪਰੰਪਰਾ ਦੀ ਬਹੁਰੂਪਤਾ, ਅਨੇਕਤਾ ਅਤੇ ਬਹੁਲਤਾਵਾਦ ਨੂੰ ਸਮਕਾਲੀ ਰਾਜ ਸੱਤਾ ਵੱਲੋਂ ਇਕਸਾਰਤਾ 'ਚ ਪਰਿਵਰਤਤ ਕਰਨ ਖਿਲਾਫ਼ ਇੱਕ ਵੱਡਾ ਵਿਚਾਰਧਾਰਕ ਵਿਕਲਪ ਸਿਰਜਣ ਦਾ ਯਤਨ ਸੀ। ਇਸ ਪ੍ਰਸੰਗ 'ਚ ਫਰਾਂਸਿਸੀ ਦਾਰਸ਼ਨਿਕ ਵਾਲਤੇਅਰ ਆਪਣੇ ਵਿਚਾਰਾਂ 'ਤੇ ਪਹਿਰਾ ਦੇਣ ਦੇ ਸਬੰਧ 'ਚ ਕਹਿੰਦਾ ਹੈ: 'ਤੁਸੀਂ ਜੋ ਕਹਿ ਰਹੇ ਹੋ ਉਸ ਨਾਲ ਮੈਂ ਸਹਿਮਤ ਨਹੀਂ। ਜੋ ਮੈਂ ਕਹਿ ਰਿਹਾ ਹਾਂ ਉਸ 'ਤੇ ਮੈਂ ਮਰਦੇ ਦਮ ਤੱਕ ਖੜ੍ਹਾ ਰਹਾਂਗਾ।'

ਜੇ ਗੁਰੂ ਤੇਗ਼ ਬਹਾਦਰ ਆਪਣੀ ਸ਼ਹਾਦਤ ਨਾ ਦਿੰਦੇ ਤਾਂ ਸਾਰਾ ਹਿੰਦੋਸਤਾਨ ਹੀ ਇੱਕ ਰੰਗ ਦਾ ਹੋ ਜਾਣਾ ਸੀ। ਗੁਰੂ ਸਾਹਿਬ ਦੀ ਸ਼ਹਾਦਤ ਨੇ ਦੂਜੇ/ਹੋਰ ਦੀ ਪਹਿਚਾਣ ਨੂੰ ਸੁਰੱਖਿਅਤ ਅਤੇ ਇਸ ਦਾ ਸਨਮਾਨ ਕਰਨ ਦਾ ਸੰਦੇਸ਼ ਦਿੱਤਾ। ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਜੀਵਨ ਦਰਸ਼ਨ, ਵਿਚਾਰਧਾਰਕ ਫ਼ਲਸਫ਼ੇ ਅਤੇ ਵਿਵਹਾਰਕ ਜੀਵਨ ਵਿਚ ਉਨ੍ਹਾਂ ਵਿਚਾਰਾਂ ਦੀ ਰੱਖਿਆ ਵਿੱਚ ਆਪਣੀ ਸ਼ਹਾਦਤ ਨਾਲ ਇਹ ਸਥਾਪਿਤ ਕੀਤਾ ਹੈ ਕਿ 'ਧਰਮ ਹੇਤੁ' ਸਾਧਿਆ ਮਨ ਹੀ ਸੰਤੁਲਿਤ ਜੀਵਨ ਦਾ ਆਧਾਰ ਬਣਦਾ ਹੈ ਜੋ ਮੌਤ ਜਿਹੀ ਚੁਣੌਤੀ ਸਨਮੁੱਖ ਸ਼ਹਾਦਤ ਨੂੰ ਸਵੀਕਾਰ ਕਰਦਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਮਾਨਵਤਾ ਇੱਕ ਅਧੂਰਾ ਪ੍ਰੋਜੈਕਟ ਹੈ ਪਰ ਇਸ ਵਿੱਚ ਇਸ ਨੂੰ ਪੂਰੇ ਕੀਤੇ ਜਾ ਸਕਣ ਦੀਆਂ ਸੰਭਾਵਨਾਵਾਂ ਸਦਾ ਮੌਜੂਦ ਹੁੰਦੀਆਂ ਹਨ। ਦਰਕਾਰ ਸਿਰਫ਼ ਸ਼ਨਾਖ਼ਤ ਦੀ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205



ਪ੍ਰਮਿੰਦਰ ਸਿੰਘ
ਪ੍ਰਵਾਨਾ
510-415-9377

## ਸ਼ਹੀਦੀ ਦਿਵਸ 'ਤੇ ਵਿਸ਼ੇਸ਼ ਲੇਖ

# ਗੁਰੂ ਤੇਗ ਬਹਾਦਰ ਸਾਹਿਬ ਜੀ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ਹੇ ਭਾਈ, ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ ਲਾਜ ਛੱਡ ਕੇ ਹਉਮੈ ਦੂਰ ਕਰ ਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ ਉੱਤੇ, ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟਾ ਕੀਤਾ ਜਾਏ ਪਰ ਕੋਈ ਝਿਜਕ ਨਾਂਹ ਕੀਤੀ ਜਾਏ। ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ ਲਾਜ ਅਤੇ ਹਉਮੈ ਛੱਡੀ ਜਾਏ।

ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ 'ਤੇ ਰੱਖੀ ਗਈ ਹੈ। ਸਿੱਖ ਧਰਮ ਦਾ ਸੰਕਲਪ, ਮਨੁੱਖਤਾ ਦੀ ਭਲਾਈ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਹੈ। ਫਿਰ ਇਸ ਵਾਸਤੇ ਕੁਰਬਾਨੀ ਦੀ ਲੋੜ ਪਏ ਤਾਂ ਪਿੱਛੇ ਨਾ ਹਟਿਆ ਜਾਵੇ। ਸਿਰ ਧੜ ਦੀ ਬਾਜੀ ਲਗਾ ਕੇ ਸ਼ਹੀਦ ਹੋਣਾ ਹੈ। ਸਿੱਖ ਧਰਮ ਵਿੱਚ ਜ਼ੁਲਮ ਖ਼ਿਲਾਫ਼ ਜੂਝ ਕੇ ਸ਼ਹੀਦ ਹੋਣ ਦੀਆਂ ਬੇਮਿਸਾਲ ਲਾਸਾਨੀ ਸ਼ਹੀਦੀਆਂ ਦਰਜ਼ ਹਨ।

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਲਈ ਅਤੇ ਰੱਖਿਆ ਲਈ ਹਮੇਸ਼ਾ ਸਿੰਘਾਂ ਨੇ ਅਜਿਹੀਆਂ ਸ਼ਹਾਦਤਾਂ ਦਿੱਤੀਆਂ ਹਨ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ। ਦੁਨੀਆਂ ਦੇ ਇਤਿਹਾਸ ਵਿੱਚ ਕਿਸੇ ਆਦਰਸ਼ ਲਈ ਸ਼ਹੀਦ ਹੋਣ ਦੀ ਪ੍ਰੰਪਰਾ ਹੈ। ਉਸੇ ਪ੍ਰੰਪਰਾਗਤ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਮਿਸਾਲ ਹੈ।

ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਤੋਂ ਸਿੱਖ ਇਤਿਹਾਸ ਵਿੱਚ ਸ਼ਹੀਦੀਆਂ ਦਾ ਦੌਰ ਸ਼ੁਰੂ ਹੁੰਦਾ ਹੈ, ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵੱਧਦੀ ਤਾਕਤ ਤੋਂ ਖਤਰਾ ਜਾਪਣ ਲੱਗਿਆ, ਟਕਰਾਓ ਲਾਜ਼ਮੀ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਕੌਮ ਤੇ ਆਉਣ ਵਾਲੇ ਖ਼ਤਰਿਆਂ ਲਈ ਕੌਮ ਨੂੰ ਤਿਆਰ ਹੋਣ ਲਈ ਆਪਣੀ ਸ਼ਹਾਦਤ ਦੀ ਮਿਸਾਲ ਦਿੱਤੀ।

ਇਸੇ ਸਿਲਸਿਲੇ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਨੂੰ ਮਾਤਾ ਨਾਨਕੀ ਅਤੇ ਗੁਰਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇੱਕ ਭੈਣ ਤੋਂ ਛੋਟੇ ਸਨ। ਆਪ ਜੀ ਨੇ 9 ਸਾਲ ਤਕ ਦੀ ਉਮਰ ਅੰਮ੍ਰਿਤਸਰ ਵਿੱਚ ਗੁਜ਼ਾਰੀ। ਆਪ ਸੰਤ ਸੁਭਾਅ, ਗੰਭੀਰ ਵਿਚਾਰਾਂ ਵਾਲੇ, ਨਿਡਰ, ਬਹਾਦਰ ਅਤੇ ਤਿਆਗੀ ਸਨ। ਆਪ ਜੀ ਨੇ ਗੁਰਬਾਣੀ ਅਤੇ ਪ੍ਰਭੂ ਪਿਆਰ ਵਿੱਚ ਲੀਨ ਹੋ ਕੇ ਆਪਣੀਆਂ ਖ਼ਾਹਸ਼ਾਂ 'ਤੇ ਕਾਬੂ ਪਾ ਲਿਆ ਸੀ। ਗੁਰਮਤਿ ਵਿਦਿਆ ਦੇ ਨਾਲ ਨਾਲ ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਵਿੱਚ ਵੀ ਨਿਪੁੰਨ ਸਨ। ਗੁਰਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਲੜੀ ਕਰਤਾਰਪੁਰ ਦੀ ਜੰਗ ਵਿੱਚ ਆਪ ਨੇ ਬਹਾਦਰੀ ਦੇ ਅਜਿਹੇ ਜੌਹਰ ਵਿਖਾਏ ਕਿ ਆਪ ਜੀ ਦਾ ਨਾਉਂ ਤਿਆਗ ਮਲ ਤੋਂ ਤੇਗ ਬਹਾਦਰ ਹੋ ਗਿਆ। ਆਪ ਜੀ ਦਾ ਵਿਆਹ ਕਰਤਾਰਪੁਰ ਜਲੰਧਰ ਨਿਵਾਸੀ, ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ 22 ਦਸੰਬਰ 1666 ਨੂੰ ਹੋਇਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵੇਲੇ ਆਪਣੇ ਤੋਂ ਬਾਅਦ ਗੁਰੂ ਬਾਰੇ 'ਬਾਬਾ ਵੱਸੇ ਗਰਾਮ ਬਕਾਲੇ' ਦਾ ਇਸ਼ਾਰਾ ਕੀਤਾ। ਇਸ ਨੂੰ ਇੱਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਬੈਠੇ। ਅੰਤ ਮੱਖਣ ਸ਼ਾਹ ਲੁਬਾਣਾ ਸਿੱਖ ਨੇ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰੂ ਹੋਣ ਦਾ ਭੇਦ ਖੋਲ੍ਹਿਆ। ਆਪ ਜੀ ਨੇ ਪ੍ਰਚਾਰਕ ਦੌਰੇ ਆਰੰਭ ਕੀਤੇ। ਅਨੰਦਪੁਰ ਨਗਰ ਵਸਾਇਆ। ਸਮਕਾਲੀ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਗੈਰ ਮੁਸਲਮਾਨਾਂ ਤੇ ਜਬਰੀ ਧਰਮ ਪ੍ਰੀਵਰਤਨ ਦੀ ਖ਼ੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਤੇ ਮੁਸਲਮਾਨ ਬਣਨ ਲਈ ਤਸ਼ੱਦਦ ਕਰਦਾ ਸੀ। ਇਸ ਵਿਦਰੋਹ ਵਿੱਚ ਔਰੰਗਜ਼ੇਬ ਦੇ ਸਤਾਏ ਹੋਏ ਕਸ਼ਮੀਰੀ ਪੰਡਿਤ, ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਸਾਹਿਬ ਜੀ ਦੀ ਸ਼ਰਨ ਹੇਠ ਆਏ ਅਤੇ ਫ਼ਰਿਆਦ ਕੀਤੀ ਕਿ ਧਰਮ ਦੀ ਰੱਖਿਆ ਕਰੋ। ਸਮਰੱਥ ਗੁਰੂ ਜਾਣ ਗਏ ਸਨ ਕਿ ਔਰੰਗਜ਼ੇਬ ਨੇ ਜ਼ੁਲਮ ਦੀ ਹੱਦ ਮੁਕਾ ਦਿੱਤੀ ਹੈ। ਗੁਰੂ ਸਾਹਿਬ ਜੀ ਨੇ ਦ੍ਰਿੜ੍ਹ ਕਰਵਾਇਆ ਕਿ ਨਾ ਕਿਸੇ ਨੂੰ ਡਰਾਉ, ਨਾ ਕਿਸੇ ਤੋਂ ਡਰੋ। ਔਰੰਗਜ਼ੇਬ ਨੇ ਗੁਰੂ ਸਾਹਿਬ ਜੀ ਨੂੰ ਤਲਬ ਕਰ ਲਿਆ।

ਗੁਰੂ ਸਾਹਿਬ ਜੀ ਨੂੰ ਆਗਰੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਫ਼ੌਜ ਦੀ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਗੁਰੂ ਸਾਹਿਬ ਜੀ ਨੇ ਨਾਲ ਗਏ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਨੂੰ ਵੀ ਕੈਦ ਕਰ ਲਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਸਾਹਿਬ ਜੀ ਨੂੰ ਇਸਲਾਮ ਕਬੂਲ ਕਰ ਲੈਣ ਦੇ ਲਾਲਚ ਦਿੱਤੇ ਗਏ, ਫਿਰ ਡਰਾਵੇ ਅਤੇ ਕਤਲ ਕਰ ਦੇਣ ਦੀ ਧਮਕੀ ਦਿੱਤੀ ਗਈ। ਮੌਤ ਦੀ ਦਹਿਸ਼ਤ ਵਿਖਾ ਕੇ ਭੈਭੀਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ। ਭਾਈ ਦਿਆਲਾ ਜੀ ਨੂੰ ਉਬਲਦੀ ਵਲਟੋਹੀ ਵਿੱਚ ਸ਼ਹੀਦ ਕੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸਾੜਦਿਆਂ ਸ਼ਹੀਦ ਕੀਤਾ। ਗੁਰੂ ਸਾਹਿਬ ਜੀ ਅਡੋਲ ਰਹੇ। ਇਹ ਅਣ ਮਨੁੱਖੀ ਤਸ਼ੱਦਦ ਵੀ ਗੁਰੂ ਸਾਹਿਬ ਜੀ ਦੇ ਨਿਸਚੈ ਨੂੰ ਡੋਗ ਨਹੀਂ ਸਕਿਆ।

ਗੁਰੂ ਸਾਹਿਬ ਜੀ ਨੂੰ ਕੈਦ ਕਰ ਲਿਆ ਗਿਆ। ਅੰਤ ਸਰਕਾਰੀ ਹਾਕਮਾਂ, ਕਾਜ਼ੀ, ਮੌਲਵੀ ਨੇ ਗੁਰੂ ਸਾਹਿਬ ਜੀ ਨੂੰ ਬਾਦਸ਼ਾਹ ਔਰੰਗਜ਼ੇਬ ਦਾ ਹੁਕਮ ਸੁਣਾਇਆ ਕਿ ਕਲਮਾਂ ਪੜ੍ਹੋ ਅਤੇ ਮੁਸਲਮਾਨ ਹੋ ਜਾਵੋ। ਕਰਾਮਾਤਾਂ ਦਿਖਾਓ ਜਾਂ ਮਰਨ ਲਈ ਤਿਆਰ ਹੋ ਜਾਵੋ।

ਗੁਰੂ ਸਾਹਿਬ ਨੇ ਸ਼ਾਂਤ ਚਿੱਤ ਉੱਤਰ ਦਿੱਤਾ ਕਿ ਅਸਾਂ ਨਾ ਆਪਣਾ ਧਰਮ ਛੱਡਣਾ ਹੈ ਅਤੇ ਨਾ ਕੋਈ ਕਰਾਮਾਤ ਵਿਖਾਉਣੀ ਹੈ। ਅਸੀਂ ਮੌਤ ਦੀ ਸਜ਼ਾ ਲਈ ਤਿਆਰ ਹਾਂ। ਸਮਾਣੇ ਦੇ ਸੱਯਦ ਜਲਾਲਦੀਨ ਜਲਾਦ ਨੇ ਤਲਵਾਰ ਨਾਲ ਵਾਰ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਸੀਸ ਧੜ ਨਾਲੋਂ ਅਲਗ ਕਰਕੇ 24 ਨਵੰਬਰ 1675 ਨੂੰ ਸ਼ਹੀਦ ਕਰ ਦਿੱਤਾ। ਜਿਥੇ ਗੁਰਦੁਆਰਾ ਸੀਸ ਗੰਜ ਦਿੱਲੀ ਸੁਸ਼ੋਭਿਤ ਹੈ। ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨਾਲ ਦਿੱਲੀ ਵਿੱਚ ਹਾਹਾਕਾਰ ਮੱਚ ਗਈ। ਔਰੰਗਜ਼ੇਬ ਦਾ ਹੁਕਮ ਸੀ ਕਿ ਗੁਰੂ ਸਾਹਿਬ ਜੀ ਦੇ ਸਰੀਰ ਦੇ ਟੁਕੜੇ ਟੁਕੜੇ ਕਰ ਕੇ ਸ਼ਹਿਰ ਦੇ ਚਾਰ ਦਰਵਾਜ਼ਿਆਂ 'ਤੇ ਥਾਂ ਥਾਂ ਲਟਕਾ ਦਿੱਤਾ ਜਾਵੇ। ਔਰੰਗਜ਼ੇਬ ਦੇ ਜ਼ੁਲਮ ਨੂੰ ਵੇਖ ਕੇ ਲੋਕ ਕਰਾਹ ਉੱਠੇ ਕਿ ਇੱਕ ਸੰਤ ਨੂੰ ਕਿਵੇਂ ਬੇਰਹਿਮੀ ਨਾਲ ਸ਼ਹੀਦ ਕੀਤਾ ਹੈ। ਲੋਕਾਂ ਵਿੱਚ ਭਗਦੜ ਮੱਚ ਗਈ। ਸ਼ਰਧਾਲੂ ਸਿੱਖ ਭਾਈ ਜੈਤਾ ਜੀ (ਜੀਵਨ ਸਿੰਘ ਰੰਗਰੇਟਾ) ਨੇ ਗੁਰੂ ਸਾਹਿਬ ਜੀ ਦੇ ਸੀਸ ਨੂੰ ਸੰਭਾਲ ਕੇ ਆਨੰਦਪੁਰ ਸਾਹਿਬ ਪਹੁੰਚਾਇਆ। ਉੱਥੇ ਗੁਰੂ ਸਾਹਿਬ ਦੇ ਸੀਸ ਦਾ ਸੰਸਕਾਰ ਕੀਤਾ ਗਿਆ, ਜਿਥੇ ਗੁਰਦੁਆਰਾ ਸੀਸ ਗੰਜ ਅਨੰਦਪੁਰ ਸਾਹਿਬ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ ਕਿਹਾ ਕਿ ਰੰਗਰੇਟਾ ਗੁਰੂ ਕਾ ਬੇਟਾ। ਭਾਈ ਲੱਖੀ ਸ਼ਾਹ ਵਣਜਾਰੇ ਅਤੇ ਭਾਈ ਊਦੇ ਸਿੰਘ ਜੀ ਨੇ ਵਿਉਂਤ ਬਣਾ ਕੇ ਗੁਰੂ ਤੇਗ ਬਹਾਦਰ ਜੀ ਦੇ ਧੜ ਨੂੰ ਇੱਕ ਰੂੰ ਨਾਲ ਲੱਦੇ ਗੱਡੇ ਵਿੱਚ ਸੰਭਾਲ ਲਿਆ। ਵਣਜਾਰਾ ਨੇ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਆਪਣਾ ਘਰ ਸਾੜ ਕੇ ਕੀਤਾ ਤਾਂ ਕਿ ਸਰਕਾਰ ਨੂੰ ਖ਼ਬਰ ਨਾ ਹੋਵੇ। ਉੱਥੇ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ। ਮਾਰਚ 29, 1676 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੇ ਦਸਵੇਂ ਗੁਰੂ ਵਜੋਂ ਜਿੰਮੇਵਾਰੀ ਸੰਭਾਲ ਲਈ।

ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਸੰਸਾਰ ਵਿੱਚ ਵਿਲੱਖਣ ਹੈ। ਇਹ ਕੁਰਬਾਨੀ ਮਾਨਵਤਾ ਨੂੰ ਬਚਾਉਣ ਹਿੱਤ ਦਿੱਤੀ ਗਈ ਹੈ। ਇਸ ਗੌਰਵਮਈ ਕੁਰਬਾਨੀ ਨੇ ਸੰਸਾਰ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਦੀ ਰੱਖਿਆ ਲਈ ਮਰ ਮਿਟਣ ਦਾ ਜਜ਼ਬਾ ਭਰਦੀ ਹੈ। ਗੁਰੂ ਸਾਹਿਬ ਜੀ ਦੀ ਸ਼ਹਾਦਤ ਨੇ ਮਜਲੂਮਾਂ, ਨਿਤਾਣਿਆਂ ਅਤੇ ਨਿਮਾਣਿਆਂ ਦੇ ਹਿਰਦੇ ਵਿੱਚ ਜ਼ੁਲਮ ਵਿਰੁੱਧ ਲੜਨ ਦਾ ਜੋਸ਼ ਭਰਿਆ ਹੈ। ਆਪ ਜੀ ਦੀ ਕੁਰਬਾਨੀ ਸਿੱਖ ਕੌਮ ਲਈ ਹਮੇਸ਼ਾ ਪ੍ਰੇਰਣਾ ਸਰੋਤ ਹੈ।



ਗੁਰੂ ਤੇਗ ਬਹਾਦਰ ਜੀ ਦੇ ਜੀਵਨ ਆਦਰਸ਼ ਦਾ ਇੱਕ ਪਹਿਲੂ ਉਹਨਾਂ ਦੀ ਸ਼ਹੀਦੀ ਅਤੇ ਦੂਸਰਾ ਉਹਨਾਂ ਦੀ ਗੁਰਬਾਣੀ ਰਚਨਾ ਹੈ। ਜੋ ਗੁਰੂ ਗਰੰਥ ਸਾਹਿਬ ਜੀ ਵਿੱਚ ਦਰਜ ਹੈ। ਜੋ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1706 ਵਿੱਚ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਦਰਜ ਕੀਤੀ ਗਈ। ਆਪ ਜੀ ਦੀ ਬਾਣੀ ਵਿੱਚ 59 ਪਦੇ (15 ਰਾਗਾਂ) ਵਿੱਚ ਅਤੇ 57 ਸਲੋਕ ਦਰਜ਼ ਹਨ ਕਿ ਇਹ ਰਚਨਾ ਪਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿੱਚ ਉਹ ਆਪ ਹੀ ਵਸਦਾ ਹੈ। ਆਪ ਜੀ ਦੀ ਬਾਣੀ ਦੁਨਿਆਵੀ ਮਾਇਆ ਨਾਲੋਂ ਤੋੜ ਕੇ ਨਾਮ ਨਾਲ ਜੋੜਦੀ ਹੈ। ਦੋ ਜੀਵਨ ਸਥਿਤੀਆਂ ਸਮਾਨ ਅੰਤਰ ਇੱਕ ਮਾਇਆ ਅਤੇ ਦੂਸਰਾ ਪਰਮਾਤਮਾ। ਪਹਿਲੀ ਸਥਿਤੀ ਸੰਸਾਰਕ ਹੈ, ਜਿਸ ਵਿੱਚ ਧੰਨ ਸੰਪਤੀ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਪ੍ਰਵਿਰਤੀ ਹੈ। ਦੂਸਰੀ ਸਥਿਤੀ ਵਿੱਚ ਸੰਸਾਰ ਦੇ ਮੋਹ ਤੋਂ ਛੁਟਕਾਰਾ ਪਾ ਕੇ ਪਰਮਾਤਮਾ ਨੂੰ ਪਾਉਣਾ ਹੈ। ਨਾਮ ਦੁਆਰਾ ਮੁਕਤੀ ਦਾ ਰਾਹ ਹੈ। ਮਨੁੱਖ ਸੰਸਾਰਕ ਵਸਤੂਆਂ ਨੂੰ ਹੀ ਪੂਰਨ ਸਮਝਣ ਲੱਗਦਾ ਹੈ। ਉਹਨਾਂ ਦਾ ਗੁਲਾਮ ਬਣ ਜਾਂਦਾ ਹੈ। ਜੀਵਨ ਵਿਅਰਥ ਹੋ ਕੇ ਰਹਿ ਜਾਂਦਾ ਹੈ। ਸੁੱਖਾਂ ਦੀ ਤਲਾਸ਼ ਵਿੱਚ ਭਟਕਦਾ ਹੈ। ਗੁਰੂ ਸਾਹਿਬ ਜੀ ਇਹਨਾਂ ਦੋਹਾਂ ਪ੍ਰਸਥਿਤੀਆਂ ਤੋਂ ਸੁਚੇਤ ਕਰਦੇ ਹਨ। ਨਾਮ ਨਾਲ ਜੋੜਦੇ ਹਨ। ਮਨੁੱਖ ਕੰਚਨ ਅਤੇ ਕਾਮਨੀ ਵਿੱਚ ਡੁੱਬ ਕੇ ਰਹਿ ਜਾਂਦਾ ਹੈ। ਹੋਰ ਗੁਰਬਾਣੀ ਵੇਰਵੇ ਹਨ:

ਹੇ ਭਾਈ, ਇਹ ਮਨ ਰਤਾ ਭਰ ਵੀ ਮੇਰਾ ਕਿਹਾ ਨਹੀਂ ਮੰਨਦਾ। ਮੈਂ ਆਪਣੇ ਵੱਲੋਂ ਇਸ ਨੂੰ ਸਿੱਖਿਆ ਦੇ ਕੇ ਥੱਕ ਗਿਆ ਹਾਂ। ਫਿਰ ਵੀ ਇਹ ਖੋਟੀ ਮੱਤ ਵੱਲੋਂ ਹਟਦਾ ਨਹੀਂ।

ਹੇ ਭਾਈ ਮਾਇਆ ਦੇ ਨਸ਼ੇ ਵਿੱਚ ਮਨ ਝੱਲਾ ਹੋਇਆ ਪਿਆ ਹੈ। ਕਦੇ ਇਹ ਪਰਮਾਤਮਾ ਦੀ ਸਿਫ਼ਤ ਸਲਾਹ ਦੀ ਬਾਣੀ ਨਹੀਂ ਉਚਾਰਦਾ। ਵਿਖਾਵਾ ਕਰਕੇ ਦੁਨੀਆਂ ਨੂੰ ਠੱਗਦਾ ਰਹਿੰਦਾ ਹੈ। ਠੱਗੀ ਨਾਲ ਇਕੱਠੇ ਕੀਤੇ ਧੰਨ ਦੇ ਰਾਹੀਂ ਆਪਣਾ ਪੇਟ ਭਰਦਾ ਰਹਿੰਦਾ ਹੈ। ਹੇ ਭਾਈ ਕੁੱਤੇ ਦੀ ਪੂਛਲ ਵਾਂਗ ਇਹ ਮਨ ਕਦੇ ਵੀ ਸਿੱਧਾ ਨਹੀਂ ਹੁੰਦਾ। ਕਿਸੇ ਦੀ ਵੀ ਦਿੱਤੀ ਸਿੱਖਿਆ ਨੂੰ ਧਿਆਨ ਨਾਲ ਨਹੀਂ ਸੁਣਦਾ। ਹੇ ਨਾਨਕ, ਮੁੜ ਇਸ ਨੂੰ ਆਖ ਹੇ ਮਨ ਪਰਮਾਤਮਾ ਦੇ ਨਾਮ ਦਾ ਭਜਨ ਕਰਿਆ ਕਰ, ਜਿਸਦੀ ਬਰਕਤ ਨਾਲ ਤੇਰਾ ਜਨਮ ਮਨੋਰਥ ਹਲ ਹੋ ਜਾਵੇ।

ਮਨੁੱਖ ਨੂੰ ਪਰਮਾਤਮਾ ਦੇ ਭਾਣੇ ਵਿੱਚ ਰਹਿਣਾ ਚਾਹੀਦਾ ਹੈ। ਹੇ ਭਾਈ, ਜਿਹੜਾ ਮਨੁੱਖ ਦੁੱਖਾਂ ਵਿੱਚ ਘਬਰਾਉਂਦਾ ਨਹੀਂ, ਜਿਸ ਮਨੁੱਖ ਦੇ ਹਿਰਦੇ ਵਿੱਚ ਸੁੱਖਾਂ ਨਾਲ ਮੋਹ ਨਹੀਂ। ਕਿਸੇ ਕਿਸਮ ਦਾ ਡਰ ਨਹੀਂ। ਜਿਹੜਾ ਮਨੁੱਖ ਸੋਨੇ ਨੂੰ ਮਿੱਟੀ ਸਮਾਨ ਸਮਝਦਾ ਹੈ। ਉਸ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ।

ਹੇ ਭਾਈ ਜਿਸ ਮਨੁੱਖ ਦੇ ਅੰਦਰ ਕਿਸੇ ਦੀ ਚੁਗਲੀ ਬੁਰਾਈ ਨਹੀਂ। ਕਿਸੇ ਦੀ ਖ਼ੁਸ਼ਮੰਦ ਨਹੀਂ, ਜਿਸ ਦੇ ਅੰਦਰ ਨਾ ਲੋਭ ਹੈ ਨਾ ਹੰਕਾਰ ਹੈ। ਜਿਹੜਾ ਮਨੁੱਖ ਖੁਸ਼ੀ ਅਤੇ ਗਮੀ ਤੋਂ ਨਿਰਲੇਪ ਰਹਿੰਦਾ ਹੈ। ਜਿਸ ਨੂੰ ਨਾ ਆਦਰ ਪੋਹ ਸਕਦਾ ਹੈ, ਨਾ ਨਰਾਦਰੀ। ਉਸ ਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਹੇ ਭਾਈ, ਜਿਹੜਾ ਮਨੁੱਖ ਆਸਾਂ ਉਮੀਦਾਂ ਸਭ ਤਿਆਗ ਦਿੰਦਾ ਹੈ। ਜਗਤ ਤੋਂ ਨਿਰਮੋਹ ਰਹਿੰਦਾ ਹੈ। ਜਿਸ ਮਨੁੱਖ ਨੂੰ ਨਾ ਕਾਮ ਵਾਸਨਾ ਛੋਹ ਸਕਦੀ ਹੈ। ਨਾ ਕ੍ਰੋਧ ਛੋਹ ਸਕਦਾ ਹੈ। ਉਸ ਮਨੁੱਖ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਪਰ ਹੇ ਨਾਨਕ, ਜਿਸ ਮਨੁੱਖ ਉੱਤੇ ਗੁਰੂ ਨੇ ਮਿਹਰ ਕੀਤੀ ਹੈ, ਉਸਨੇ ਹੀ ਜੀਵਨ ਦੀ ਇਹ ਜਾਚ ਸਮਝੀ ਹੈ। ਉਹ ਮਨੁੱਖ ਪਰਮਾਤਮਾ ਨਾਲ ਇਉਂ ਇੱਕ ਮਿੱਕ ਹੋ ਜਾਂਦਾ ਹੈ, ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ।

ਪਰਮਾਤਮਾ ਤਾਂ ਮਨੁੱਖ ਦੇ ਹਿਰਦੇ ਵਿੱਚ ਵਸਦਾ ਹੈ। ਹੇ ਭਾਈ ਪਰਮਾਤਮਾ ਨੂੰ ਲੱਭਣ ਵਾਸਤੇ ਜੰਗਲਾਂ ਵਿੱਚ ਕਿਉਂ ਜਾਂਦਾ ਹੈ? ਪਰਮਾਤਮਾ ਸਭ ਵਿੱਚ ਵੱਸਣ ਵਾਲਾ ਹੈ। ਫਿਰ ਵੀ ਸਦਾ ਮਾਇਆ ਦੇ ਪ੍ਰਭਾਵ ਤੋਂ ਨਿਰਪੇਖ ਰਹਿੰਦਾ ਹੈ। ਉਹ ਪਰਮਾਤਮਾ ਤੇਰੇ ਨਾਲ ਹੀ ਵਸਦਾ ਹੈ। ਹੇ ਭਾਈ। ਫੁੱਲ ਦੀ ਸੁੰਗਧੀ ਜਿਵੇਂ ਫੁੱਲ ਵਿੱਚ ਹੀ ਵਸਦੀ ਹੈ, ਜਿਵੇਂ ਸ਼ੀਸ਼ਾ ਵੇਖਣ ਵਾਲੇ ਦਾ ਅਕਸ ਵੱਸਦਾ ਹੈ। ਤਿਵੇਂ ਪਰਮਾਤਮਾ ਇੱਕ ਰਸ ਸਭਨਾਂ ਦੇ ਅੰਦਰ ਵਸਦਾ ਹੈ। ਇਸ ਵਾਸਤੇ ਉਸ ਨੂੰ ਆਪਣੇ ਹਿਰਦੇ ਵਿੱਚ ਲੱਭ। ਹੇ ਭਾਈ ਗੁਰੂ ਦਾ ਆਤਮਕ ਜੀਵਨ ਦਾ ਉਪਦੇਸ਼ ਇਹ ਦੱਸਦਾ ਹੈ ਕਿ ਆਪਣੇ ਸਰੀਰ ਦੇ ਅੰਦਰ ਅਤੇ ਆਪਣੇ ਸਰੀਰ ਤੋਂ ਬਾਹਰ ਹਰ ਥਾਂ ਇੱਕ ਪਰਮਾਤਮਾ ਨੂੰ ਵਸਦਾ ਸਮਝੋ। ਹੇ ਦਾਸ ਨਾਨਕ ਆਪਣਾ ਆਤਮਿਕ ਜੀਵਨ ਪ੍ਰੱਖਣ ਤੋਂ ਬਿਨਾਂ ਮਨ ਉੱਤੋਂ ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ। ਤੇ ਉਤਨਾ ਚਿਰ ਸਰਬ ਵਿਆਪਕ ਪਰਮਾਤਮਾ ਦੀ ਸੂਝ ਨਹੀਂ ਆ ਸਕਦੀ।

ਜਦੋਂ ਪਰਮਾਤਮਾ ਨਾਲ ਸਾਂਝ ਪੈ ਜਾਂਦੀ ਏ ਤਾਂ ਡਰ ਮੁੱਕ ਜਾਂਦਾ ਹੈ। ਹੇ ਨਾਨਕ ਆਖ – ਹੇ ਮਾਨ ਸੁਣ ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵੇ ਨਹੀਂ ਦਿੰਦਾ ਅਤੇ ਕਿਸੇ ਦੇ ਡਰਾਵੇ ਨਹੀਂ ਮੰਨਦਾ। ਡਰਾਵਿਆਂ ਤੋਂ ਘਬਰਾਉਂਦਾ ਨਹੀਂ, ਉਸ ਨੂੰ ਆਤਮਿਕ ਜੀਵਨ ਦੀ ਸੂਝ ਵਾਲਾ ਸਮਝ।

ਹੇ ਨਾਨਕ, ਆਖ ਹੇ ਭਾਈ ਜਿਸ ਮਨੁੱਖ ਦਾ ਮਨ ਹਰ ਵੇਲੇ ਮਾਇਆ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ, ਜਿਸ ਨੂੰ ਪਰਮਾਤਮਾ ਦਾ ਨਾਮ ਸਦਾ ਭੁਲਾ ਰਹਿੰਦਾ ਹੈ। ਦੱਸੋ ਪਰਮਾਤਮਾ ਦੇ ਭਜਨ ਤੋਂ ਬਿਨਾਂ ਉਸਦਾ ਜਿਉਣਾ ਕਿਸ ਕੰਮ?

ਹੇ ਨਾਨਕ, ਆਖ ਹੇ ਭਾਈ ਜਿਸ ਮਨੁੱਖ ਦਾ ਮਨ ਹਰ ਵੇਲੇ ਮਾਇਆ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ, ਜਿਸ ਨੂੰ ਪਰਮਾਤਮਾ ਦਾ ਨਾਮ ਸਦਾ ਭੁਲਾ ਰਹਿੰਦਾ ਹੈ। ਦਸ ਪਰਮਾਤਮਾ ਦੇ ਭਜਨ ਤੋਂ ਬਿਨਾ ਉਸਦਾ ਜਿਉਣਾ ਕਿਸ ਕੰਮ?

ਹੇ ਨਾਨਕ ਆਖ ਹੇ ਮਨ ਜੋ ਕੁਝ ਪਰਮਾਤਮਾ ਨੂੰ ਚੰਗਾ ਲੱਗਦਾ ਹੈ, ਜਰੂਰ ਉਹ ਹੀ ਹੁੰਦਾ ਹੈ। ਜੀਵ ਭਾਵੇਂ ਸੁੱਖਾਂ ਦੀ ਪ੍ਰਾਪਤੀ ਵਾਸਤੇ ਅਨੇਕਾਂ ਯਤਨ ਕਰਦਾ ਰਹਿੰਦਾ ਹੈ। ਦੁੱਖਾਂ ਵਾਸਤੇ ਯਤਨ ਨਹੀਂ ਕਰਦਾ। ਪਰ ਫਿਰ ਵੀ ਰਜਾ ਅਨੁਸਾਰ ਦੁੱਖ ਭੀ ਆ ਹੀ ਪੈਂਦੇ ਹਨ। ਸੁੱਖ ਭੀ ਤਦੋਂ ਹੀ ਮਿਲਦਾ ਹੈ, ਜਦੋਂ ਪ੍ਰਭੂ ਦੀ ਰਜ਼ਾ ਹੋਵੇ।

ਹੇ ਭਾਈ ਪ੍ਰਭੂ ਦੇ ਨਾਮ ਤੋਂ ਵਿੱਛੜ ਕੇ ਜਦੋਂ ਮਾਇਆ ਦੇ ਮੋਹ ਦੀਆਂ ਫਾਹੀਆਂ ਮਨੁੱਖ ਨੂੰ ਆ ਪੈਂਦੀਆਂ ਹਨ, ਉਹਨਾਂ ਫਾਹੀਆਂ ਨੂੰ ਕੱਟਣ ਲਈ ਮਨੁੱਖ ਦੇ ਅੰਦਰੋਂ ਆਤਮਿਕ ਤਾਕਤ ਮੁੱਕ ਜਾਂਦੀ ਹੈ। ਮਾਇਆ ਦਾ ਟਾਕਰਾ ਕਰਨ ਲਈ ਮਨੁੱਖ ਪਾਸੋਂ ਕੋਈ ਵੀ ਹੀਲਾ ਨਹੀਂ ਕੀਤਾ ਜਾ ਸਕਦਾ। ਹੇ ਨਾਨਕ, ਆਖ ਹੇ ਹਰੀ, ਇਹੋ ਜਿਹੇ ਵੇਲੇ ਹੁਣ ਤੇਰਾ ਹੀ ਆਸਰਾ ਹੈ। ਕਿਵੇਂ ਤੂੰ ਤੇਂਦੂਏ ਤੋਂ ਛਡਾਉਣ ਲਈ ਹਾਥੀ ਦਾ ਸਹਾਈ ਬਣਿਆ ਤਿਵੇਂ ਸਹਾਈ ਬਣ ਭਾਵ ਮਾਇਆ ਦੇ ਮੋਹ ਦੇ ਬੰਧਨਾ ਤੋਂ ਖ਼ਲਾਸੀ ਹਾਸਲ ਕਰਨ ਲਈ ਪਰਮਾਤਮਾ ਦੇ ਦਰ 'ਤੇ ਅਰਦਾਸ ਹੀ ਇੱਕ ਵਸੀਲਾ ਹੈ। ਹੇ ਭਾਈ ਜਦੋਂ ਮਨੁੱਖ ਪ੍ਰਭੂ ਦੇ ਦਰ ਤੇ ਡਿੱਗਦਾ ਹੈ ਤਾਂ ਮਾਇਆ ਦਾ ਟਾਕਰਾ ਕਰਨ ਲਈ ਉਸ ਦੇ ਅੰਦਰ ਆਤਮਿਕ ਬਲ ਪੈਦਾ ਹੋ ਜਾਂਦਾ ਹੈ। ਮਾਇਆ ਦੇ ਮੋਹ ਦੇ ਬੰਧਨ ਟੁੱਟ ਜਾਂਦੇ ਹਨ। ਮੋਹ ਦਾ ਟਾਕਰਾ ਕਰਨ ਲਈ ਹਰੇਕ ਹੀਲਾ ਸਫਲ ਹੋ ਸਕਦਾ ਹੈ, ਸੋ ਹੇ ਨਾਨਕ, ਆਖ ਹੇ ਪ੍ਰਭੂ ਸਭ ਕੁਝ ਤੇਰੇ ਹੱਥ ਵਿੱਚ ਹੈ। ਤੇਰੀ ਪੈਦਾ ਕੀਤੀ ਮਾਇਆ ਭੀ ਤੇਰੇ ਅਧੀਨ ਹੈ। ਇਸ ਤੋਂ ਬਚਣ ਲਈ ਤੂੰ ਮਦਦਗਾਰ ਹੋ ਸਕਦਾ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਮਾਵਾਂ ਧੀਆਂ ਮਿਲਣ ਲੱਗੀਆਂ

## ਮਾਂ ਵੱਲੋਂ ਦਿੱਤੀ ਸਕਾਰਾਤਮਕ ਸੇਧ ਧੀ ਦੇ ਰਾਹ ਹੈ ਰੁਸ਼ਨਾਉਂਦੀ



**ਡਾ. ਪ੍ਰਿਤਪਾਲ ਸਿੰਘ ਮਹਿਰੋਕ**

ਗੁਰੂ ਤੋਂ ਬਾਅਦ ਮਾਂ ਦਾ ਰਿਸ਼ਤਾ ਸਰਵੋਤਮ ਮੰਨਿਆ ਜਾਂਦਾ ਹੈ। ਕਹਿੰਦੇ ਹਨ ਗੁਰੂ ਦੀ ਕਿਰਪਾ ਤੇ ਮਾਂ ਦੀ ਅਸੀਸ ਮਨੁੱਖ ਦਾ ਜੀਵਨ ਸੰਵਾਰ ਦਿੰਦੀ ਹੈ। ਰੱਬ ਮਾਂ ਦੇ ਰੂਪ ਵਿੱਚ ਆਪਣੀ ਹੋਂਦ ਦਾ ਅਹਿਸਾਸ ਕਰਵਾ ਦਿੰਦਾ ਹੈ। ਬੱਚਿਆਂ ਲਈ ਮਾਂ ਦਾ ਰਿਸ਼ਤਾ ਪੂਜਣਯੋਗ ਹੁੰਦਾ ਹੈ। ਇੱਕ ਬੱਚੇ ਲਈ ਦੁਨੀਆਂ ਦੀ ਸਭ ਤੋਂ ਵੱਧ ਪਿਆਰੀ ਤੇ ਖ਼ੂਬਸੂਰਤ ਔਰਤ ਉਸ ਦੀ ਮਾਂ ਹੀ ਹੁੰਦੀ ਹੈ। ਮਾਂ ਤੇ ਪੁੱਤ ਅਤੇ ਮਾਂ ਤੇ ਧੀ ਦੇ ਪਿਆਰ ਦੇ ਸਮਤੁਲ ਹੋਰ ਕੋਈ ਪਿਆਰ ਨਹੀਂ ਹੁੰਦਾ। ਮਾਂ ਤੇ ਧੀ ਦੇ ਪਿਆਰ ਦੀ ਗਹਿਰਾਈ, ਸ਼ਿੱਦਤ ਤੇ ਘਣਤਾ ਨੂੰ ਨਾਪਣਾ-ਤੋਲਣਾ ਕਠਿਨ ਹੈ। ਧੀ ਦੇ ਬਾਲਪਨ ਦੀ ਗੁੱਡੀਆਂ-ਪਟੋਲਿਆਂ ਨਾਲ ਖੇਡਣ ਦੀ ਅਵਸਥਾ, ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਨ ਦੀ ਅਵਸਥਾ, ਵਿਆਹੇ ਜਾਣ ਤੇ ਵਿਆਹ ਹੋ ਜਾਣ ਪਿੱਛੋਂ ਦੀ ਅਵਸਥਾ ਦੇ ਵੱਖ-ਵੱਖ ਪੜਾਅ ਜ਼ਰੂਰ ਹਨ, ਪਰ ਹਰੇਕ ਸਮੇਂ ਮਾਂ ਅਤੇ ਧੀ ਦੇ ਪਿਆਰ ਦਾ ਰੰਗ ਗੂੜ੍ਹਾ ਹੁੰਦਾ ਜਾਂਦਾ ਵੇਖਿਆ ਜਾ ਸਕਦਾ ਹੈ।

ਕਹਿੰਦੇ ਹਨ ਇਕ ਮਾਂ ਆਪਣਾ ਬਚਪਨ ਆਪਣੀ ਬੇਟੀ ਵਿਚੋਂ ਦੇਖਦੀ ਹੈ। ਵੇਖਦਿਆਂ-ਵੇਖਦਿਆਂ ਉਹ ਕੋਮਲ ਪਰੀ ਉਸ ਦੀ ਦੋਸਤ, ਉਸ ਦੀ ਸਹੇਲੀ, ਉਸ ਦੀ ਭੈਣ ਵੀ ਬਣ ਜਾਂਦੀ ਹੈ। ਮਾਂ ਤੇ ਧੀ ਨਾਲੋਂ ਵਧੀਆ ਦੋਸਤੀ ਹੋਰ ਕਿਧਰੇ ਘੱਟ ਹੀ ਵੇਖਣ ਨੂੰ ਮਿਲਦੀ ਹੋਵੇਗੀ। ਮਾਂ ਵੱਲੋਂ ਦਿੱਤੀ ਸਕਾਰਾਤਮਕ ਸੇਧ ਸਾਰੀ ਉਮਰ ਲਈ ਉਸ ਦੀ ਧੀ ਦੇ ਰਾਹ ਰੁਸ਼ਨਾਉਂਦੀ ਰਹਿੰਦੀ ਹੈ। ਸਮਾਜ ਵਿਗਿਆਨ, ਸਮਾਜ ਸ਼ਾਸਤਰ ਤੇ ਲੋਕਾਚਾਰ ਦੇ ਵੱਖ-ਵੱਖ ਪਹਿਲੂਆਂ ਬਾਰੇ ਸੂਝ ਪੂਰਵਕ ਗੱਲਾਂ ਮਾਂ ਹੀ ਆਪਣੀ ਧੀ ਨੂੰ ਸਮਝਾਉਂਦੀ ਹੈ। ਮਾਂ ਆਪਣੇ ਜੀਵਨ ਦੇ ਵਧੀਆ ਨਿਰਣੇ ਆਪਣੀ ਧੀ ਉੱਪਰ ਲਾਗੂ ਕਰਨ ਦੇ ਯਤਨ ਵਿਚ ਹੁੰਦੀ ਹੈ ਤਾਂ ਜੋ ਧੀ ਜੀਵਨ ਵਿਚ ਕਾਮਯਾਬ ਹੋਣ ਲਈ ਉਨ੍ਹਾਂ ਤੋਂ ਸੇਧ ਹਾਸਲ ਕਰ ਸਕੇ।

ਮਾਂ ਤੇ ਧੀ ਦਾ ਰਿਸ਼ਤਾ ਬੇਤੋਲ, ਬੇਜੋੜ, ਅਣਮੋਲ, ਲਾਸਾਨੀ ਤੇ ਗੂੜ੍ਹਾ ਰਿਸ਼ਤਾ ਬਣ ਕੇ ਪ੍ਰਗਟ ਹੁੰਦਾ ਹੈ। ਇਸ ਰਿਸ਼ਤੇ ਨਾਲੋਂ ਵਧੇਰੇ ਆਪਣੇਪਣ ਦਾ ਅਹਿਸਾਸ, ਨੇੜਤਾ ਤੇ ਨਿੱਘ ਹੋਰ ਕਿਸੇ ਰਿਸ਼ਤੇ ਵਿਚ ਨਹੀਂ ਹੁੰਦਾ ਹੋਵੇਗਾ। 'ਮਾਂ ਵਰਗਾ ਘਣ ਛਾਵਾਂ ਬੂਟਾ' ਹੋਰ ਕਿਧਰੇ ਵੀ ਨਜ਼ਰ ਨਹੀਂ ਆਉਂਦਾ। ਮਾਂ ਆਪਣੀ ਧੀ ਲਈ ਰੱਖਿਆ ਪ੍ਰਦਾਤੀ ਹੁੰਦੀ ਹੈ। ਮਾਂ ਉਸ ਲਈ ਬਿਹਤਰੀਨ ਅਧਿਆਪਕ ਤੇ ਨਿਗਰਾਨ ਹੁੰਦੀ ਹੈ। ਧੀ ਨੂੰ ਉਹ ਨੈਤਿਕ ਤੇ ਸਮਾਜਿਕ ਸਿੱਖਿਆ ਪ੍ਰਦਾਨ ਕਰਦੀ ਹੈ। ਕਿਸੇ ਮੁਸੀਬਤ ਵੇਲੇ, ਦੁੱਖ ਦੇ ਵਕਤ ਜਾਂ ਸੰਕਟ ਦੀ ਘੜੀ ਵਿਚ ਧੀ-ਪੁੱਤਰ ਨੂੰ ਸਭ ਤੋਂ ਪਹਿਲਾਂ ਮਾਂ ਹੀ ਯਾਦ ਆਉਂਦੀ ਹੈ। ਅਜਿਹੇ ਸਮੇਂ 'ਹਾਇ ਰੱਬਾ' ਜਾਂ 'ਹਾਇ ਮਾਂ' ਹੀ ਮੂੰਹੋਂ ਨਿਕਲਣ ਵਾਲੇ ਸਭ ਤੋਂ ਪਿਆਰੇ ਸ਼ਬਦ ਹੁੰਦੇ ਹਨ। ਧੀ ਨੂੰ ਪਤਾ ਹੈ ਕਿ ਉਸ ਨੇ ਆਪਣੀ ਮਾਂ ਦੇ ਘਰ ਸਦਾ ਨਹੀਂ ਬੈਠੀ ਰਹਿਣਾ, ਫਿਰ ਵੀ ਧੀ ਨੂੰ ਦਿਲਾਸਾ ਹੈ ਕਿ ਮਾਂ ਦੇ ਨਾਲ ਹੀ ਉਸ ਦਾ ਜਹਾਨ ਵੱਸਦਾ ਹੈ।

ਮਾਂ ਦਾ ਪਿਆਰ ਕਾਗਜ਼ ਦੇ ਕਿਸੇ ਪੁਰਜ਼ੇ ਉੱਪਰ ਲਿਖੇ ਸਵਾਲ ਜਾਂ ਉਸ ਦੇ ਜਵਾਬ ਦਾ ਮੁਥਾਜ ਨਹੀਂ ਹੁੰਦਾ। ਮਾਂ ਦਾ ਪਿਆਰ ਤਾਂ ਸਮੁੰਦਰ ਜਿੰਨੀ ਗਹਿਰਾਈ ਤੇ ਆਸਮਾਨ ਜਿੰਨੀ ਵਿਸ਼ਾਲਤਾ ਜਿਹਾ ਹੁੰਦਾ ਹੈ। ਮਾਂ ਸਿਰਫ਼ 'ਮਾਂ' ਹੀ ਹੋ ਸਕਦੀ ਹੈ। ਵਿਗਿਆਨ ਨੇ ਅਜੇ ਤਕ ਮਾਂ ਦੇ ਪਿਆਰ ਦੀ ਗਹਿਰਾਈ ਤੇ ਵਿਸ਼ਾਲਤਾ ਨੂੰ ਨਾਪਣ ਵਾਲਾ ਕੋਈ ਯੰਤਰ ਤਿਆਰ ਨਹੀਂ ਕੀਤਾ। ਮਾਂ ਦੇ ਪਿਆਰ ਭਰੇ ਬੋਲਾਂ ਦੀ ਕੀਮਤ ਤੇ ਮਹੱਤਵ ਕੋਈ ਉਨ੍ਹਾਂ ਬੱਚਿਆਂ ਕੋਲੋਂ ਪੁੱਛੇ ਜਿਨ੍ਹਾਂ ਦੀਆਂ ਮਾਵਾਂ ਨਹੀਂ ਹੁੰਦੀਆਂ। ਸੁਭਾਗਿਆਂ ਨੂੰ ਮਿਲਦਾ ਹੈ ਮਾਂ ਦਾ ਅਦੁੱਤੀ ਪਿਆਰ! ਕਿੰਨੀ ਮਧੁਰ ਤੇ ਕਾਲਜੇ ਨੂੰ ਧੂਹ ਪਾਉਣ ਵਾਲੀ ਹੁੰਦੀ ਹੈ ਮਾਂ ਦੀ ਮਧੁਰ ਆਵਾਜ਼ ! ਧੀ ਵਾਸਤੇ ਮਾਂ ਦੇ ਪਿਆਰ ਦਾ ਹੋਰ ਕੋਈ ਬਦਲ ਹੁੰਦਾ ਹੀ ਨਹੀਂ।



ਮਾਂ ਬਹੁਤ ਭਾਵੁਕ, ਸੰਵੇਦਨਸ਼ੀਲ ਤੇ ਨਾਜ਼ੁਕ ਤਬੀਅਤ ਦੀ ਮਾਲਕ ਹੁੰਦੀ ਹੈ। ਉਹ ਆਪਣੇ ਬੱਚਿਆਂ ਦਾ ਦੁੱਖ ਬਰਦਾਸ਼ਤ ਨਹੀਂ ਕਰ ਸਕਦੀ। ਬੱਚੇ ਦਾ ਦੁੱਖ ਸੁਣ/ਵੇਖ ਕੇ ਮਾਂ ਦਾ ਮੋਮ ਵਰਗਾ ਦਿਲ ਪਿਘਲ ਜਾਂਦਾ ਹੈ। ਮਾਂ-ਪੁੱਤ ਦੇ ਪਿਆਰ, ਮਾਵਾਂ-ਧੀਆਂ ਦੀ ਦੋਸਤੀ, ਅੰਮੜੀ ਦੀਆਂ ਝਿੜਕਾਂ ਆਦਿ ਦੀਆਂ ਗੱਲਾਂ ਜਗਤ ਪ੍ਰਸਿੱਧ ਹਨ। ਮਾਂ ਹਰੇਕ ਪਲ ਆਪਣੇ ਬੱਚੇ ਦੇ ਸਵਾਸਾਂ ਵਿੱਚ ਹਾਜ਼ਰ ਰਹਿੰਦੀ ਹੈ। ਮਾਂ ਨੂੰ ਰੱਬ ਦਾ ਰੂਪ ਕਹਿ ਕੇ ਵਡਿਆਇਆ ਜਾਂਦਾ ਹੈ ਤੇ ਉਸ ਨੂੰ ਸਨਮਾਨ ਦਿੱਤਾ ਜਾਂਦਾ ਹੈ। ਮਾਂ ਦੇ ਪਿਆਰ ਦੀ ਟੋਹ ਨੂੰ, ਮਮਤਾ ਦੇ ਨਿੱਘ ਨੂੰ ਕੇਵਲ ਉਸ ਦੇ ਧੀਆਂ-ਪੁੱਤਰ ਹੀ ਸਮਝ ਸਕਦੇ ਹਨ। ਬੱਚਿਆਂ ਦਾ ਰੋਮ-ਰੋਮ ਮਾਂ ਦੇ ਪਿਆਰ ਦਾ ਰਿਣੀ ਹੁੰਦਾ ਹੈ।

ਅਸਲ ਵਿੱਚ ਮਾਂ ਦੇ ਰਿਸ਼ਤੇ ਦਾ ਕੋਈ ਬਦਲ ਹੈ ਹੀ ਨਹੀਂ। ਇਸ ਰਿਸ਼ਤੇ ਦਾ ਆਪਣਾ ਨਿਵੇਕਲਾ ਅਧਿਆਤਮ ਹੁੰਦਾ ਹੈ। ਇਸ ਪਵਿੱਤਰ ਰਿਸ਼ਤੇ ਦਾ ਆਪਣਾ ਵਿਲੱਖਣ ਮਹਾਤਮ ਵੀ ਹੁੰਦਾ ਹੈ। ਮਾਵਾਂ-ਧੀਆਂ ਦੇ ਰਿਸ਼ਤੇ ਵਿਚਲੇ ਮਹਾਤਮ ਬਾਰੇ ਸ਼ਬਦਾਂ ਰਾਹੀਂ ਕਹਿ ਸਕਣਾ ਕਠਿਨ ਹੈ। ਮਾਂ ਆਪਣੇ ਬੱਚਿਆਂ ਦੀ ਖਾਤਰ ਹਰੇਕ ਮੌਸਮ/ਰੁੱਤ ਦੀ ਕਰੋਪੀ ਨੂੰ ਆਪਣੇ ਸਿਰ 'ਤੇ ਅਤੇ ਤਨ-ਮਨ 'ਤੇ ਝੱਲਦੀ ਹੈ। ਬੱਚੇ ਨੂੰ ਆਪਣੀ ਕੁੱਖ ਵਿੱਚ ਭਰੂਣ ਰੂਪ ਵਿਚ ਧਾਰਨ ਕਰਨ ਦੇ ਸਮੇਂ ਤੋਂ ਲੈ ਕੇ ਆਪਣੀ ਪੂਰੀ ਉਮਰ ਮਾਂ ਆਪਣੇ ਬੱਚੇ ਦੇ ਲੇਖੇ ਲਾ ਦਿੰਦੀ ਹੈ। ਤੰਗੀਆਂ-ਤੁਰਸ਼ੀਆਂ ਝੱਲਦੀ ਹੈ। ਆਪਣਾ ਦਰਦ ਆਪਣੇ ਅੰਦਰ ਹੀ ਪੀ ਲੈਂਦੀ ਹੈ, ਪਰ ਆਪਣੇ ਬੱਚਿਆਂ ਸਾਹਵੇਂ ਉਹ ਆਪਣਾ ਵੱਧ ਤੋਂ ਵੱਧ ਖ਼ੂਬਸੂਰਤ ਚਿਹਰਾ ਲੈ ਕੇ ਪ੍ਰਸਤੂਤ ਹੁੰਦੀ ਹੈ।

ਪੰਜਾਬੀ ਲੋਕ ਗੀਤਾਂ ਵਿੱਚ ਮਾਂ-ਧੀ ਦੇ ਪਿਆਰ ਦੀ ਗੱਲ ਭਾਵਨਾਤਮਕ ਸੁਰ ਵਿੱਚ ਹੁੰਦੀ ਆਈ ਹੈ। ਸਮਾਜ ਵਿੱਚ ਮਾਂ-ਧੀ ਦਾ ਪਿਆਰ ਆਪਣੀ ਗੂੜ੍ਹੀ ਛਾਪ ਛੱਡਦਾ ਆਇਆ ਹੈ। ਮਾਵਾਂ-ਧੀਆਂ ਦੇ ਪਿਆਰ ਨੂੰ ਪੰਜਾਬੀ ਲੋਕ ਗੀਤਾਂ ਨੇ ਬੜੇ ਮੋਹ ਭਰੇ ਤੇ ਕਲਾਤਮਕ ਲਹਜਿੇ ਰਾਹੀਂ ਪ੍ਰਗਟ ਕੀਤਾ ਹੈ। ਪੰਜਾਬੀ ਲੋਕ ਗੀਤਾਂ ਤੇ ਸਮਾਜ ਵਿੱਚ ਪਾਏ ਜਾਂਦੇ ਮਾਂ ਤੇ ਧੀ ਦੇ ਅਨੂਠੇ ਪਿਆਰ ਦੀਆਂ ਗਾਥਾਵਾਂ ਨੂੰ ਜੱਗ ਗਾਉਂਦਾ ਆਇਆ ਹੈ।



# ਜੁੱਗ-ਜੁੱਗ ਜਿਉਣ ਵੱਡੀਆਂ ਭਰਜਾਈਆਂ

ਸਮਾਜਿਕ ਰਿਸ਼ਤਿਆਂ ਦੇ ਤਾਣੇ-ਬਾਣੇ ਵਿੱਚ ਖ਼ੂਨ ਦੇ ਰਿਸ਼ਤਿਆਂ ਤੋਂ ਇਲਾਵਾ ਹੋਰ ਰਿਸ਼ਤਿਆਂ ਵਿੱਚ ਨਣਾਨ ਭਰਜਾਈ ਦਾ ਰਿਸ਼ਤਾ ਖਾਸ ਅਹਿਮੀਅਤ ਰੱਖਦਾ ਹੈ। ਚਾਹੇ ਕਿ ਸਾਡੇ ਲੋਕ ਗੀਤਾਂ ਵਿੱਚ ਇਸ ਰਿਸ਼ਤੇ ਦੀ ਆਪਸੀ ਕੁੜੱਤਣ ਦੀਆਂ ਗੱਲਾਂ ਵੀ ਸੁਣਨ ਨੂੰ ਮਿਲਦੀਆਂ ਹਨ ਜਿਵੇਂ ਕਹਿੰਦੇ ਨੇ, ਨੀ ਨਣਾਨੇ ਬੇਈਮਾਨੇ ਅੱਖਾਂ ਫੇਰ ਗਈ ਰਕਾਨੇ, ਐਸੀ ਵੀਰ ਨੂੰ ਕਸੂਤੀ ਲੂਤੀ ਲਾਈ ਨਣਦੇ, ਅੱਜ ਤੂੰ ਮੈਨੂੰ ਮਾਰ ਪਵਾਈ ਨਣਦੇ ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਦੋਨਾਂ ਦੇ ਮੋਹ ਦੀਆਂ ਤੰਦਾਂ ਇੱਕ ਹੀ ਇਨਸਾਨ ਨਾਲ ਜੁੜੀਆਂ ਹੁੰਦੀਆਂ ਹਨ ਤੇ ਉਹ ਹੈ ਭੈਣ ਦਾ ਵੀਰ ਤੇ ਭਰਜਾਈ ਦਾ ਪਤੀ। ਜੇਕਰ ਵੀਰ ਨੇ ਭੈਣ ਨਾਲ ਬਚਪਨ ਬਿਤਾਇਆ ਹੈ ਤੇ ਨਿੱਕੀ-ਨਿੱਕੀ ਚੀਜ਼ ਨੂੰ ਵੰਡਦੇ ਉਹ ਵੱਡੇ ਹੋਏ ਹਨ ਤਾਂ ਭਰਜਾਈ ਵੀ ਆਪਣਾ ਪੇਕਾ ਪਰਿਵਾਰ ਛੱਡ ਕੇ ਇਸ ਘਰ ਦਾ ਅਤੇ ਵੀਰ ਦੀ ਜ਼ਿੰਦਗੀ ਦਾ ਹਿੱਸਾ ਬਣਨ ਲਈ ਆਈ ਹੈ। ਪਿਆਰ ਤਾਂ ਵੰਡਿਆ ਹੀ ਜਾਣਾ ਹੈ। ਜਦੋਂ ਇਸ ਗੱਲ ਨੂੰ ਦੋਨੋਂ ਖੁੱਲ੍ਹੇ ਦਿਲ ਨਾਲ ਸਮਝ ਅਤੇ ਸਵੀਕਾਰ ਕਰ ਲੈਂਦੀਆਂ ਹਨ ਤਾਂ ਨਣਾਨ ਭਰਜਾਈ ਦਾ ਇੱਕ ਸੁਨੱਖਾ ਰਿਸ਼ਤਾ ਹੋਂਦ ਵਿੱਚ ਆਉਂਦਾ ਹੈ। ਉਨ੍ਹਾਂ ਦਾ ਆਪਸੀ ਪਿਆਰ ਘਰ ਦੀ ਮਜ਼ਬੂਤ ਬੁਨਿਆਦ ਬਣ ਜਾਂਦਾ ਹੈ। ਆਮ ਤੌਰ 'ਤੇ ਬਹੁਤੇ ਘਰਾਂ ਵਿੱਚ ਆਪਸੀ ਮਨ-ਮੁਟਾਵ ਦਾ ਕਾਰਨ ਹੀ ਇਹ ਹੈ ਕਿ ਦੋਨੋਂ ਹੀ ਰਿਸ਼ਤਿਆਂ ਦਾ ਨਿੱਘ ਮਾਣਨ ਦੀ ਬਜਾਇ ਹੱਕ ਜਿਤਾਉਣ ਦੀ ਦੌੜ ਵਿੱਚ ਲੱਗ ਜਾਂਦੀਆਂ ਹਨ। ਫੇਰ ਕੋਈ ਭਰਜਾਈ ਨੂੰ ਭੈੜੀ ਦੱਸਦਾ ਹੈ ਤੇ ਕੋਈ ਨਣਾਨ ਨੂੰ।

ਉਨ੍ਹਾਂ ਦੀ ਆਪਸੀ ਖਿੱਚੋਤਾਣ ਵਿੱਚ ਭੈਣ-ਭਰਾ ਦਾ ਰਿਸ਼ਤਾ ਵੀ ਰਸਮੀ ਹੋ ਕੇ ਰਹਿ ਜਾਂਦਾ ਹੈ। ਜੇਕਰ ਨਣਾਨ-ਭਰਜਾਈ ਵਿੱਚ ਆਪਸੀ ਪਿਆਰ ਹੈ, ਸਾਂਝ ਹੈ ਤੇ ਆਪਣਾਪਣ ਹੈ ਤਾਂ ਇਸ ਤੋਂ ਪਿਆਰਾ ਰਿਸ਼ਤਾ ਹੋਰ ਕੋਈ ਹੋ ਹੀ ਨਹੀਂ ਸਕਦਾ। ਕਿਉਂਕਿ ਵੀਰ ਦੇ ਵਿਆਹ ਦਾ ਸਭ ਤੋਂ ਵੱਧ ਚਾਅ ਭੈਣ ਨੂੰ ਹੀ ਹੁੰਦਾ ਹੈ। ਭਾਬੀ ਦੇ ਆਉਣ ਨਾਲ ਘਰ ਭਰ ਜਾਂਦਾ ਹੈ। ਘਰ ਵਿੱਚ ਰੌਣਕ ਹੋ ਜਾਂਦੀ ਹੈ। ਭਾਬੀ ਨਾਲ ਸਹੇਲੀਆਂ ਵਾਲ਼ੀ ਸਾਂਝ ਬਣ ਜਾਂਦੀ ਹੈ ਤੇ ਅਤੇ ਹਮਉਮਰ ਹੋਣ ਕਾਰਨ ਆਪਸ ਵਿੱਚ ਬਣਦੀ ਵੀ ਬਹੁਤ ਹੈ। ਭਾਬੀ ਦੇ ਘਰ ਆਉਣ ਦੇ ਚਾਅ ਦਾ ਪਤਾ ਇਸ ਗੀਤ ਤੋਂ ਵੀ ਲੱਗਦਾ ਹੈ:





ਨਵੀਂ ਬਹੂ ਮੁਕਲਾਵੇ ਆਈ, ਸੱਸ ਧਰਤੀ ਪੈਰ ਨਾ ਲਾਵੇ,  
ਲੈ ਨੀ ਨੂੰਹੇਂ ਰੋਟੀ ਖਾ ਲੈ, ਨੂੰਹ ਰੋਟੀ ਨਾ ਖਾਵੇ,  
ਮੂੰਹ ਵਿੱਚ ਭਾਬੀ ਦੇ, ਨਣਦ ਬੁਰਕੀਆਂ ਪਾਵੇ।

ਨਣਾਨ ਆਪਣੇ ਦਿਲ ਦੇ ਰਾਜ਼ ਬਿਨਾਂ ਝਿਜਕ ਉਸ ਨਾਲ ਸਾਂਝੇ ਕਰ ਸਕਦੀ ਹੈ, ਕਿਉਂਕਿ ਵੱਡੀ ਭਰਜਾਈ ਚੰਗੀ ਸਲਾਹਕਾਰ ਵੀ ਹੁੰਦੀ ਹੈ। ਕਦੇ-ਕਦੇ ਮਿੱਠੀ-ਮਿੱਠੀ ਝਿੜਕ ਵੀ ਦੇ ਦਿੰਦੀ ਹੈ। ਉਸਦਾ ਘਰ ਵਿੱਚ ਵਿਚਰਨ ਦਾ ਸਲੀਕਾ ਤੇ ਤਰੀਕਾ ਇੱਕ ਉਦਾਹਰਨ ਬਣ ਕੇ ਸਿਖਾਉਂਦਾ ਹੈ। ਭਰਜਾਈ ਨੂੰ ਨਣਾਨ ਮੋਰਨੀ ਅਤੇ ਨਣਾਨ ਨੂੰ ਭਰਜਾਈ ਚੰਨ ਵਰਗੀ ਤਾਂ ਹੀ ਲੱਗ ਸਕਦੀ ਹੈ ਜੇਕਰ ਉਨ੍ਹਾਂ ਦੇ ਮਨਾਂ ਵਿੱਚ ਇੱਕ ਦੂਸਰੇ ਪ੍ਰਤੀ ਸੱਚਾ ਮਾਣ ਸਤਿਕਾਰ ਹੈ। ਭਾਬੀਆਂ ਨਾਲ ਹੀ ਪੇਕਾ ਘਰ, ਘਰ ਹੁੰਦਾ ਹੈ। ਕਿਸੇ ਨੇ ਜੋ ਇਹ ਬੋਲ ਲਿਖੇ ਹਨ ਕਿ ਜੱਗ ਜਿਉਣ ਵੱਡੀਆਂ ਭਰਜਾਈਆਂ ਪਾਣੀ ਮੰਗੇ ਦੁੱਧ ਦਿੰਦੀਆਂ - ਬਿਲਕੁਲ ਦਰੁਸਤ ਹਨ ।

ਕਹਾਣੀ

ਕੁਲਵੰਤ ਸਿੰਘ ਵਿਰਕ

# ਸ਼ਿੰਗਾਰ

ਕੈਪਟਨ ਧਰਮ ਸਿੰਘ ਮੇਰੇ ਗਵਾਂਢੀ ਸਨ। ਗਵਾਂਢੀ ਬਹੁਤਾ ਨਾਲ ਦੇ ਘਰ ਵਾਲਿਆਂ ਨੂੰ ਆਖੀਦਾ ਏ ਪਰ ਅਸੀਂ ਤੇ ਦੋਵੇਂ ਇਕੱਠੇ ਇਕੋ ਕੋਠੀ ਵਿੱਚ ਰਹਿੰਦੇ ਸਾਂ। ਉਨ੍ਹਾਂ ਦੇ ਘਰ ਕੋਈ ਹਾਸੇ ਵਾਲੀ ਗੱਲ ਹੋਵੇ, ਅਸੀਂ ਵੀ ਨਾਲ ਹੀ ਹੱਸ ਪੈਂਦੇ; ਉਨ੍ਹਾਂ ਦੇ ਘਰ ਕੋਈ ਪ੍ਰਾਹੁਣਾ ਆਉਂਦਾ,ਸਾਨੂੰ ਪਤਾ ਲੱਗ ਜਾਂਦਾ ਕਿ 'ਮਾਮਾ ਜੀ', ਵੀਰ ਜੀ, ਮਾਸੜ ਜੀ, ਜਾਂ ਹੋਰ ਕੌਣ ਆਇਆ ਹੈ। ਉਨ੍ਹਾਂ ਦੇ ਸਾਰੇ ਪ੍ਰਾਹੁਣੇ ਸਾਡੇ ਜਾਣੂ ਹੀ ਹੁੰਦੇ। ਜੇ ਉਨ੍ਹਾਂ ਦੇ ਘਰ ਕੋਈ ਘੰਟਾ ਪਹਿਲਾਂ ਆਉਂਦਾ ਤਾਂ ਸਾਡੇ ਘਰ ਘੰਟਾ ਮਗਰੋਂ ਆ ਜਾਂਦਾ, ਪਰ ਆਉਂਦਾ ਜ਼ਰੂਰ। ਜੋ ਕੁਝ ਉਹ ਉਨ੍ਹਾਂ ਦੇ ਲੱਗਦੇ ਹੁੰਦੇ, ਉਹੀ ਕੁਝ ਸਾਡੇ ਲੱਗਣ ਲੱਗ ਜਾਂਦੇ। ਉਨ੍ਹਾਂ ਦੇ ਘਰ ਜਾਣ ਤੋਂ ਬਿਨਾਂ ਹੀ ਸਾਨੂੰ ਪਤਾ ਹੁੰਦਾ ਕਿ ਉਨ੍ਹਾਂ ਦੀ ਮੱਝ ਮਿਲੀ ਹੈ ਕਿ ਨਹੀਂ, ਉਨ੍ਹਾਂ ਦੀ ਕਿਸ ਕੁਕੜੀ ਨੇ ਆਂਡਾ ਦਿੱਤਾ ਹੈ, ਕਿਸ ਬੱਚੇ ਨੂੰ ਕਿੰਨੇ ਦਰਜੇ ਦਾ ਬੁਖ਼ਾਰ ਹੈ ਤੇ ਕੌਣ ਕਿਥੇ ਜਾਣ ਲਈ ਤਿਆਰ ਹੋ ਰਿਹਾ ਹੈ। ਇਕ ਦੂਜੇ ਦਾ ਸਾਰਾ ਪਿਛਵਾੜਾ ਪਤਾ ਹੋਣ ਕਰ ਕੇ ਆਪੋ ਵਿਚ ਗੱਲਬਾਤ ਤੋਰਨੀ ਸਾਡੇ ਲਈ ਬੜੀ ਸੌਖੀ ਸੀ ਤੇ ਸਾਡੀ ਆਪੋ ਵਿੱਚ ਮਿੱਤਰਤਾ ਵੀ ਢੇਰ ਸੀ।

ਕੈਪਟਨ ਧਰਮ ਸਿੰਘ ਅਸਲ ਵਿੱਚ ਨੌਕਰੀ ਵਿੱਚ ਨਹੀਂ ਸਨ, ਹਟੇ ਹੋਏ ਸਨ। ਕਪਤਾਨੀ ਵੀ ਉਨ੍ਹਾਂ ਦੀ ਲੜਾਕਾ ਫ਼ੌਜ ਦੀ ਨਹੀਂ ਸੀ, ਡਾਕਟਰੀ ਦੀ ਸੀ। ਤੇ ਹੁਣ ਆਪਣਾ ਡਾਕਟਰੀ ਦਾ ਧੰਦਾ ਕਰਦੇ ਸਨ। ਪੈਸੇ ਬਹੁਤੇ ਨਹੀਂ ਆ ਰਹੇ ਸਨ ਪਰ ਬਹੁਤੀ ਮਾੜੀ ਗੱਲ ਇਹ ਸੀ ਕਿ ਜਿਸ ਤਰ੍ਹਾਂ ਡਾਕਟਰੀ, ਵਕਾਲਤ ਆਦਿ ਪੇਸ਼ਿਆਂ ਵਿੱਚ ਆਮ ਹੁੰਦਾ ਹੈ, ਦਿਨਾਂ ਦੇ ਲੰਘਣ ਨਾਲ ਉਨ੍ਹਾਂ ਦਾ ਕੰਮ ਵਧ ਨਹੀਂ ਰਿਹਾ ਸੀ, ਘਟ ਭਾਵੇਂ ਰਿਹਾ ਹੋਵੇ। ਨੌਕਰੀ ਵਿੱਚ ਰਹੇ ਹੋਣ ਕਰ ਕੇ ਉਹ ਲੋਕਾਂ ਵਿੱਚ ਘੁਲਣ ਮਿਲਣ ਤੋਂ ਸੰਕੋਚ ਕਰਦੇ ਸਨ। ਅਜਿਹਾ ਕੀਤਿਆਂ ਕਿਸੇ ਪੇਸ਼ੇ ਵਿੱਚ ਵੀ ਪੈਸੇ ਆਉਣੇ ਔਖੇ ਸਨ।

ਆਮਦਨ ਘੱਟ ਹੋਣ ਦਾ ਵੱਡਾ ਕਜੀਆ ਲੋਕਾਂ ਤੋਂ ਇਹ ਗੱਲ ਲੁਕਾਣੀ ਹੁੰਦੀ ਹੈ। ਉਨ੍ਹਾਂ ਦੀ ਸਿਆਣੀ ਵਹੁਟੀ ਇਸ ਵਿੱਚ ਵੀ ਸਫ਼ਲ ਸੀ। ਸਿਆਲ ਆਉਣ ਤੋਂ ਬੱਚਿਆਂ ਦੇ ਗਰਮ ਕੱਪੜੇ ਬਣ ਜਾਂਦੇ, ਦੋ ਵਕਤ ਚਾਹ ਬਣਦੀ, ਧਰਮ ਸਿੰਘ ਇਸਤਰੀ ਕੀਤੇ ਹੋਏ ਕੱਪੜੇ ਪਾਂਦਾ, ਪਰ ਉਸ ਦਾ ਸਾਈਕਲ ਉਹੀ ਪੁਰਾਣੇ ਦਾ ਪੁਰਾਣਾ ਹੀ ਰਹਿੰਦਾ। ਕੁਰਸੀਆਂ ਦਾ ਬੈਂਤ ਟੁੱਟਣ ਟੁੱਟਣ ਕਰਦਾ ਰਹਿੰਦਾ ਤੇ ਬੈਠਕ ਦੀ ਪਾਟੀ ਹੋਈ ਦਰੀ ਦੀ ਥਾਂ ਨਵੀਂ ਨਾ ਆਉਂਦੀ। ਉਨ੍ਹਾਂ ਦੇ ਚਾਰ ਬੱਚੇ ਸਨ, ਵੱਡੀ ਕੁੜੀ ਤੇ ਨਿੱਕੇ ਤਿੰਨ ਮੁੰਡੇ। ਸਾਰੇ ਸਕੂਲ ਜਾਂਦੇ ਸਨ। ਕੁੜੀ ਤੇ ਹੁਣ ਮੁਟਿਆਰ ਸੀ। ਉਨ੍ਹਾਂ ਨੂੰ ਖ਼ਰਚਣ ਨੂੰ ਪੈਸੇ ਕਦੀ ਨਾ ਮਿਲਦੇ। ਲੋਹੜੀ, ਦੀਵਾਲੀ ਨੂੰ ਉਨ੍ਹਾਂ ਦੇ ਪਟਾਕੇ ਨਿੱਕੀ ਠਾਹ ਕਰਨ ਵਾਲੇ ਤੇ ਮੱਧਮ ਹੁੰਦੇ।

ਉਨ੍ਹਾਂ ਦੀ ਇਸ ਤੰਗੀ ਤੇ ਸਾਨੂੰ ਹਮਦਰਦੀ ਸੀ, ਪਰ ਇਕ ਗੱਲ ਜਿਹੜੀ ਮੈਨੂੰ ਤੇ ਮੇਰੀ ਵਹੁਟੀ-ਦੋਹਾਂ ਨੂੰ ਅਜੀਬ ਲੱਗਦੀ, ਇਹ ਸੀ ਕਿ ਉਹ ਆਪਣੀ ਕੁੜੀ ਨੂੰ ਕੱਪੜੇ ਬੜੇ ਵਧੀਆ ਸਿਵਾ ਕੇ ਦਿੰਦੇ। ਘਰ ਵਿੱਚ ਉਹ ਸਭ ਤੋਂ ਬਹੁਤਾ ਫੱਬੀ ਹੋਈ ਹੁੰਦੀ। ਆਲੇ ਦੁਆਲੇ ਦੇ ਕਈ ਅਮੀਰ ਘਰਾਂ ਦੀਆਂ ਕੁੜੀਆਂ ਨਾਲੋਂ ਵੀ ਉਸ ਦੇ ਕੱਪੜੇ ਚੰਗੇ ਹੁੰਦੇ। ਉਨ੍ਹਾਂ ਦੇ ਬਾਕੀ ਖ਼ਰਚ ਨਾਲ ਇਹ ਗੱਲ ਜਚਦੀ ਨਹੀਂ ਸੀ। ਮੇਰੀ ਵਹੁਟੀ ਤੇ ਉਸ ਨੂੰ ਵਿਗੜੀ ਹੋਈ ਵੀ ਆਖਦੀ ਪਰ ਆਪਣੀਆਂ ਚੀਜ਼ਾਂ ਲੈਣ ਲਈ ਉਸ ਨੂੰ ਹੋਰ ਬੱਚਿਆਂ ਤੋਂ ਵੱਧ ਜ਼ਿਦ ਜਾਂ ਤਰਲਾ ਨਹੀਂ ਕਰਨਾ ਪੈਂਦਾ ਸੀ। ਥੋੜ੍ਹਾ ਬਹੁਤਾ ਦਬਾ ਤੇ ਹਰ ਬੱਚੇ ਨੂੰ ਮਾਪਿਆਂ 'ਤੇ ਪਾਉਣਾ ਹੀ ਪੈਂਦਾ ਹੈ। ਚੀਜ਼ਾਂ ਉਸ ਨੂੰ ਸੌਖਿਆਂ ਹੀ ਮਿਲ ਜਾਂਦੀਆਂ ਸਨ, ਪਰ ਇਹ ਅਸੀਂ ਦੋਵੇਂ ਸਮਝਦੇ ਸਾਂ ਕਿ ਉਸ 'ਤੇ ਖ਼ਰਚੇ ਜਾ ਰਹੇ ਪੈਸੇ ਹੋਰ ਡਾਢੀਆਂ ਲੋੜਾਂ 'ਤੇ ਲੱਗ ਸਕਦੇ ਸਨ।

ਇਕ ਵਾਰ ਤੇ ਹੱਦ ਹੀ ਹੋ ਗਈ। ਉਨ੍ਹਾਂ ਉਸ ਕੁੜੀ ਲਈ ਕੋਟ ਸਿਵਾਣ ਲਈ ਗਰਮ ਕੱਪੜੇ ਵੇਖਣ ਲਈ ਮੰਗਵਾਏ। ਸੌਦਾ ਵੱਡਾ ਤੇ ਸਵਾਦੀ ਹੋਣ ਕਰ ਕੇ ਉਨ੍ਹਾਂ ਮੈਨੂੰ ਤੇ ਮੇਰੀ ਵਹੁਟੀ ਨੂੰ ਵੀ ਸੱਦ ਲਿਆ। ਬਜ਼ਾਜ਼ ਇਕ ਇਕ ਥਾਨ ਖੋਲ੍ਹ ਕੇ ਖਿਲਾਰਨ ਲੱਗ ਪਿਆ ਤੇ ਅਸੀਂ ਸਾਰੇ ਪਰਖਣ ਬੈਠ ਗਏ। ਜਿਹੜਾ ਕੱਪੜਾ ਕੁੜੀ ਨੇ ਪਸੰਦ ਕੀਤਾ, ਉਹ ਵੇਖਣ ਨੂੰ ਤਾਂ ਸੁਹਣਾ ਸੀ ਪਰ ਹੰਢਣਾ ਉਸ ਚੰਗੀ ਤਰ੍ਹਾਂ ਇਕ ਸਾਲ ਹੀ ਸੀ। ਅਸੀਂ ਦੋਵੇਂ ਜੀਅ ਤੇ ਕਪਤਾਨ ਸਾਹਿਬ ਵੀ ਉਸ ਕੱਪੜੇ ਦੇ ਹੱਕ ਵਿਚ ਨਹੀਂ ਸਾਂ। ਅਸਾਂ ਸਾਰਿਆਂ ਨੇ ਇਕ ਹੋਰ ਕੱਪੜਾ ਚੁਣਿਆ ਜਿਹੜਾ ਵੇਖਣ ਤੇ ਹੰਢਣ ਦੋਹਾਂ ਨੂੰ ਚੰਗਾ ਸੀ। ਜਦੋਂ ਕਪਤਾਨ ਸਾਹਿਬ ਨੇ ਕੁੜੀ ਨੂੰ ਉਸ ਕੱਪੜੇ ਦਾ ਕੋਟ ਸਿਵਾਣ ਨੂੰ ਕਿਹਾ ਤਾਂ ਉਸ ਨੇ ਨਾਂਹ ਕਰ ਦਿੱਤੀ ਤੇ ਫਿਰ ਆਪਣੀ ਪਸੰਦ ਦੇ ਕੱਪੜੇ ਉਤੇ ਹੀ ਉਂਗਲ ਧਰੀ।

ਗਰਮ ਕੋਟ ਕੋਈ ਰੋਜ਼ ਰੋਜ਼ ਤੇ ਸਿਵਾਂਦਾ ਨਹੀਂ। ਨਾਲੇ ਕੁੜੀ ਹੁਣ ਜਵਾਨ ਹੋ ਗਈ ਸੀ। ਇਕ ਵਾਰ ਦਾ ਸਿਵਾਇਆ ਕੋਟ ਛੇ ਸੱਤ ਵਰ੍ਹੇ ਕੱਢ ਸਕਦਾ ਸੀ। ਦੂਜਾ ਕੱਪੜਾ ਭਾਵੇਂ ਹੈ ਤੇ ਸੋਹਣਾ ਸੀ ਪਰ ਉਸ ਨੇ ਇਕ ਸਾਲ ਵਿੱਚ ਖ਼ਰਾਬ ਹੋ ਜਾਣਾ ਸੀ ਤੇ ਅਗਲੇ ਸਾਲ ਫਿਰ ਹੋਰ ਸਿਵਾਣਾ ਪੈਣਾ ਸੀ। ਇਹ ਹਰ ਕਿਸੇ ਲਈ ਔਖਾ ਏ, ਕਪਤਾਨ ਸਾਹਿਬ ਲਈ ਤੇ ਹੋਰ ਵੀ ਬਹੁਤਾ, ਪਰ ਕਪਤਾਨ ਸਾਹਿਬ ਲਈ ਤੇ ਕੋਟ ਸਿਵਾਣਾ ਪੈਣਾ ਸੀ। ਸਾਨੂੰ ਅੜਿਆ ਵੇਖ ਕੇ ਕੁੜੀ ਡੁਸਕਦੀ ਹੋਈ ਉਥੋਂ ਉਠ ਕੇ ਟੁਰ ਗਈ। ਕੁੜੀ ਬਿਨਾਂ ਕੱਪੜਾ ਵੇਖਣਾ ਲਾੜੀ ਬਿਨਾਂ ਵਿਆਹ ਰਚਾਣਾ ਸੀ। ਕਪਤਾਨ ਸਾਹਿਬ ਦਾ ਤੇ ਹੁਣ ਕੱਪੜਾ ਵੇਖਣ ਨੂੰ ਅਸਲੋਂ ਹੀ ਕੋਈ ਦਿਲ ਨਹੀਂ ਸੀ। ਉਨ੍ਹਾਂ ਆਪਣੇ ਮੁੰਡੇ ਨੂੰ ਇਹ ਕਹਿ ਕੇ ਉਸ ਦੇ ਮਗਰ ਘੱਲਿਆ ਕਿ ਉਹ ਆ ਕੇ ਬੈਠੇ ਤੇ ਸਹੀ; ਜਿਹੜਾ ਆਖੇਗੀ, ਉਹ ਹੀ ਸਿਵਾ ਦਿਆਂਗੇ ਪਰ ਕੁੜੀ ਨੇ ਭਰਾ ਹੱਥ ਆਖ ਘੱਲਿਆ ਕਿ ਮੈਂ ਨਹੀਂ ਕੋਟ ਸਿਵਾਣਾ, ਮੈਨੂੰ ਤੂੰ ਦੀ ਵਾਸਕਟ ਸਿਵਾ ਦਿਉ, ਮੈਂ ਉਸੇ ਵਿੱਚ ਸਿਆਲ ਕੱਢ ਲਵਾਂਗੀ। ਜਦ ਇਹ ਸੁਨੇਹਾ ਆਇਆ ਤਾਂ ਕਪਤਾਨ ਸਾਹਿਬ ਨੇ ਕੁੜੀ ਦੀ ਪਸੰਦ ਦਾ ਹੀ ਕੋਟ ਪੜਵਾ ਲਿਆ। ਅਸੀਂ ਦੋਵੇਂ ਜੀਅ ਇਸ ਗੱਲ ਤੇ ਗੁੱਸੇ ਸਾਂ, ਬਹੁਤਾ ਇਸ ਕਰ ਕੇ ਕਿ ਜੇ ਸਿਆਣਪ ਨਹੀਂ ਕਰਨੀ ਸੀ ਤੇ ਕੁੜੀ ਦੀ ਪਸੰਦ ਹੀ ਚੱਲਣੀ ਸੀ ਤਾਂ ਸਾਨੂੰ ਸੱਦ ਕੇ ਐਵੇਂ ਕਿਉਂ ਕੁੜੀ ਵਲੋਂ ਬੁਰੇ ਬਣਾਇਆ ਪਰ ਅਸੀਂ ਵੀ ਜਾਣਦੇ ਸਾਂ ਕਿ ਸਾਡੇ ਨਾਲੋਂ ਕਪਤਾਨ ਸਾਹਿਬ ਨੂੰ ਬਹੁਤਾ ਔਖਾ ਹੋਇਆ ਹੈ ਤੇ ਨੁਕਸਾਨ ਵੀ। ਫਿਰ ਇਸ ਤਰ੍ਹਾਂ ਕੀਤਾ ਕਿਉਂ? ਕਿਉਂ ਨਾ ਹੰਢਣਸਾਰ ਕੱਪੜਾ ਲਿਆ? ਸਾਡੀ ਅਸਚਰਜਤਾ ਬਣੀ ਰਹੀ। ਵਿਹਲੇ ਵਕਤ ਵਿਚ, ਉਨ੍ਹਾਂ ਦਾ ਬਹੁਤਾ ਵਕਤ ਵਿਹਲਾ ਹੀ ਹੁੰਦਾ, ਕਪਤਾਨ ਸਾਹਿਬ ਸ਼ਬਦ ਅੜੌਣੀਆਂ ਬੁੱਝਿਆ ਕਰਦੇ। ਵੀਕਲੀ ਦਾ ਪਰਚਾ ਜਿਸ ਵਿਚ ਅੜੌਣੀਆਂ ਛਪੀਆਂ ਹੁੰਦੀਆਂ, ਉਹ ਮੇਰੇ ਕੋਲੋਂ ਹੀ ਲੈਂਦੇ ਹੁੰਦੇ ਸਨ। ਉਨ੍ਹਾਂ ਦੇ ਇਸ ਸ਼ੌਕ ਦੇ ਸਦਕਾ ਮੇਰਾ ਵੀ ਕੁਝ ਇਸ ਵਿੱਚ ਧਿਆਨ ਹੋ ਗਿਆ ਸੀ। ਇੱਕ ਦਿਨ ਜਦੋਂ ਨਵਾਂ ਰਸਾਲਾ ਆਇਆ ਤਾਂ ਮੈਂ ਉਸ ਵਿਚੋਂ ਇਨਾਮ ਜੇਤੂਆਂ ਦੇ ਨਾਂ ਵੇਖਣ ਲੱਗ ਪਿਆ। ਦੋ ਗ਼ਲਤੀਆਂ ਵਾਲੇ ਨਾਂਵਾਂ ਵਿੱਚ ਕਪਤਾਨ ਧਰਮ ਸਿੰਘ ਦਾ ਨਾਂ ਵੀ ਸੀ। ਦੋ ਗ਼ਲਤੀਆਂ ਵਾਲਿਆਂ ਸਾਰਿਆਂ ਨੂੰ ਸਾਢੇ ਸੈਂਤੀ-ਸੈਂਤੀ ਰੁਪਏ ਇਨਾਮ ਮਿਲਣਾ ਸੀ। ਮੈਂ ਚਾਈਂ ਚਾਈਂ ਰਸਾਲਾ ਚੁੱਕ ਕੇ ਕਪਤਾਨ ਸਾਹਿਬ ਕੋਲ ਲੈ ਗਿਆ।

ਮੇਰੇ ਦੱਸੇ ਤੇ ਤਾਂ ਕਪਤਾਨ ਸਾਹਿਬ ਨੂੰ ਵਿਸ਼ਵਾਸ ਨਾ ਆਇਆ, ਪਰ ਆਪ ਨਾਂ ਪੜ੍ਹ ਕੇ ਉਹ ਬਹੁਤ ਖ਼ੁਸ਼ ਹੋਏ। ਕੁਝ ਪੈਸੇ ਆਉਣ ਕਰ ਕੇ, ਕੁਝ ਘਾਲ ਥਾਇੰ ਪੈਣ ਕਰ ਕੇ ਤੇ ਕੁਝ ਅਗਾਂਹ ਨੂੰ ਹੋਰ ਆਉਣ ਦੀ ਖ਼ੁਸ਼ੀ ਸੀ। ਆਏ ਤੇ ਸਾਢੇ ਸੈਂਤੀ ਹੀ ਸਨ ਪਰ ਜੇ 'ਵੀਕਲੀ' ਵਾਲੇ ਨਾ ਘੱਲਦੇ ਤਾਂ ਉਹ ਆਪਣੀ ਆਮਦਨ ਨੂੰ ਪੰਜ ਰੁਪਈਏ ਵੀ ਕਿਸ ਤਰ੍ਹਾਂ ਵਧਾ ਸਕਦੇ ਸਨ। ਉਨ੍ਹਾਂ ਆਪਣੀ ਵਹੁਟੀ ਨੂੰ 'ਵਾਜ਼ ਮਾਰ ਕੇ ਦੱਸਿਆ। ਇਨ੍ਹਾਂ ਦੇ ਮੂੰਹ ਵਿੱਚ ਖੰਡ ਪਾਉ ਜਿਨ੍ਹਾਂ ਤੁਹਾਨੂੰ ਇਹ ਖ਼ਬਰ ਲਿਆ ਕੇ ਦਿੱਤੀ ਏ। ਉਸ ਨੇ ਖ਼ੁਸ਼ੀ ਖ਼ੁਸ਼ੀ ਕਿਹਾ।

ਖੰਡ ਤੇ ਇਹ ਖਾਂਦੇ ਨਹੀਂ ਹੋਣੇ, ਤੂੰ ਚਾਹ ਬਣਾ ਕੇ ਘੱਲ ਦੇ, ਆਪੇ ਵਿੱਚ ਘੋਲ ਕੇ ਪੀ ਲੈਣਗੇ। ਕਪਤਾਨ ਸਾਹਿਬ ਨੇ ਪ੍ਰੋਗਰਾਮ ਬਣਾਇਆ।

ਉਹ ਟੁਰ ਗਈ ਤੇ ਕੁਝ ਚਿਰ ਪਿੱਛੋਂ ਉਨ੍ਹਾਂ ਦਾ ਇਕ ਮੁੰਡਾ ਚਾਹ ਦੇ ਗਿਆ।

ਚਾਹ ਦੇ ਨਾਲ ਕੁਝ ਨਹੀਂ ਸੀ, ਤੇ ਨਾ ਮੈਨੂੰ ਆਸ ਹੀ ਸੀ। ਉਂਜ ਖ਼ੁਸ਼ ਹੋਏ ਕਪਤਾਨ ਸਾਹਿਬ ਕੋਲ ਬਹਿ ਕੇ ਮੈਨੂੰ ਬੜਾ ਸਵਾਦ ਆ ਰਿਹਾ ਸੀ।

ਪੈਸੇ ਹੈਨ ਤੇ ਥੋੜ੍ਹੇ ਜਿਹੇ, ਫਿਰ ਵੀ ਤੁਸੀਂ ਇਨ੍ਹਾਂ ਨੂੰ ਭਲਾ ਵਰਤੋਗੇ ਕਿੱਥੇ? ਕੁਝ ਚਿਰ ਹੋਰ ਗੱਲਾਂ ਕਰਨ ਪਿੱਛੋਂ ਮੈਂ ਪੁੱਛਿਆ।

ਇਹ ਤੇ ਕੋਈ ਮੁਸ਼ਕਲ ਨਹੀਂ। ਤੀਹ ਰੁਪਏ ਦਾ ਮੈਂ ਆਪਣੀ ਲੜਕੀ ਨੂੰ ਸੂਟ ਸਿਵਾ ਦਿਆਂਗਾ ਤੇ ਸਾਢੇ ਸੱਤ ਰੁਪਏ ਕਿਸੇ ਹੋਰ ਲੋੜੇ ਲੱਗ ਜਾਣਗੇ।

ਮੈਨੂੰ ਇਸ ਜਵਾਬ ਤੇ ਹੈਰਾਨੀ ਹੋਈ। ਅਜੇ ਕੋਟ ਵਾਲੀ ਗੱਲ ਮੈਨੂੰ ਭੁਲੀ ਨਹੀਂ ਸੀ, ਸਾਰੇ ਟੱਬਰ ਦੇ ਮੂੰਹੋਂ ਖੋਹ ਕੇ ਕਪਤਾਨ ਸਾਹਿਬ ਕੁੜੀ ਦੇ ਕੱਪੜਿਆਂ 'ਤੇ ਹੀ ਕਿਉਂ ਖ਼ਰਚ ਕਰਦੇ ਨੇ? ਇਹ ਜਾਣਨ ਲਈ ਮੈਂ ਉਤਾਵਲਾ ਸਾਂ। ਪੁੱਛਣ ਲਈ ਵੀ ਮੈਨੂੰ ਇਹ ਮੌਕਾ ਵਧੀਆ ਲੱਗਾ। ਕਪਤਾਨ ਸਾਹਿਬ, ਸਾਰੇ ਲੋਕ ਬੱਚਿਆਂ ਨੂੰ ਪਿਆਰ ਕਰਦੇ ਨੇ ਤੇ ਉਨ੍ਹਾਂ ਨੂੰ ਚੀਜ਼ ਵਸਤ ਵੀ ਲੈ ਕੇ ਦਿੰਦੇ ਨੇ ਪਰ ਤੁਸੀਂ ਆਪਣੀ ਲੜਕੀ ਦੇ ਕੱਪੜਿਆਂ 'ਤੇ ਕੁਝ ਬਹੁਤਾ ਈ ਖ਼ਰਚ ਕਰਦੇ ਓ।

ਬਿਲਕੁਲ ਠੀਕ ਏ। ਗੱਲ ਇਹ ਵੇ ਕਿ ਆਪਣੇ ਜੀਵਨ ਵਿੱਚ ਮੈਨੂੰ ਦੋ ਰਿਸ਼ਤੇ ਹੀ ਪੱਕੇ ਦਿਸੇ ਨੇ। ਪਹਿਲਾ ਤੇ ਬਹੁਤ ਪੱਕਾ ਰਿਸ਼ਤਾ ਏ ਕਣਕ ਤੇ ਢਿੱਡ ਦਾ। ਫ਼ੌਜ ਵਿੱਚ ਹੁੰਦਿਆਂ ਇੱਕ ਵਾਰ ਲੜਾਈ ਵਿੱਚ ਮੈਨੂੰ ਕਈ ਦਿਨ ਜੰਗਲਾਂ ਵਿੱਚ ਭੁੱਖੇ ਰਹਿ ਕੇ ਤੇ ਕੁਝ ਬਦ-ਬਲਾ ਖਾ ਕੇ ਕੱਟਣੇ ਪਏ। ਉਦੋਂ ਮੈਨੂੰ ਇਹ ਵੀ ਗਿਆਨ ਹੋਇਆ ਕਿ ਪੇਟ ਦੀ ਕਣਕ ਲਈ ਤੜਫ ਅਦੁਤੀ ਤੜਫ ਏ, ਤੇ ਚਕੋਰ ਦੀ ਚੰਨ ਲਈ ਤੜਫ ਤੇ ਹੀਰ ਦੀ ਰਾਂਝੇ ਲਈ ਤੜਫ ਇਸ ਤੋਂ ਪਿੱਛੋਂ ਦੀਆਂ ਗੱਲਾਂ ਨੇ। ਦੂਜੇ ਨੰਬਰ 'ਤੇ ਰਿਸ਼ਤਾ, ਮੈਂ ਸਮਝਣਾ ਵਾਂ ਔਰਤ ਦਾ ਸ਼ਿੰਗਾਰ ਨਾਲ ਏ। ਇਹ ਗਿਆਨ ਮੈਨੂੰ ਕਿਸ ਤਰ੍ਹਾਂ ਹੋਇਆ, ਇਹ ਕਹਾਣੀ ਕੁਝ ਲੰਮੀ ਏ।

ਚਲੋ ਬੈਠੇ ਆਂ, ਇਹ ਵੀ ਸੁਣਾ ਦਿਓ।

ਮੈਂ ਝਕਦੇ ਹੋਏ ਆਖਿਆ, ਇਸ ਗੱਲ ਤੋਂ ਕਿ ਕਿਤੇ ਗੱਲ ਦਾ ਗੁੱਸਾ ਨਾ ਕਰਨ। ਨਾਲ ਹੀ ਮੈਨੂੰ ਇਹ ਵੀ ਧਿਆਨ ਸੀ ਕਿ ਕਈ ਵਾਰੀ ਜਦੋਂ ਬੰਦਾ ਗੱਲ ਕਰਨ 'ਤੇ ਆਇਆ ਹੋਵੇ ਤਾਂ ਗੱਲ ਨਾ ਪੁੱਛਣ 'ਤੇ ਵੀ ਹੱਤਕ ਹੋਈ ਸਮਝਦਾ ਏ।

ਚੰਗਾ ਸੁਣਾਂਦਾ ਵਾਂ, ਉਨ੍ਹਾਂ ਅੱਖਾਂ ਮੀਟ ਕੇ ਸਿਰ ਹਿਲਾਂਦਿਆਂ ਹੋਇਆਂ ਕਿਹਾ ਜਿਵੇਂ ਉਸ ਪੁਰਾਣੀ ਗੱਲ ਨੂੰ 'ਵਾਜ਼ ਮਾਰ ਰਹੇ ਹੋਣ ਤੇ ਫਿਰ ਉਨ੍ਹਾਂ ਆਪਣੀ ਕਹਾਣੀ ਅਰੰਭ ਕੀਤੀ, ਫੱਬ ਫੱਬ ਕੇ ਨਿਕਲਦੀਆਂ ਜਨਾਨੀਆਂ ਤੇ ਸਦਾ ਵੇਖੀਦੀਆਂ ਹੀ ਸਨ ਪਰ ਮੈਂ ਆਖਦਾ ਸਾਂ ਕਿ ਇਹ ਵਿਹਲੀਆਂ ਦੇ ਕੰਮ ਨੇ। ਅਕਲ ਵਾਲੀਆਂ ਜਨਾਨੀਆਂ ਜਿਨ੍ਹਾਂ ਨੂੰ ਆਪਣਾ ਵਕਤ ਸੁਕਾਰਥੇ ਲਾਣਾ ਆਉਂਦਾ ਏ, ਉਹ ਤੇ ਸੱਕ-ਸੁਰਮੇ ਨੂੰ ਕੁਝ ਨਹੀਂ ਸਮਝਦੀਆਂ ਹੋਣੀਆਂ, ਪਰ ਆਪਣੀ ਇੱਕ ਪ੍ਰੀਤ ਵਿੱਚ ਮੈਨੂੰ ਇਹ ਗਿਆਨ ਹੋਇਆ।

ਅੱਛਾ।

ਸਾਰੀਆਂ ਪ੍ਰੀਤਾਂ ਖ਼ਤਰੇ ਵਾਲੀਆਂ ਹੁੰਦੀਆਂ ਨੇ, ਪਰ ਇਹ ਕੁਝ ਬਹੁਤੀ ਹੀ ਸੀ। ਕਈ ਕਈ ਹਫ਼ਤੇ ਤੇ ਗੱਲ ਵੀ ਨਾ ਹੋ ਸਕਦੀ ਤੇ ਇਕ ਦੂਜੇ ਨੂੰ ਫਿਰਦਾ ਟੁਰਦਾ ਵੇਖ ਕੇ ਹੀ ਸਿਦਕ ਕਰਨਾ ਪੈਂਦਾ। ਇਸ ਤਰ੍ਹਾਂ ਨੇੜੇ ਹੋਣ ਦੀ ਭੁੱਖ ਹੋਰ ਵਧਦੀ, ਪਰ ਭੁੱਖ ਦਾ ਬੇਵਸੀ ਤੇ ਕੀ ਰੁਹਬ ਏ?

ਆਂਹਦੇ ਨੇ ਬਾਰ੍ਹੀਂ ਵਰ੍ਹੀਂ ਰੂੜੀ ਦੀ ਵੀ ਸੁਣੀ ਜਾਂਦੀ ਏ, ਇਕ ਦਿਨ ਕੁਝ ਅਜਿਹਾ ਢੋ ਲੱਗਾ ਕਿ ਅਸੀਂ ਅੱਧਾ ਪੌਣਾ ਘੰਟਾ ਇਕੱਠੇ ਰਹਿ ਸਕਦੇ ਸਾਂ। ਸਾਨੂੰ ਇਹ ਵੀ ਪਤਾ ਸੀ ਕਿ ਇਹੋ ਜਿਹਾ ਢੋ ਫਿਰ ਸਾਰੀ ਉਮਰ ਸ਼ਾਇਦ ਨਾ ਲੱਗੇ।

ਠੀਕ, ਫੇਰ। ਮੈਂ ਕਿਹਾ।

ਪਤਾ ਨਹੀਂ ਕਿਉਂ, ਮੈਂ ਇਹ ਸਮਾਂ ਕਿਤੇ ਇਕੱਠੇ ਬਹਿਣ ਦੀ ਥਾਂ ਇਕੱਠੇ ਭੌਂ ਕੇ ਬਿਤਾਣਾ ਮਿਥਿਆ। ਜਿਵੇਂ ਸਾਡੇ ਮੀਲ ਅੱਧਾ ਮੀਲ ਇਕੱਠਿਆਂ ਟੁਰਨ ਨਾਲ ਧਰਤੀ 'ਤੇ ਕੋਈ ਲੀਕ ਪੈ ਜਾਣੀ ਹੋਵੇ ਜਿਸ ਨੂੰ ਵੇਖ ਕੇ ਬੰਦਾ ਪਿਛੋਂ ਵੀ ਜੀਉਂਦਾ ਰਹਿ ਸਕੇ।

ਉਸ ਦੇ ਘਰ ਜਾ ਕੇ ਮੈਂ ਇਹ ਸਲਾਹ ਦੱਸੀ। ਉਸ ਨੂੰ ਵੀ ਪਸੰਦ ਆਈ ਤੇ ਉਸ ਨੇ ਕਿਹਾ, ਤੁਸੀਂ ਹੇਠਾਂ ਸੜਕ ਤੇ ਚੱਲੋ, ਮੈਂ ਜੰਦਰੇ ਲਾ ਕੇ ਆਉਂਦੀ ਹਾਂ।

ਮੈਂ ਹੇਠਾਂ ਆ ਕੇ ਉਸ ਦੀ ਉਡੀਕ ਕਰਨ ਲੱਗਾ। ਮੇਰਾ ਕਿਆਸ ਸੀ ਕਿ ਉਸ ਨੂੰ ਇਕ ਦੋ ਮਿੰਟ ਤੋਂ ਵੱਧ ਨਹੀਂ ਲੱਗਣੇ। ਸਾਡੇ ਕੋਲ ਵੇਲਾ ਵੀ ਬਹੁਤਾ ਨਹੀਂ ਸੀ ਤੇ ਇਹ ਮਿਲਿਆ ਕਿਹੜਾ ਸੌਖਾ ਸੀ ਕਿ ਇਸ ਵਿਚੋਂ ਐਵੇਂ ਕੋਈ ਮਿੰਟ ਖਲਾਰਦਾ ਫਿਰੇ।

ਧੜਕਦੇ ਦਿਲ ਨਾਲ ਮੈਨੂੰ ਸੜਕ 'ਤੇ ਉਡੀਕਦਿਆਂ ਪੰਜ ਮਿੰਟ ਹੋ ਗਏ ਤੇ ਫਿਰ ਦਸ। ਉਹ ਅਜੇ ਵੀ ਨਹੀਂ ਸੀ ਆਈ। ਮੈਂ ਹੈਰਾਨ ਸਾਂ ਕਿ ਉਸ ਨੂੰ ਅੰਦਰ ਕਿਸ ਭੂਤ ਨੇ ਫੜ ਲਿਆ ਏ। ਉਥੇ ਖਲੋਣਾ ਵੀ ਬੜਾ ਔਖਾ ਸੀ ਕਿਉਂਕਿ ਮੈਨੂੰ ਇੰਜ ਲਗਦਾ ਸੀ ਜਿਵੇਂ ਹਰ ਲੰਘਦਾ ਜਾਂਦਾ ਮੇਰੇ 'ਤੇ ਸ਼ੱਕ ਕਰ ਰਿਹਾ ਹੋਵੇ। ਸਭ ਤੋਂ ਛੋਟਾ ਦਿਲ ਕਹਿੰਦੇ ਨੇ ਕਬੂਤਰ ਦਾ ਹੁੰਦਾ ਏ ਪਰ ਮੇਰਾ ਤੇ ਉਸ ਵੇਲੇ ਕਬੂਤਰ ਤੋਂ ਵੀ ਛੋਟਾ ਹੋਣਾ ਏ। ਜਿੰਨਾ ਚਿਰ ਉਸ ਪੌਣੇ ਘੰਟੇ ਵਿਚੋਂ ਇਕ ਮਿੰਟ ਵੀ ਰਹਿੰਦਾ ਸੀ, ਉਥੋਂ ਹਿੱਲਣ ਦਾ ਵੀ ਕੋਈ ਸਵਾਲ ਨਹੀਂ ਸੀ ਕਿਉਂਕਿ ਇਹ ਵੇਲਾ ਤੇ ਸਾਰੀ ਉਮਰ ਮੁੜ ਕੇ ਆਉਣਾ ਹੀ ਨਹੀਂ ਸੀ।

ਮੈਨੂੰ ਉਥੇ ਖਲੋਤਿਆਂ ਵੀਹ ਮਿੰਟ ਹੋ ਗਏ ਹੋਣੇ ਨੇ, ਜਦੋਂ ਉਹ ਆਪਣੇ ਘਰ ਵਿਚੋਂ ਨਿਕਲੀ ਪਰ ਜਿਸ ਤਰ੍ਹਾਂ ਦੀ ਮੈਂ ਉਹਨੂੰ ਵੀਹ ਮਿੰਟ ਪਹਿਲਾਂ ਛੱਡ ਕੇ ਆਇਆ ਸਾਂ, ਉਸ ਨਾਲੋਂ ਦੂਣੀ ਚੌਣੀ ਸੁੰਦਰਤਾ ਉਹ ਆਪਣੇ ਵਿੱਚ ਭਰ ਕੇ ਆਈ। ਉਹ ਇੰਨੀ ਫੱਬੀ ਹੋਈ ਸੀ ਕਿ ਜੇ ਮੇਰੀ ਨੀਝ ਉਸ ਦੇ ਘਰ ਵੱਲ ਨਾ ਲੱਗੀ ਹੁੰਦੀ ਤਾਂ ਮੈਂ ਉਸ ਨੂੰ ਦੂਰੋਂ ਪਛਾਣਨਾ ਹੀ ਨਹੀਂ ਸੀ। ਤੇ ਮੇਰਾ ਸਿਰ ਔਰਤ ਤੇ ਸ਼ਿੰਗਾਰ ਦੇ ਰਿਸ਼ਤੇ ਸਾਹਮਣੇ ਨਿਉਂ ਗਿਆ। ਇਕ ਅੱਖ ਦੇ ਫੋਰ ਲਈ ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਉਸ ਦਾ ਅਸਲੀ ਪਿਆਰ ਆਪਣੇ ਸ਼ਿੰਗਾਰ ਨਾਲ ਸੀ ਤੇ ਮੇਰੇ ਨਾਲ ਦੂਜੇ ਨੰਬਰ 'ਤੇ; ਪਰ ਫਿਰ ਇਹ ਖ਼ਿਆਲ ਬਲਵਾਨ ਹੋ ਗਿਆ ਕਿ ਸ਼ਿੰਗਾਰ ਵੀ ਮੇਰੇ ਕਰ ਕੇ ਹੀ ਹੈ।÷

ਉਨ੍ਹਾਂ ਗੱਲ ਜਾਰੀ ਰੱਖੀ।

ਵਿਆਹ ਵਾਲੀ ਕੁੜੀ ਦਾ ਤੇ ਐਵੇਂ ਨਾਂ ਈ ਏ, ਵਾਹ ਲੱਗਦੀ ਹਰ ਇਸਤਰੀ ਹਰ ਰੋਜ਼ ਵਿਆਹ ਵਾਲੀ ਕੁੜੀ ਏ।

ਹਰ ਆਦਮੀ ਦੇ ਜੀਵਨ ਵਿੱਚ ਕੁਝ ਘੜੀਆਂ ਇਹੋ ਜਿਹੀਆਂ ਆਉਂਦੀਆਂ ਨੇ ਜਦੋਂ ਉਹ ਆਪਣੇ ਆਪ ਨੂੰ ਰੱਬ ਦਾ ਸ਼ਰੀਕ ਸਮਝਦਾ ਹੈ। ਆਦਮੀ ਨੂੰ ਧੁੱਪ ਦਿਸਣ ਲਗ ਪੈਂਦੀ ਏ, ਹਵਾ ਟੁਰਦੀ ਜਾਪਦੀ ਏ, ਹਰ ਅੱਖ ਲਿਸ਼ਕਦੀ ਏ, ਹਰ ਘਰ ਤੇ ਸੋਨਾ ਫਿਰਿਆ ਲੱਗਦਾ ਏ। ਉਹ ਇਕ ਇਹੋ ਜਿਹਾ ਦਿਨ ਸੀ।

ਇਸ ਗੱਲ ਨੂੰ ਕਈ ਸਾਲ ਹੋ ਗਏ ਨੇ। ਮੈਂ ਅਜੇ ਤੱਕ ਉਸ ਨੂੰ ਉਸ ਦੇ ਉਸ ਵੇਲੇ ਦੇ ਸਲੇਟੀ ਕੱਪੜਿਆਂ ਤੋਂ ਵੱਖਰਾ ਨਹੀਂ ਵੇਖ ਸਕਦਾ ਜਿਨ੍ਹਾਂ ਨੂੰ ਉਸ ਨੇ ਇੰਨਾ ਮਹਿੰਗਾ ਸਮਾਂ ਲਾ ਕੇ ਪਾਇਆ ਸੀ। ਮੇਰੇ ਮਨ ਵਿੱਚ ਘੜੀ ਹੋਈ ਉਸ ਦੀ ਮੂਰਤ ਉਸੇ ਦਿਨ ਦੀ ਏ। ਮੈਂ ਜਦੋਂ ਉਸ ਮੂਰਤ ਨੂੰ ਚਿਤਾਰਦਾ ਹਾਂ ਤਾਂ ਸੋਚਦਾ ਹਾਂ ਕਿ ਮਹਿੰਗੇ ਪੌਣੇ ਘੰਟੇ ਵਿਚੋਂ ਉਸ ਨੇ ਵੀਹ ਮਿੰਟ ਆਪਣੇ ਸ਼ਿੰਗਾਰ ਨੂੰ ਦਿੱਤੇ ਤੇ ਵੀਹ ਮਿੰਟ ਮੈਨੂੰ। ਉਸ ਦਾ ਅਸਲੀ ਪਿਆਰ ਆਪਣੇ ਸ਼ਿੰਗਾਰ ਨਾਲ ਸੀ ਜਾਂ ਮੇਰੇ ਨਾਲ? ਉਸ ਦਿਨ ਜਿਹਾ ਸੁਖਾਵਾਂ ਜਵਾਬ ਮੈਨੂੰ ਅੱਜ ਨਹੀਂ ਮਿਲਦਾ।

ਮੇਰੀ ਪਿਆਲੀ ਦੀ ਚਾਹ ਠੰਢੀ ਹੋ ਚੁੱਕੀ ਸੀ। ਕਪਤਾਨ ਸਾਹਿਬ ਦੀ ਕਹਾਣੀ ਵਿੱਚ ਨ੍ਹਾਤੇ ਹੋਏ ਦਾ ਮੇਰਾ ਹੋਰ ਬਣਵਾਉਣ ਦਾ ਵੀ ਦਿਲ ਨਹੀਂ ਸੀ। ਉਨ੍ਹਾਂ ਦੇ ਇਨ੍ਹਾਂ ਭੇਤਾਂ ਦੇ ਸਵਾਦ ਨੂੰ ਮੈਂ ਚਾਹ ਵਿੱਚ ਦੱਬਣਾ ਚਾਹੁੰਦਾ ਸਾਂ। ਕੁਝ ਚਿਰ ਹੋਰ ਮੈਂ ਉਥੇ ਬੈਠਾ ਰਿਹਾ ਤੇ ਫਿਰ ਬਿਨਾਂ ਕੂਏ ਉਠ ਕੇ ਟੁਰ ਪਿਆ। ਸਲੇਟੀ ਕੱਪੜਿਆਂ ਵਾਲੀ, ਫੱਬੀ ਹੋਈ ਕੁੜੀ ਮੇਰੀਆਂ ਅੱਖਾਂ ਸਾਹਮਣੇ ਉੱਡ ਰਹੀ ਸੀ।

ਲੋਕ ਕਹਾਣੀ

## ਸ਼ੇਖਚਿੱਲੀ ਤੇ ਘੜਾ



ਇੱਕ ਦਿਨ ਸ਼ੇਖਚਿੱਲੀ ਬਜ਼ਾਰ ਵਿੱਚ ਜਾ ਰਿਹਾ ਸੀ। ਬਜ਼ਾਰ ਵਿੱਚ ਇੱਕ ਆਦਮੀ ਖੜ੍ਹਾ ਸੀ, ਜਿਸ ਕੋਲ ਇੱਕ ਘੜਾ ਸੀ। ਉਹ ਆਦਮੀ ਕਿਸੇ ਭਾਰ ਚੁੱਕਣ ਵਾਲੇ ਨੂੰ ਲੱਭ ਰਿਹਾ ਸੀ, ਜਿਹੜਾ ਰੁਪਈਆ ਲੈਕੇ ਉਸ ਦਾ ਘੜਾ ਚੁੱਕ ਦੇਵੇ। ਸ਼ੇਖਚਿੱਲੀ ਇਸ ਕੰਮ ਲਈ ਤਿਆਰ ਹੋ ਗਿਆ। ਸ਼ੇਖਚਿੱਲੀ ਘੜੇ ਨੂੰ ਸਿਰ ਤੇ ਰੱਖ ਕੇ ਉਸ ਆਦਮੀ ਦੇ ਪਿੱਛੇ-ਪਿੱਛੇ ਤੁਰ ਪਿਆ।

ਸ਼ੇਖਚਿੱਲੀ ਨੇ ਸੋਚਿਆ, ਮੈਨੂੰ ਇੱਕ ਰੁਪਿਆ ਮਿਲੇਗਾ, ਮੈਂ ਇਸ ਦੀ ਇੱਕ ਮੁਰਗੀ ਖਰੀਦਾਂਗਾ।

ਜਦ ਉਹ ਮੁਰਗੀ ਚੂਚੇ ਦੇਵੇਗੀ ਤਾਂ ਉਹਨਾਂ ਸਾਰਿਆਂ ਨੂੰ ਵੇਚ ਕੇ ਮੈ ਇੱਕ ਬੱਕਰੀ ਲਵਾਂਗਾ

ਫਿਰ ਉਹ ਬੱਕਰੀ ਮੇਮਣੇ ਦੇਵੇਗੀ।

ਉਹਨਾ ਮੇਮਣਿਆਂ ਨੂੰ ਵੇਚ ਕੇ ਮੈਂ ਇੱਕ ਗਊ ਲਵਾਂਗਾ।

ਉਹ ਗਊ ਵੱਛੇ-ਵੱਛੀਆਂ ਦੇਵੇਗੀ।

ਫਿਰ ਮੈਂ ਉਹਨਾਂ ਨੂੰ ਵੇਚ ਕੇ ਇੱਕ ਮੱਝ ਖਰੀਦਾਂਗਾ।

ਉਹ ਮਝ ਕੱਟੇ-ਕੱਟੀਆਂ ਦੇਵੇਗੀ।

ਫਿਰ ਮੈਂ ਉਹਨਾਂ ਸਾਰਿਆਂ ਨੂੰ ਵੇਚ ਕੇ ਇੱਕ ਘੋੜੀ ਲਵਾਂਗਾ।

ਉਹ ਘੋੜੀ ਵੀ ਵਛੇਰੇ-ਵਛੇਰੀਆਂ ਦੇਵੇਗੀ ਤਾਂ ਮੈਂ ਉਹਨਾਂ ਨੂੰ ਵੇਚ ਕੇ ਆਪਣਾ ਵਿਆਹ ਕਰਾਵਾਂਗਾ।

ਮੇਰੀ ਪਤਨੀ ਮੇਰੇ ਘਰ ਆਵੇਗੀ।

ਮੇਰੇ ਬੱਚੇ ਹੋਣਗੇ, ਮੇਰਾ ਪਰਿਵਾਰ ਵਧੇਗਾ।

ਫਿਰ ਮੈਂ ਆਪਣੇ ਬੈਠਣ ਲਈ ਇੱਕ ਬੈਠਕ ਬਣਾਵਾਂਗਾ।

ਮੈਂ ਬੈਠਕ ਵਿੱਚ ਬੈਠਾ ਹੋਵਾਂਗਾ। ਫਿਰ ਮੇਰਾ ਲੜਕਾ ਮੇਰੇ ਕੋਲ ਆਵੇਗਾ।

ਉਹ ਕਹੇਗਾ, ਬਾਪੂ ਜੀ, ਰੋਟੀ ਖਾ ਲਉ।

ਮੈਂ ਉਦੋਂ ਕੰਮ ਵਿੱਚ ਰੁਝਿਆ ਹੋਵਾਂਗਾ।

ਮੈਂ ਉਸ ਨੂੰ ਗੁੱਸੇ ਵਿੱਚ ਬੋਲਾਂਗਾ ਚੱਲ ਪਰ੍ਹੇ ਹਟ....

ਇਹ ਕਹਿੰਦਿਆਂ ਹੀ ਘੜਾ ਸ਼ੇਖਚਿੱਲੀ ਦੇ ਸਿਰ ਤੋਂ ਡਿੱਗ ਪਿਆ ਤੇ ਟੁੱਟ ਗਿਆ। ਘੜੇ ਦਾ ਮਾਲਕ ਰੋਣ ਲੱਗ ਪਿਆ। ਤਦ ਸ਼ੇਖਚਿੱਲੀ ਬੋਲਿਆ, ਤੂੰ ਤਾਂ ਇੱਕ ਘੜੇ ਲਈ ਰੋਂਦਾ ਹੈਂ .... ਦੇਖ ਮੇਰਾ ਤਾਂ ਸਾਰਾ ਟੱਬਰ ਹੀ ਰੁੜ੍ਹ ਗਿਆ.... ਮੈਂ ਕੀ ਕਰਾਂ?

# ਮੇਰੀ ਕਲਮ

## ਦਰਦ ਸੁਣਾਵਣ ਅੱਖੀਆਂ

ਡਾ: ਸਤਿੰਦਰਜੀਤ ਕੌਰ



ਮਾਏ ਨੀ
ਮਾਏ ਨੀ! ਦਰਦ ਸੁਣਾਵਣ ਅੱਖੀਆਂ।
ਮਾਏ ਨੀ! ਵਰ੍ਹਦਾ ਸਾਵਣ ਅੱਖੀਆਂ।

ਉਹਦੇ ਪਿਆਰ ਨੂੰ ਯਾਦ ਕਰਦਿਆਂ,
ਛਮ ਛਮ ਨੀਰ ਵਹਾਵਣ ਅੱਖੀਆਂ
ਮਾਏ ਨੀ! ਨੀਂਦ ਚੁਰਾਵਣ ਅੱਖੀਆਂ।

ਜਿਸ ਪਲ ਉਹ ਨਜ਼ਰੀਂ ਨਾ ਆਵੇ,
ਹੰਝੂਆਂ ਵਿੱਚ ਢਲ ਜਾਵਣ ਅੱਖੀਆਂ
ਮਾਏ ਨੀ! ਪੀੜ ਸੁਣਾਵਣ ਅੱਖੀਆਂ।

ਰੁੱਸ ਕੇ ਉਹ ਤਾਂ ਦੂਰ ਤੁਰ ਗਿਆ ,
ਰਾਤਾਂ ਕਿੰਜ ਲੰਘਾਵਣ ਅੱਖੀਆਂ।
ਮਾਏ ਨੀ! ਦਰਦ ਸੁਣਾਵਣ ਅੱਖੀਆਂ।

ਬਿਨ ਬੋਲੇ ਹੀ ਸਭ ਕੁਝ ਆਖਣ,
ਬਿਨ ਸ਼ਬਦਾਂ ਤੋਂ ਗਾਵਣ ਅੱਖੀਆਂ
ਮਾਏ ! ਨਾ ਦਰਦ ਭੁਲਾਵਣਅੱਖੀਆਂ।

ਨਿੱਕੀ ਉਮਰੇ ਦਰਦ ਪਰਾਗਾ
ਬੁੱਟਰ ਝੋਲੀ ਪਾਵਣ ਅੱਖੀਆਂ
ਮਾਏ! ਸੁਣੀਂ! ਸੁਣਾਵਣ ਅੱਖੀਆਂ।

## ਉਡੀਕੇ ਰੋਜ਼ ਇਹ ਧਰਤੀ ਗੁਲਾਬਾਂ ਦੀ ਖ਼ਬਰ ਕੋਈ

ਸੁਖਵਿੰਦਰ ਅੰਮ੍ਰਿਤ



ਉਡੀਕੇ ਰੋਜ਼ ਇਹ ਧਰਤੀ ਗੁਲਾਬਾਂ ਦੀ ਖ਼ਬਰ ਕੋਈ
ਗੁਆਚੀ ਜੋਤ ਨੂੰ ਜਿਉਂ ਭਾਲਦਾ ਹੈ ਬੇਨਜ਼ਰ ਕੋਈ
ਮੇਰੀ ਮਿੱਟੀ 'ਚੋਂ ਵੀ ਦੀਵੇ ਜਗੇ ਤੇ ਫੁੱਲ ਖਿੜੇ ਲੋਕੋ
ਕਿਵੇਂ ਆਖਾਂ ਨਹੀਂ ਲਗਦਾ ਇਨ੍ਹਾਂ ਪੌਣਾਂ ਤੋਂ ਡਰ ਕੋਈ
ਜਿਵੇਂ ਮੈਂ ਉਸ ਦਿਆਂ ਰਾਹਾਂ 'ਚ ਜਗ ਜਗ ਬੁਝ ਗਈ ਹੋਵਾਂ
ਇਓਂ ਲੰਘਿਆ ਹੈ ਮੇਰੇ ਕੋਲ ਦੀ ਅੱਜ ਬੇਖ਼ਬਰ ਕੋਈ
ਸਮਾਂ ਬੇਖ਼ੌਫ਼ ਤੁਰਦਾ ਹੈ , ਹਵਾ ਬੇਝਿਜਕ ਵਗਦੀ ਹੈ
ਖ਼ਲਾ ਵਿੱਚ ਕਿਉਂ ਨਹੀਂ ਫਿਰ ਝੂਮਦੀ ਮੇਰੀ ਲਗਰ ਕੋਈ
ਨਹੀਂ ਇਤਬਾਰ ਜੇ ਹਾਲੇ ਤਾਂ ਮੇਰੀ ਜਾਨ ਹਾਜ਼ਿਰ ਹੈ
ਕਿਵੇਂ ਹਰ ਗੱਲ 'ਤੇ ਚੀਰੇ ਤੇਰੇ ਸਾਹਵੇਂ ਜਿਗਰ ਕੋਈ
ਮੇਰੇ ਅਸਮਾਨ ਵਿੱਚ ਵੀ ਇੱਕ ਸਿਤਾਰਾ ਜਗਮਗਾ ਉੱਠਿਆ
ਕਿ ਆਖ਼ਰ ਮਿਲ ਗਿਆ ਇਸ ਰਾਤ ਨੂੰ ਵੀ ਹਮਸਫ਼ਰ ਕੋਈ

## ਖੋਹ ਲਈ ਹੈ ਦਰਦ ਨੇ ਮੇਰੀ ਜ਼ੁਬਾਨ

ਗੁਰਦੀਪ

ਖੋਹ ਲਈ ਹੈ ਦਰਦ ਨੇ ਮੇਰੀ ਜ਼ੁਬਾਨ।
ਕਹਿ ਨਹੀਂ ਜ਼ਖ਼ਮਾਂ ਦੀ ਹੋਈ ਦਾਸਤਾਨ।
ਦਿਲ ਰਿਹਾ ਏ ਧੜਕਦਾ ਇਨਸਾਨ ਦਾ,
ਅਜ਼ਲ ਤੋਂ ਖ਼ੁਸ਼ੀਆਂ ਗ਼ਮਾਂ ਦੇ ਦਰਮਿਆਨ।
ਇਕ ਅਮੀਰੀ ਹੈ ਤੁਹਾਡੀ ਦਾਗਦਾਰ,
ਇਸਦੇ ਦਾਮਨ 'ਤੇ ਨੇ ਭੁੱਖਾਂ ਦੇ ਨਿਸ਼ਾਨ।
ਇਸ ਤਰ੍ਹਾਂ ਬਦਲੀ ਹੈ ਸੂਰਤ ਸ਼ਹਿਰ ਦੀ,
ਲੱਭਣਾ ਮੁਸ਼ਕਿਲ ਹੈ ਯਾਰਾਂ ਦਾ ਮਕਾਨ।
ਮੇਰੀ ਰੁਸਵਾਈ ਦਾ ਕਾਰਨ ਹੀ ਸਹੀ,
ਖ਼ਵਾਬ ਹੀ ਮੇਰੇ ਨੇ ਮੇਰੇ ਰਾਜ਼ਦਾਨ।
ਸ਼ੇਖ ਤੇਰੀ ਏਸ ਜੰਨਤ ਤੋਂ ਪਰੇ,
ਹੋਰ ਹੈ ਇੱਕ ਆਰਜ਼ੂਆਂ ਦਾ ਜਹਾਨ।
ਦੇਖਿਆ ਹੈ ਛਲਕਦੇ ਹਰ ਜਾਮ 'ਤੇ,
ਅਰਸ਼ ਹੋ ਜਾਂਦਾ ਹੈ ਅਕਸਰ ਮਿਹਰਬਾਨ।
ਸੱਚ ਬੋਲਣ ਦੀ ਕਸਮ ਖਾਂਦੇ ਰਹੇ,
ਅੱਜ ਤੀਕਰ ਝੂਠ ਦੇ ਸਭ ਤਰਜ਼ਮਾਨ।

## ਸੱਤ ਸਮੁੰਦਰੋਂ ਪਾਰ ਗਿਆ

ਕੁਲਜੀਤ ਕੌਰ ਗ਼ਜ਼ਲ



ਸੱਤ ਸਮੁੰਦਰੋਂ ਪਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ
ਸਾਨੂੰ ਛੱਡ ਕੇ ਅੱਧ ਵਿਚਕਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ

ਪਰਦੇਸੀ ਸੀ, ਪਰਦੇਸੀਆਂ ਨੇ ਇੱਕ ਦਿਨ ਤੁਰ ਜਾਣਾ ਹੁੰਦਾ ਏ
ਕੀ ਮਾਣ ਮਿੱਟੀ ਦੇ ਬਾਵਿਆਂ 'ਤੇ ਇਹਨਾ ਖੁਰ ਜਾਣਾ ਹੁੰਦਾ ਏ
ਮੈਨੂੰ ਬਿਰਹਾ ਸੂਲੀ ਚਾੜ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ

ਸਮੁੰਦਰੋਂ ਡੂੰਗਾ ਪਿਆਰ ਮੇਰਾ, ਕਿਸੇ ਹੋਰ ਕੋਲੋਂ ਕਰ ਹੋਣਾ ਨਾ
ਪੈ ਗਿਆ ਵਿਛੋੜਾ ਉਮਰਾਂ ਦਾ ਕੱਲੀ ਜਿੰਦ ਤੋਂ ਜਰ ਹੋਣਾ ਨਾ
ਹਾਰ ਗਿਆ, ਮੇਰਾ ਪਿਆਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ

ਦੁਨੀਆਂ ਦੇ ਤਾਹਨੇ ਮਿਹਣਿਆਂ ਨੂੰ ਹਸ ਹਸ ਕੇ ਜਰਨਾ ਔਖਾ ਏ
ਇਸ ਪਿਆਰ ਵਿਹੂਣੀ ਜਿੰਦਗੀ ਤੋਂ ਬਿਨ ਸੱਜਣਾ ਮਰਨਾ ਸੋਖਾ ਏ
ਜਿਓਂਦੀ ਹੀ ਕੁਲਜੀਤ ਨੂੰ ਮਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ

## ਦਿਨ ਚੜ੍ਹੇ ਤੂੰ ਮੇਰੀ ਸਵੇਰ ਹੋਵੇਂ ਤੇ ਸ਼ਾਮਾਂ ਨੂੰ ਸ਼ਾਮ ਹੋਵੇਂ

ਜਸਵੰਤ ਜ਼ਫ਼ਰ

ਦਿਨ ਚੜ੍ਹੇ ਤੂੰ ਮੇਰੀ ਸਵੇਰ ਹੋਵੇਂ ਤੇ ਸ਼ਾਮਾਂ ਨੂੰ ਸ਼ਾਮ ਹੋਵੇਂ।
ਦਿਨੇਂ ਹੋਵੇਂ ਸਾਰੀ ਸਰਗਰਮੀ ਰਾਤਾਂ ਨੂੰ ਮੇਰਾ ਆਰਾਮ ਹੋਵੇਂ।
ਤੁਰਾਂ ਤਾਂ ਮੇਰੇ ਨਾਲ ਹੋਵੇਂ ਮਨ ਦੇ ਵਿਚਲਾ ਖ਼ਿਆਲ ਹੋਵੇਂ,
ਪੜ੍ਹਨ ਲਈ ਅੱਖਰ ਸਾਰੇ ਲਿਖਣ ਨੂੰ ਮੇਰਾ ਕਲਾਮ ਹੋਵੇਂ।
ਬੋਲਣ ਲਈ ਮੇਰੇ ਬੋਲ ਤੇ ਹਰ ਵੇਲੇ ਇਸ ਤਰ੍ਹਾਂ ਕੋਲ ਹੋਵੇਂ,
ਬੁਰਾ ਹੋਵਾਂ ਤੂੰ ਉਪਦੇਸ਼ ਬਣੇਂ ਖ਼ਰਾ ਹੋਵਾਂ ਤੂੰ ਇਨਾਮ ਹੋਵੇਂ।
ਉੱਡਣੇ ਦਾ ਉਤਸ਼ਾਹ ਹੋਵੇਂ ਵਗਣੇ ਦਾ ਮੇਰਾ ਚਾਅ ਹੋਵੇਂ,
ਦੌੜਾਂ ਤੂੰ ਮੇਰੀ ਸ਼ੂਕ ਹੋਵੇਂ ਕਦੀ ਰੋਕਣ ਲਈ ਲਗਾਮ ਹੋਵੇਂ।
ਹਉਮੈਂ ਦੀ ਸਿਖਰ ਤੂੰ ਹੋਵੇਂ ਤੇ ਮੁਕਤੀ ਦੀ ਸ਼ੁਰੂਆਤ ਹੋਵੇਂ,
ਔਕਾਤ ਦੀ ਤੂੰ ਔਕਾਤ ਹੋਵੇਂ ਅੰਜਾਮ ਦਾ ਤੂੰ ਅੰਜਾਮ ਹੋਵੇਂ।

## ਹਾਂ ਮੈ ਸ਼ਾਮਿਲ ਹਾਂ

ਗੌਰਵ ਧੀਮਾਨ





ਹਾਂ ਮੈ ਸ਼ਾਮਿਲ ਹਾਂ,
ਉਨ੍ਹਾਂ ਕਿਰਦਾਰਾਂ ਦੀ ਗੁਣਵੱਤਾ ਵਿੱਚ,
ਜੋ ਰੁੱਤਬਾ ਬਿਨ ਦੇਖੇ ਚੱਲਦੇ ਨੇ,
ਕਿਸੇ ਰਾਜਨੀਤਿਕ ਝੂਠੇ ਪੰਨ੍ਹੇ ਵਾਂਗ ਨਹੀਂ।

ਹਾਂ ਮੈ ਸ਼ਾਮਿਲ ਹਾਂ,
ਜ਼ਿੰਦਗੀ ਦੇ ਕਾਬਿਲ ਜਵਾਬ ਵਿੱਚ,
ਜਿੱਥੇ ਇੱਜਤ ਢੱਕ ਦੀ ਗੱਲਾਂ ਕਰਦੇ ਨੇ,
ਕਿਸੇ ਹੈਵਾਨੀਅਤ ਦੇ ਨਾਮ ਨੂੰ ਪ੍ਰਵਾਸ ਨਹੀਂ।

ਹਾਂ ਮੈ ਸ਼ਾਮਿਲ ਹਾਂ,
ਮਾਂ ਦੇ ਪਿਆਰ ਵਿਸ਼ਵਾਸ਼ ਵਿੱਚ,
ਜੋ ਠੰਢੀ ਛਾਂ ਧੁੱਪੇ ਨਾ ਕਦੇ ਰੱਖਦੇ ਨੇ,
ਉਨ੍ਹਾਂ ਦੀ ਮਮਤਾ ਕਮਾਲ ਮੈਤੋਂ ਜਵਾਬ ਨਹੀਂ।

ਹਾਂ ਮੈ ਸ਼ਾਮਿਲ ਹਾਂ,
ਜ਼ਿੰਦਗੀ ਦੇ ਰੰਗ ਫਿੱਕੇ ਹਿਸਾਬ ਵਿੱਚ,
ਜੋ ਵਿਸ਼ਵਾਸ਼ ਦਾ ਗਲ਼ ਵੱਢਦੇ ਨੇ,
ਉਹਨਾਂ ਝੂਠੇ ਮਕਾਰਾਂ ਦੀ ਔਕਾਤ ਨਹੀਂ।

ਹਾਂ ਮੈ ਸ਼ਾਮਿਲ ਹਾਂ,
ਆਪਣੀ ਹੀ ਬਣਾਈ ਆਮ ਕਾਵਿ ਵਿੱਚ,
ਕਿਸੇ ਦੇ ਮਨ ਨੂੰ ਠੇਸ ਨਾ ਭਰਦੇ ਨੇ,
ਗੌਰਵ ਦੇ ਲਿਖ ਬੋਲ ਕਦੇ ਸਵਾਲ ਨਹੀਂ।

## ਤਮਾਸ਼ਬੀਨ

ਹਰਪ੍ਰੀਤ ਕੌਰ ਧੂਤ



ਇਹ ਸੜਕ
ਤੇ ਕਿਸਦੀ ਲਾਸ਼ ਪਈ ਹੈ ?
ਭੀੜ ਤਮਾਸ਼ਾ ਦੇਖ ਰਹੀ ਹੈ
ਕੁੱਤੇ ਜਿਸਮ ਫ਼ਰੋਲ ਰਹੇ ਨੇ
ਲੋਕੀਂ ਕੁੱਝ ਨਾ ਬੋਲ ਰਹੇ ਨੇ
ਸਾਸ਼ਕ ਨੂੰ
ਕੋਈ ਫ਼ਰਕ ਨਾ ਪੈਂਦਾ
ਉਸ ਲਈ ਪੈਸਾ ਟੋਲ ਰਹੇ ਨੇ

ਇਨਸਾਨਾਂ ਤੋਂ ਚੰਗੇ
ਤਾਂ ਕੁੱਤੇ ਨੇ ਹੋ ਗਏ
ਇੱਕ ਦੂਜੇ ਲਈ ਬੋਲ ਰਹੇ ਨੇ
ਗਲੇ ਸੜੇ ਜਿਸਮਾਂ ਦੇ ਵਿੱਚੋਂ
ਕੁੱਝ ਨਾ ਕੁੱਝ ਤੇ ਟੋਲ ਰਹੇ ਨੇ

ਬੰਦਿਆਂ ਦੇ ਦਿਲ ਪੱਥਰ ਨੇ ਹੋ ਗਏ
ਗਿਰਵੀ ਰੱਖ ਬੈਠੇ ਨੇ ਖ਼ੁਦ ਨੂੰ
ਜ਼ਮੀਰਾਂ ਨੂੰ ਛਿੱਕੇ ਟੰਗਕੇ
ਖ਼ੁਦ ਹੀ ਖ਼ੁਦ ਨੂੰ ਰੋਲ ਰਹੇ ਨੇ

ਕੀ ਹੁੰਦੇ ਸੀ
ਕੀ ਬਣ ਬੈਠੇ ਨੇ
ਸੋਹਣਾ ਵਿਰਸਾ ਭੁੱਲ ਚੁੱਕੇ ਨੇ
ਟਿੱਕ ਟੋਕਾਂ ਤੇ
ਪਤਾ ਨਹੀਂ ਕੀ ਟੋਲ ਰਹੇ ਨੇ
ਆਪਣੀ ਭਾਸ਼ਾ ਭੁੱਲ ਰਹੇ ਨੇ

ਆਪਣੀ ਭਾਸ਼ਾ ਭੁੱਲ ਰਹੇ ਨੇ
ਗ਼ੈਰਾਂ ਦੀ ਬੋਲੀ ਬੋਲ ਰਹੇ ਨੇ
ਇਹ
ਸੜਕ 'ਤੇ ਕਿਸਦੀ ਲਾਸ਼ ਪਈ ਹੈ ।

ਸਰੂਪ ਸਿੰਘ

# ਲੋਕ ਦਿਲਾਂ ਵਿੱਚ ਵਸਦਾ ਕੁਲਦੀਪ ਮਾਣਕ



ਮਾਣਕ ਉਹ ਅਨਮੋਲ ਵਸਤੂ ਹੈ, ਜਿਸ ਦੀ ਕੋਈ ਕੀਮਤ ਨਹੀਂ, ਭਾਵ ਉਸ ਨੂੰ ਕੋਈ ਖ਼ਰੀਦ ਨਹੀਂ ਸਕਦਾ। ਅਸੀਂ ਜਿਸ ਮਾਣਕ ਦੀ ਅੱਜ ਗੱਲ ਕਰਨ ਜਾ ਰਹੇ ਹਾਂ ਉਸ ਨੇ ਵੀ ਗ਼ਰੀਬੀ ਤੇ ਭੁੱਖ ਪਿਆਸ ਦੀ ਭੱਠੀ ਵਿੱਚ ਤਪ ਕੇ ਆਪਣੀ ਮਿਹਨਤ ਨਾਲ ਪੰਜਾਬੀ ਗਾਇਕੀ 'ਚ ਖ਼ੁਦ ਨੂੰ ਸਮਰਪਿਤ ਕਰ ਕੇ ਮਾਲਵੇ ਦਾ ਸਪੂਤ, ਕਲੀਆਂ ਦਾ ਬਾਦਸ਼ਾਹ, ਲੋਕ ਗਾਥਾਵਾਂ ਦਾ ਬਾਦਸ਼ਾਹ ਵਰਗੇ ਅਨੇਕ ਖ਼ਿਤਾਬ ਹਾਸਿਲ ਕਰ ਕੇ ਆਪਣੇ ਨਾਂ ਨੂੰ ਗਾਇਕੀ ਦੇ ਸੱਤਵੇਂ ਅਸਮਾਨ ਵਿੱਚ ਲਿਖਵਾਇਆ।

ਕੁਲਦੀਪ ਮਾਣਕ ਦਾ ਜਨਮ ਬਠਿੰਡਾ ਜ਼ਿਲ੍ਹੇ ਦੇ ਪਿੰਡ ਜਲਾਲ ਵਿੱਚ ਮਾਤਾ ਬਚਨ ਕੌਰ ਦੀ ਕੁੱਖੋਂ ਪਿਤਾ ਨਿੱਕਾ ਸਿੰਘ ਦੇ ਘਰ 15 ਨਵੰਬਰ 1951 ਨੂੰ ਹੋਇਆ। ਮਾਪਿਆਂ ਨੇ ਉਸ ਨੂੰ ਲਤੀਫ਼ ਮੁੰਹਮਦ ਦੇ ਨਾਂ ਨਾਲ ਨਿਵਾਜਿਆ। ਬਚਪਨ ਤੋਂ ਜਵਾਨੀ ਵੱਲ ਵੱਧਦਾ ਹੋਇਆ ਲਤੀਫ਼ ਮੁਹੰਮਦ ਲੱਧੇ ਦੇ ਨਾਂ ਨਾਲ ਮਸ਼ਹੂਰ ਹੋਇਆ। ਘਰ ਦੀ ਗ਼ਰੀਬੀ ਨੂੰ ਸਹਾਰਦੇ ਹੋਇਆ ਲੱਧਾ ਦਸਵੀਂ ਵਿੱਚ ਪੜ੍ਹਦਿਆਂ ਹੀ ਸਕੂਲ 'ਚ ਹੋਏ ਇੱਕ ਫੰਕਸ਼ਨ ਵਿੱਚ ਸ਼ਾਮਲ ਹੋਏ ਤੱਤਕਾਲੀਨ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਜੀ ਦੇ ਮੂੰਹੋਂ ਮਾਣਕ ਦਾ ਖ਼ਿਤਾਬ ਹਾਸਲ ਕਰ ਗਿਆ ਸੀ। ਆਪਣੇ ਉਸਤਾਦ ਕੱਵਾਲ ਖ਼ੁਸ਼ੀ ਮੁਹੰਮਦ ਤੋਂ ਸੰਗੀਤ ਦੀ ਸਿੱਖਿਆ ਲੈ ਕੇ ਸਾਲ 1968 ਵਿੱਚ ਸੰਗੀਤਕ ਖੇਤਰ 'ਚ ਸੁਰਿੰਦਰ ਸੀਮਾ ਨਾਲ ਗਾਇਕ ਵਜੋਂ ਤਾਲ ਠੋਕ ਦਿੱਤੀ। ਸਮੇਂ ਦੇ ਗੁਜ਼ਰਨ ਨਾਲ 1972-73 ਵਿੱਚ ਲੋਕ ਗਾਥਾਵਾਂ ਨਾਲ ਭਰਪੂਰ ਆਏ ਐੱਲਪੀ ਰਿਕਾਰਡ ਨਾਲ ਮਾਣਕ ਨੇ ਆਪਣੀ ਅਜਿਹੀ ਪਛਾਣ ਬਣਾਈ ਕਿ ਉਹ ਦਿਨੋਂ-ਦਿਨ ਸੰਗੀਤ ਦੀਆਂ ਬੁਲੰਦੀਆਂ ਨੂੰ ਛੂੰਹਦਾ ਗਿਆ। ਉੱਚੀ ਤੇ ਜੋਸ਼ੀਲੀ ਆਵਾਜ਼ ਦੇ ਮਾਲਕ ਮਾਣਕ ਨੇ ਪੰਜਾਬੀ ਸੱਭਿਆਚਾਰ, ਲੋਕ ਰੰਗ, ਗ਼ਜ਼ਲ, ਕੱਵਾਲੀ, ਪਰਿਵਾਰਕ ਤੇ ਧਾਰਮਿਕ ਜੋ ਵੀ ਗਾਇਆ, ਜਿਸ ਗੀਤਕਾਰ ਦੀ ਕਲਮ ਨੂੰ ਗਾਇਆ ਉਸ ਦੇ ਨਾਮ ਨੂੰ ਸੁਨਹਿਰੀ ਹਰਫ਼ਾਂ ਵਿਚ ਦਰਜ ਕਰ ਦਿੱਤਾ। ਕੁਲਦੀਪ ਮਾਣਕ ਪੰਜਾਬੀ ਗਾਇਕੀ ਦਾ ਸ਼ਾਇਦ ਅਜਿਹਾ ਪਹਿਲਾ ਕਲਾਕਾਰ ਹੈ, ਜਿਸ ਦੀ ਆਵਾਜ਼ ਵਿਚ ਗੀਤਕਾਰ ਗੀਤ ਰਿਕਾਰਡ ਕਰਵਾਉਣਾ ਮਾਣ ਮਹਿਸੂਸ ਕਰਦਾ ਸੀ।



ਕੁਲਦੀਪ ਮਾਣਕ ਨੇ ਆਪਣੀ ਲੰਮੀ ਹੇਕ ਤੇ ਉੱਚੀ ਸੁਰ ਨਾਲ 'ਤੇਰੇ ਟਿੱਲੇ ਤੋਂ', 'ਛੇਤੀ ਕਰ ਸਰਵਣ ਬੱਚਾ', 'ਮਾਂ ਹੁੰਦੀ ਏ ਮਾਂ', 'ਰੰਨਾਂ ਚੰਚਲ ਹਾਰੀਆਂ', 'ਮਾਂ ਮਿਰਜ਼ੇ ਦੀ ਬੋਲਦੀ', 'ਸਾਹਿਬਾਂ ਬਣੀ ਭਰਾਵਾਂ ਦੀ', 'ਦੁਨੀਆਂ ਧੋਖੇਬਾਜ਼ਾਂ ਦੀ', 'ਚੰਨਾਂ ਮੈਂ ਤੇਰੀ ਖ਼ੈਰ ਮੰਗਦੀ', 'ਗੋਲ਼ੀ ਮਾਰੋ ਬਨਾਉਟੀ ਯਾਰ ਦੇ', 'ਮਾਣ ਕਰੀ ਨਾ ਜੱਟੀਏ', 'ਇੱਛਰਾਂ ਧਾਹਾਂ ਮਾਰਦੀ', 'ਕਮੀਨੇ ਯਾਰ', 'ਪੁੱਤਰ ਦੀ ਕਸਮ', 'ਨੀ ਪੁੱਤ ਜੱਟਾਂ ਦਾ', 'ਸੱਚੀਂ ਗੱਲ', 'ਸਾਹਿਬਾਂ ਦਾ ਤਰਲਾ', 'ਛੱਡੀਏ ਨਾ ਵੈਰੀ ਨੂੰ', 'ਤੇਰੀ ਐ ਮੈਂ ਤੇਰੀ ਰਾਝਾਂ', 'ਪੁੱਤ ਮਰੇ ਨਾ ਭੁੱਲਦੇ', 'ਯਾਰ ਦਾ ਚੌਥਾ ਗੇੜਾ', 'ਹੋਇਆ ਕਿ ਜੇ ਧੀ ਜੰਮ ਪਈ' ਅਤੇ 'ਚਾਦਰ' ਵਰਗੇ ਹਜ਼ਾਰਾਂ ਗੀਤ ਗਾਏ। ਲੋਕ ਗਾਥਾਵਾਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੇ ਆਪਣੀ ਆਵਾਜ਼ ਤੇ ਅੰਦਾਜ਼ ਦੀ ਵਿਲੱਖਣਤਾ ਨਾਲ ਗਾਇਕੀ ਦੀਆਂ ਸਿਖ਼ਰਾਂ ਨੂੰ ਛੋਹਿਆ। ਪੰਜਾਬੀ ਸੰਗੀਤ ਵਿੱਚ ਲੋਕ ਗਾਥਾਵਾਂ ਗਾ ਕੇ ਮਾਣਕ ਨੇ ਇਤਿਹਾਸ ਸਿਰਜ ਕੇ ਆਪਣੇ ਨਾਂ ਦਾ ਅਜਿਹਾ ਯੁੱਗ ਸਥਾਪਤ ਕੀਤਾ ਜਿਸ ਦਾ ਅਜੇ ਤੱਕ ਕੋਈ ਵੀ ਬਦਲ ਨਹੀਂ ਹੋਇਆ। ਭਾਵ ਕਿ ਅਨੇਕਾਂ ਹੀ ਕਲਾਕਾਰ ਆਪਣੇ ਨਾਂ ਦੀ ਛਾਪ ਛੱਡਦੇ ਗਏ ਪਰ ਮਾਣਕ ਦਾ ਨਾਂ ਅੱਜ ਵੀ ਚੱਟਾਨ ਵਾਂਗ ਅਡੋਲ ਖੜ੍ਹਾ ਹੈ। ਰੇਤਲੇ ਟਿੱਬਿਆਂ 'ਚ ਜਨਮੇ ਮਾਣਕ ਨੇ ਸਰਕੜਿਆਂ ਵਾਂਗ ਸ਼ੂਕਦੀ ਆਪਣੀ ਜੋਸ਼ੀਲੀ ਆਵਾਜ਼ ਨਾਲ ਲੋਕਾਂ ਦੇ ਦਿਲਾਂ ਵਿਚ ਅਜਿਹਾ ਘਰ ਕੀਤਾ ਕਿ ਉਹ ਮੁੜ ਉਸ ਤੋਂ ਮੁਨਕਰ ਨਾ ਹੋ ਸਕੇ। ਲੋਕ ਦਿਲਾਂ 'ਚ ਵਸਦਾ ਮਾਣਕ ਅੱਜ ਵੀ ਆਪਣੇ ਲੋਕਾਂ ਦਾ ਚਹੇਤਾ ਕਲਾਕਾਰ ਹੈ।

ਕੁਲਦੀਪ ਮਾਣਕ 30 ਨਵੰਬਰ 2011 ਨੂੰ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ। ਮਾਣਕ ਨੂੰ ਵਿਛੜਿਆਂ ਪੂਰੇ 12 ਸਾਲ ਹੋ ਗਏ ਹਨ ਪਰ ਉਸ ਦੀ ਆਵਾਜ਼ ਦਾ ਜਾਦੂ ਲੋਕਾਂ ਦੇ ਜ਼ਿਹਨ 'ਚ ਅੱਜ ਵੀ ਮੌਜੂਦ ਹੈ। ਪੰਜਾਬੀ ਸੰਗੀਤ ਵਿੱਚ ਮਾਣਕ ਦੀ ਗਾਇਕੀ ਇੱਕ ਯੂਨੀਵਰਸਿਟੀ ਦੀ ਤਰ੍ਹਾਂ ਸਥਾਪਤ ਹੋਈ ਹੈ, ਜਿੱਥੇ ਅਨੇਕ ਨਵੇਂ ਕਲਾਕਾਰ ਉਨ੍ਹਾਂ ਦੀਆਂ ਧੁਨਾਂ ਤੇ ਗੀਤਾਂ ਨੂੰ ਗਾ ਕੇ ਆਪਣੇ ਨਾਂ ਦੀ ਪਛਾਣ ਬਣਾ ਰਹੇ ਹਨ। ਪੰਜਾਬ ਦੇ ਨਾਮਵਰ ਗਾਇਕ ਵੀ ਉਨ੍ਹਾਂ ਦੇ ਗੀਤਾਂ ਨੂੰ ਗਾ ਕੇ ਆਪਣੀ ਕਲਾ ਦਾ ਖ਼ੂਬ ਰੰਗ ਬਖੇਰ ਰਹੇ ਹਨ। ਮਾਣਕ ਪੰਜਾਬੀ ਸੰਗੀਤ ਦਾ ਉਹ ਧਰੂ ਤਾਰਾ ਸੀ/ਹੈ ਜੋ ਅੱਜ ਵੀ ਗਾਇਕੀ ਦੇ ਵਿਹੜੇ ਵਿੱਚ ਆਪਣੇ ਨਾਂ ਦੀ ਚਮਕ ਬਿਖੇਰਦਾ ਹੋਇਆ ਲੋਕ ਦਿਲਾਂ ਵਿਚ ਵਸ ਰਿਹਾ ਹੈ।

**ਅਖਾੜਿਆਂ ਦਾ ਮੋਢੀ ਮਾਣਕ**

ਕੁਲਦੀਪ ਮਾਣਕ ਨੂੰ ਜਿੱਥੇ ਉੱਚ ਕੋਟੀ ਦਾ ਗਵੱਈਆ ਹੋਣ ਦਾ ਮਾਣ ਹਾਸਲ ਸੀ ਉੱਥੇ ਹੀ ਉਸ ਨੂੰ ਕੰਪੋਜ਼ਰ ਤੇ ਪੇਸ਼ਕਾਰੀ ਕਰਨ ਵਿੱਚ ਵਿਸ਼ੇਸ਼ ਮੁਹਾਰਤ ਹਾਸਲ ਸੀ। ਇਸ ਲਈ ਉਸ ਨੂੰ ਅਖਾੜਿਆਂ ਦਾ ਮੋਢੀ, ਅਖਾੜਿਆਂ ਦੀ ਸ਼ਾਨ, ਬਾਈ ਮਾਣਕ ਵਰਗੇ ਨਾਵਾਂ ਨਾਲ ਜਾਣਿਆ ਜਾਂਦਾ ਸੀ।

ਕਈ ਗੀਤਕਾਰਾਂ ਦੇ ਗੀਤ ਗਾਏ ਮਾਣਕ ਨੇ ਬਾਬੂ ਸਿੰਘ ਮਾਨ, ਗੁਰਦੇਵ ਮਾਨ, ਹਰਦੇਵ ਦਿਲਗੀਰ ਉਰਫ਼ ਦੇਵ ਥਰੀਕੇ ਵਾਲਾ, ਰਾਮ ਸਿੰਘ ਢਿੱਲੋਂ, ਦਲੀਪ ਸਿੰਘ ਸਿੱਧੂ ਕਨਕਵਾਲੀਆ, ਬਿੱਕਰ ਮਹਿਰਾਜ, ਅਲਬੇਲ ਬਰਾੜ, ਚੰਨ ਗੁਰਾਇਆ ਵਾਲਾ, ਗੁਰਮੁਖ ਸਿੰਘ ਗਿੱਲ ਜੱਬੋ ਮਾਜਰੇ ਵਾਲਾ, ਜੱਗਾ ਗਿੱਲ ਨੱਥੋਹੇੜੀ ਵਾਲਾ, ਮਾਨ ਰਾਮਪੁਰੇ ਵਾਲਾ, ਜਗਜੀਤ ਦਰਦੀ, ਪ੍ਰੀਤ ਮਹਿੰਦਰ ਤਿਵਾੜੀ, ਜਸਵੰਤ ਸੰਦੀਲਾ, ਪਾਲੀ ਦੇਤਵਾਲੀਆ, ਸੇਵਾ ਸਿੰਘ ਨੌਰਥ, ਦੇਬੀ ਮਖਸੂਸਪੁਰੀ, ਮਹਿੰਦਰ ਸਿੰਘ ਖਹਿਰਾ, ਸੁਖਵਿੰਦਰ ਸਿੰਘ ਧਾਲੀਵਾਲ, ਹਰਬਖਸ਼ ਸਿੰਘ ਟਾਹਲੀ ਵਾਲਾ, ਕਰਨੈਲ ਸਿਵੀਆ, ਬਚਨ ਬੇਦਿਲ, ਭਿੰਦਰ ਡੱਬਵਾਲੀ, ਅਮਰੀਕ ਤਲਵੰਡੀ ਵਰਗੇ ਗੀਤਕਾਰਾਂ ਦੇ ਗੀਤ ਗਾਏ।

ਕੁਲਦੀਪ ਸਾਹਿਲ

# ਨਿੱਕੀ ਉਮਰੇ ਤੁਰ ਗਿਆ ਸੀ, ਲੰਬੀ ਹੇਕ ਦਾ ਗਾਇਕ ਸੁਰਜੀਤ ਬਿੰਦਰਖੀਆ





ਦੁਨੀਆਂ 'ਚ ਬਹੁਤ ਘੱਟ ਲੋਕ ਹੋਏ ਹਨ ਜਿਨ੍ਹਾਂ ਨੂੰ ਆਪਣੀ ਮੌਤ ਦਾ ਅੰਦਾਜ਼ਾ ਪਹਿਲਾਂ ਹੀ ਲੱਗ ਗਿਆ ਸੀ। ਸ਼ਿਵ ਕੁਮਾਰ ਬਟਾਲਵੀ ਨੇ ਮੌਤ ਤੋਂ ਪਹਿਲਾਂ ਆਪਣਾ ਆਖ਼ਰੀ ਗੀਤ ਲਿਖਿਆ 'ਇਹ ਮੇਰਾ ਗੀਤ ਕਿਸੇ ਨਾ ਗਾਣਾ, ਇਹ ਮੇਰਾ ਗੀਤ ਮੈਂ ਆਪੇ ਗਾ ਕੇ, ਭਲਕੇ ਹੀ ਮਰ ਜਾਣਾ'। ਇਸੇ ਤਰ੍ਹਾਂ ਸੁਰਜੀਤ ਬਿੰਦਰਖੀਆ ਨੇ ਵੀ ਮੌਤ ਤੋਂ ਪਹਿਲਾਂ ਆਪਣਾ ਆਖ਼ਰੀ ਗੀਤ ਗਾਇਆ, 'ਹੋਵੀਂ ਨਾ ਨਾਰਾਜ਼ ਵੇ ਤੂੰ ਹੋਵੀਂ ਨਾ ਨਿਰਾਸ ਵੇ, ਗੱਲਾਂ ਸੱਚੀਆਂ, ਭਾਵੇਂ ਨਾ ਸੱਚ ਜਾਣੀ, ਮੈਂ ਕੱਲ੍ਹ ਤੱਕ ਨਹੀਂ ਰਹਿਣਾ, ਵੇ ਮੈ ਤਿੜਕੇ ਘੜੇ ਦਾ ਪਾਣੀ।'

ਸੁਰਜੀਤ ਬਿੰਦਰਖੀਆ ਦਾ ਜਨਮ 15 ਅਪ੍ਰੈਲ 1962 ਨੂੰ ਰੋਪੜ ਜ਼ਿਲ੍ਹੇ ਦੇ ਪਿੰਡ ਬਿੰਦਰਖ ਵਿਖੇ ਪਿਤਾ ਸੁੱਚਾ ਸਿੰਘ ਤੇ ਮਾਤਾ ਗੁਰਚਰਨ ਕੌਰ ਦੇ ਪਰਿਵਾਰ ਵਿਚ ਹੋਇਆ। ਉਸ ਦੇ ਪਿਤਾ ਜੀ ਮੰਨੇ-ਪ੍ਰਮੰਨੇ ਪਹਿਲਵਾਨ ਸਨ। ਉਨ੍ਹਾਂ ਨੂੰ ਘੁਲਦਿਆਂ ਦੇਖ ਸੁਰਜੀਤ ਬਿੰਦਰਖੀਆ ਦੇ ਅੰਦਰ ਵੀ ਪਹਿਲਵਾਨੀ ਦੀ ਚੇਟਕ ਲੱਗ ਗਈ ਸੀ ਪਰ ਉਹ ਇਸ ਖੇਤਰ ਵਿੱਚ ਜ਼ਿਆਦਾ ਦੇਰ ਨਹੀਂ ਟਿਕ ਸਕੇ ਕਿਉਂਕਿ ਉਨ੍ਹਾਂ ਨੂੰ ਕਾਲਜ ਪੜ੍ਹਦਿਆਂ ਭੰਗੜੇ ਦਾ ਸ਼ੌਕ ਜਾਗ ਪਿਆ। ਉਸ ਨੇ ਕਾਲਜ ਦੀਆਂ ਸਟੇਜਾਂ ਉੱਤੇ ਬੋਲੀਆਂ ਤੇ ਭੰਗੜਾ ਪਾ ਕੇ ਆਪਣੀ ਕਾਬਲੀਅਤ ਦਾ ਲੋਹਾ ਮੰਨਵਾਇਆ। ਪ੍ਰਸਿੱਧ ਗਾਇਕ ਪੰਮੀ ਬਾਈ ਨੇ ਉਸ ਅੰਦਰਲੀ ਪ੍ਰਤਿਭਾ ਨੂੰ ਭਾਂਪਦਿਆਂ ਉਸ ਨੂੰ ਦਿੱਲੀ ਵਿਖੇ 1982 ਵਿੱਚ ਹੋਣ ਵਾਲੀਆਂ ਏਸ਼ੀਆਈ ਖੇਡਾਂ ਦੇ ਸਬੰਧ ਵਿੱਚ ਕਰਵਾਏ ਜਾ ਰਹੇ ਸੱਭਿਆਚਾਰਕ ਮੇਲੇ 'ਚ ਸ਼ਮੂਲੀਅਤ ਕਰਨ ਲਈ ਰਜ਼ਾਮੰਦ ਕਰ ਲਿਆ। ਸੁਰਜੀਤ ਬਿੰਦਰਖੀਏ ਨੇ ਆਪਣੀ ਦਮਦਾਰ ਆਵਾਜ਼



ਅਤੇ ਭੰਗੜੇ ਨਾਲ ਦਰਸ਼ਕਾਂ ਦੇ ਦਿਲ ਜਿੱਤ ਲਏ। ਸੁਰਜੀਤ ਬਿੰਦਰਖੀਆ ਦੀ ਆਵਾਜ਼ ਨੇ ਲੋਕ ਮਨਾਂ 'ਤੇ ਜਾਦੂ ਵਰਗਾ ਅਸਰ ਕੀਤਾ। ਉਹ ਆਪਣੀ ਪਲੇਠੀ ਕੈਸੇਟ ਨਾਲ ਹੀ ਉਸ ਸਮੇਂ ਦੇ ਹਿੱਟ ਕਲਾਕਾਰਾਂ ਦੀ ਕਤਾਰ ਵਿੱਚ ਆ ਖੜ੍ਹਾ ਹੋਇਆ। ਸਰੋਤੇ ਉਸ ਦੀਆਂ ਕੈਸੇਟਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੇ ਸਨ। ਵਿਆਹਾਂ ਵਿੱਚ ਡੀਜੇ 'ਤੇ ਵੱਜਣ ਵਾਲੇ ਗੀਤਾਂ 'ਚ ਬਹੁਗਿਣਤੀ ਗੀਤ ਸੁਰਜੀਤ ਬਿੰਦਰਖੀਏ ਦੇ ਹੀ ਹੁੰਦੇ ਸਨ। ਉਸ ਦੇ ਅਨੇਕਾਂ ਗੀਤਾਂ ਨੇ ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ ਹਾਸਲ ਕੀਤੀ, ਜਿਨ੍ਹਾਂ ਵਿਚ 'ਦੁਪੱਟਾ ਤੇਰਾ ਸੱਤ ਰੰਗ ਦਾ' ਗੀਤ ਨੂੰ ਕੌਮਾਂਤਰੀ ਪੱਧਰ ਦੇ ਦਸ ਹਿੱਟ ਗੀਤਾਂ ਵਿੱਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋਇਆ। ਸੁਰਜੀਤ ਬਿੰਦਰਖੀਏ ਦੀਆਂ ਹੁਣ ਤੱਕ ਮਾਰਕੀਟ 'ਚ ਆਈਆਂ 29 ਦੇ ਕਰੀਬ ਕੈਸੇਟਾਂ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਉਸ ਦੇ ਅਨੇਕ ਗੀਤ ਜਿਨ੍ਹਾਂ 'ਚੋਂ 'ਦੁਪੱਟਾ ਤੇਰਾ ਸੱਤ ਰੰਗ ਦਾ', 'ਤੇਰੇ 'ਚੋਂ ਤੇਰਾ ਯਾਰ ਬੋਲਦਾ', 'ਲੱਕ ਟੁਣੂ ਟੁਣੂ', 'ਮੁੱਖੜਾ ਦੇਖ ਕੇ ਮਰ ਗਿਆ ਨੀ', 'ਪੇਕੇ ਹੁੰਦੇ ਮਾਂਵਾਂ ਨਾਲ', 'ਕੱਚੇ ਤੰਦਾਂ ਦੀਆਂ ਅੱਜ-ਕੱਲ੍ਹ ਯਾਰੀਆਂ' ਅਤੇ 'ਮੈਂ ਤਿੜਕੇ ਘੜੇ ਦਾ ਪਾਣੀ' ਆਦਿ ਗੀਤ ਅੱਜ ਵੀ ਹਵਾਵਾਂ ਵਿੱਚ ਆਪਣੀ ਮਹਿਕ ਬਿਖੇਰਦੇ ਹਨ। ਸੁਰਜੀਤ ਨੇ ਜਿਸ ਵੀ ਖੇਤਰ 'ਚ ਪੈਰ ਪਾਇਆ ਭਾਵੇਂ ਉਹ ਖੇਤਰ ਪਹਿਲਵਾਨੀ ਦਾ ਹੋਵੇ ਜਾਂ ਭੰਗੜੇ ਦਾ ਅਤੇ ਚਾਹੇ ਪੰਜਾਬੀ ਗਾਇਕੀ ਦਾ, ਕੁਦਰਤ ਹਮੇਸ਼ਾ ਉਸ ਉੱਤੇ ਮਿਹਰਬਾਨ ਰਹੀ। ਕੁਦਰਤ ਨੇ ਉਸ ਦੇ ਰਾਹਾਂ 'ਤੇ ਫੁੱਲ ਵਿਛਾ ਕੇ ਉਸ ਦਾ ਸਵਾਗਤ ਕੀਤਾ। ਉਸ ਨੇ 28 ਸੈਕਿੰਡ ਲੰਮੀ ਹੇਕ ਲਾ ਕੇ ਵਿਸ਼ਵ ਰਿਕਾਰਡ ਕਾਇਮ ਕੀਤਾ। ਉਸ ਨੇ 'ਮਿਰਜ਼ਾ', 'ਜੁਗਨੀ', 'ਟੱਪੇ' ਅਤੇ ਬੀਟ ਗੀਤਾਂ ਨੂੰ ਵਿਲੱਖਣ ਅੰਦਾਜ਼ ਵਿੱਚ ਗਾ ਕੇ ਆਪਣੀ ਇੱਕ ਅਲਹਿਦਾ ਪਛਾਣ ਬਣਾਈ। ਉਸ ਦੇ ਗੀਤ ਪੰਜਾਬੀ ਫ਼ਿਲਮਾਂ ਵਿੱਚ ਵੀ ਗੂੰਜੇ। ਉੱਚੇ-ਲੰਮੇ ਕੱਦ-ਕਾਠ ਅਤੇ ਸੋਹਣੀ ਡੀਲ-ਡੌਲ ਦਾ ਮਾਲਕ ਸੁਰਜੀਤ ਬਿੰਦਰਖੀਆ ਜਦੋਂ ਕੁੜਤਾ, ਚਾਦਰਾ ਅਤੇ ਲਿਸ਼ਕਦੀ ਪੱਗ ਬੰਨ੍ਹ ਕੇ ਸਟੇਜ ਉੱਤੇ ਖੜ੍ਹ ਉੱਚੀ ਹੇਕ ਲਾਉਂਦਾ ਤਾਂ ਦਰਸ਼ਕ ਅਸ਼-ਅਸ਼ ਕਰ ਉੱਠਦੇ। 17 ਨਵੰਬਰ 2003 ਨੂੰ ਤਿੜਕੇ ਘੜੇ ਦਾ ਪਾਣੀ ਖਾਲੀ ਹੋ ਚੁੱਕਾ ਸੀ ਅਤੇ ਪੰਜਾਬੀ ਗਾਇਕੀ ਦੇ ਅੰਬਰ ਦਾ ਚੰਨ ਸੁਰਜੀਤ ਬਿੰਦਰਖੀਆ ਸਦਾ-ਸਦਾ ਲਈ ਉਡਾਰੀ ਮਾਰ ਗਿਆ। ਉਸ ਦੇ ਪਰਿਵਾਰ ਵਿੱਚ ਪਤਨੀ, ਬੇਟੀ ਮੀਨਾਜ ਬਿੰਦਰਖੀਆ ਅਤੇ ਬੇਟਾ ਗੀਤਾਜ ਬਿੰਦਰਖੀਆ ਰਹਿ ਗਏ। ਬੇਟਾ ਗੀਤਾਜ ਆਪਣੇ ਪਿਤਾ ਦੇ ਪਾਏ ਹੋਏ ਪੂਰਨਿਆਂ ਉੱਤੇ ਚੱਲਣ ਦੀ ਕੋਸ਼ਿਸ਼ ਕਰ ਰਿਹਾ ਹੈ।

# ਆਸਟ੍ਰੇਲੀਆ ਛੇਵੀਂ ਵਾਰ ਬਣਿਆ ਵਿਸ਼ਵ ਚੈਂਪੀਅਨ

## ਕ੍ਰਿਕਟ ਵਿਸ਼ਵ ਕੱਪ ਦੇ ਫ਼ਾਈਨਲ 'ਚ ਭਾਰਤ ਨੂੰ 6 ਵਿਕਟਾਂ ਨਾਲ ਹਰਾਇਆ

## ਕੋਹਲੀ ਬਣੇ 'ਪਲੇਅਰ ਆਫ਼ ਸੀਰੀਜ਼'

ਵਿਸ਼ਵ ਕੱਪ 2023 ਦੇ ਫਾਈਨਲ 'ਚ ਭਾਰਤ ਨੂੰ 6 ਵਿਕਟਾਂ ਨਾਲ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਐਤਵਾਰ ਨੂੰ ਆਸਟ੍ਰੇਲੀਆ ਨੇ ਛੇਵੀਂ ਵਾਰ ਵਨਡੇ ਵਿਸ਼ਵ ਕੱਪ ਦਾ ਖਿਤਾਬ ਜਿੱਤਿਆ। ਇਸ ਹਾਰ ਨੇ ਭਾਰਤੀ ਪ੍ਰਸ਼ੰਸਕਾਂ ਨੂੰ 2003 ਦੇ ਵਿਸ਼ਵ ਕੱਪ ਫਾਈਨਲ ਦੀ ਯਾਦ ਦਿਵਾ ਦਿੱਤੀ।20 ਸਾਲ ਪਹਿਲਾਂ ਜੋਹਾਨਸਬਰਗ ਵਿੱਚ ਕੰਗਾਰੂਆਂ ਨੇ ਸਾਨੂੰ 125 ਦੌੜਾਂ ਨਾਲ ਹਰਾਇਆ ਸੀ।

ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ 'ਚ ਟਾਸ ਹਾਰ ਕੇ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਟੀਮ ਇੰਡੀਆ 240 ਦੌੜਾਂ 'ਤੇ ਆਲ ਆਊਟ ਹੋ ਗਈ। ਆਸਟ੍ਰੇਲੀਆਈ ਬੱਲੇਬਾਜ਼ਾਂ ਨੇ 43 ਓਵਰਾਂ 'ਚ 4 ਵਿਕਟਾਂ ਗੁਆ ਕੇ 241 ਦੌੜਾਂ ਦਾ ਟੀਚਾ ਹਾਸਲ ਕਰ ਲਿਆ।

ਟ੍ਰੈਵਿਸ ਹੈੱਡ ਨੇ 137 ਦੌੜਾਂ ਦਾ ਸੈਂਕੜਾ ਜੜਿਆ, ਜਦਕਿ ਮਾਰਨਸ ਲੈਬੁਸ਼ਗਨ ਨੇ ਨਾਬਾਦ 58 ਦੌੜਾਂ ਬਣਾਈਆਂ। ਇਸ ਤੋਂ ਪਹਿਲਾਂ ਮਿਸ਼ੇਲ ਸਟਾਰਕ ਨੇ 3 ਵਿਕਟਾਂ ਲਈਆਂ, ਜਦਕਿ ਕਪਤਾਨ ਪੈਟ ਕਮਿੰਸ ਅਤੇ ਜੋਸ਼ ਹੇਜ਼ਲਵੁੱਡ ਨੇ 2-2 ਵਿਕਟਾਂ ਹਾਸਲ ਕੀਤੀਆਂ। ਟਰੈਵਿਸ ਹੈੱਡ ਪਲੇਅਰ ਆਫ ਦਿ ਮੈਚ ਰਹੇ।

## ਭਾਰਤੀ ਟੀਮ ਨੇ ਮੁੜ ਦੁਹਰਾਈਆਂ 2003 ਵਾਲੀਆਂ ਗ਼ਲਤੀਆਂ



ਜਿਵੇਂ ਦੱਖਣੀ ਅਫਰੀਕਾ ਦੀ ਟੀਮ ਵਿਸ਼ਵ ਕੱਪ ਦੌਰਾਨ ਵੱਡੇ ਮੁਕਾਬਲਿਆਂ 'ਚ ਚੋਕ ਕਰ ਜਾਂਦੀ ਹੈ। ਠੀਕ ਉਸੇ ਤਰ੍ਹਾਂ ਟੀਮ ਇੰਡੀਆ ਵੀ ਆਸਟ੍ਰੇਲੀਆ ਦੇ ਸਾਹਮਣੇ ਚੋਕ ਕਰਦੀ ਨਜ਼ਰ ਆ ਰਹੀ ਹੈ। ਸਾਲ 2003 ਤੋਂ ਬਾਅਦ ਭਾਰਤੀ ਟੀਮ ਨੇ 2023 'ਚ ਵਿਸ਼ਵ ਕੱਪ ਫਾਈਨਲ ਆਸਟ੍ਰੇਲੀਆ ਦੇ ਹੀ ਹੱਥੋਂ ਗੁਆ ਦਿੱਤੀ ਸੀ। ਦੋਨੋਂ ਮੈਚਾਂ 'ਤੇ ਜੇਕਰ ਧਿਆਨ ਨਾਲ ਨਜ਼ਰ ਮਾਰੀਏ ਤਾਂ ਟੀਮ ਇੰਡੀਆ ਦੀਆਂ ਲਗਭਗ ਇੱਕੋ ਜਿਹੀਆਂ ਗਲਤੀਆਂ ਨਜ਼ਰ ਆਉਂਦੀਆਂ ਹਨ।




## ਵਿਸ਼ਵ ਚੈਂਪੀਅਨ ਆਸਟਰੇਲੀਆ ਨੂੰ ਮਿਲੇ 33 ਕਰੋੜ ਰੁਪਏ

ਵਿਸ਼ਵ ਕੱਪ ਜਿੱਤਣ ਲਈ ਆਸਟ੍ਰੇਲੀਆਈ ਟੀਮ ਨੂੰ 33.31 ਕਰੋੜ ਰੁਪਏ (4 ਮਿਲੀਅਨ ਅਮਰੀਕੀ ਡਾਲਰ) ਦੀ ਇਨਾਮੀ ਰਾਸ਼ੀ ਮਿਲੀ, ਜਦਕਿ ਫਾਈਨਲ ਹਾਰਨ ਵਾਲੀ ਟੀਮ ਇੰਡੀਆ ਨੂੰ 16.65 ਕਰੋੜ ਰੁਪਏ (20 ਲੱਖ ਅਮਰੀਕੀ ਡਾਲਰ) ਨਾਲ ਸੰਤੁਸ਼ਟ ਹੋਣਾ ਪਿਆ। ਨਿਊਜ਼ੀਲੈਂਡ ਅਤੇ ਦੱਖਣੀ ਅਫਰੀਕਾ, ਜੋ ਸੈਮੀਫਾਈਨਲ ਹਾਰਨ ਤੋਂ ਬਾਅਦ ਬਾਹਰ ਹੋ ਗਏ ਸਨ, ਨੂੰ 6.66 ਕਰੋੜ ਰੁਪਏ ਮਿਲੇ ਹਨ।

ਲੀਗ ਪੜਾਅ ਤੋਂ ਬਾਹਰ ਹੋਣ ਵਾਲੀ ਹਰ ਟੀਮ ਨੂੰ 83.29 ਲੱਖ ਰੁਪਏ ਦਿੱਤੇ ਜਾਣਗੇ।

ਵਿਸ਼ਵ ਕੱਪ ਦੇ ਲੀਗ ਪੜਾਅ ਤੋਂ ਬਾਹਰ ਹੋ ਚੁੱਕੇ ਪਾਕਿਸਤਾਨ, ਸ਼੍ਰੀਲੰਕਾ, ਬੰਗਲਾਦੇਸ਼, ਅਫਗਾਨਿਸਤਾਨ, ਇੰਗਲੈਂਡ ਅਤੇ ਨੀਦਰਲੈਂਡ ਨੂੰ 83.29-83.29 ਲੱਖ ਰੁਪਏ ਮਿਲੇ ਹਨ। ਇਸ ਤੋਂ ਇਲਾਵਾ ਟੂਰਨਾਮੈਂਟ 'ਚ ਹਿੱਸਾ ਲੈਣ ਵਾਲੀਆਂ ਸਾਰੀਆਂ ਟੀਮਾਂ ਨੂੰ ਹਰ ਜਿੱਤ 'ਤੇ ਕਰੀਬ 33 ਲੱਖ ਰੁਪਏ ਦਿੱਤੇ ਗਏ।

## ਵਿਸ਼ਵ ਕੱਪ ਫਾਈਨਲ ਦੇ 6 ਰਿਕਾਰਡ

**1. ਰੋਹਿਤ ਵਿਸ਼ਵ ਕੱਪ 'ਚ 597 ਦੌੜਾਂ ਬਣਾਉਣ ਵਾਲੇ ਪਹਿਲੇ ਕਪਤਾਨ ਬਣੇ।**

ਟੀਮ ਇੰਡੀਆ ਦੇ ਕਪਤਾਨ ਰੋਹਿਤ ਸ਼ਰਮਾ ਨੇ ਵਨਡੇ ਵਿਸ਼ਵ ਕੱਪ 2023 ਵਿੱਚ 597 ਦੌੜਾਂ ਬਣਾਈਆਂ। ਉਹ ਫਾਈਨਲ ਵਿੱਚ 47 ਦੌੜਾਂ ਬਣਾ ਕੇ ਆਊਟ ਹੋ ਗਿਆ ਅਤੇ ਇਸ ਦੇ ਨਾਲ ਹੀ ਟੂਰਨਾਮੈਂਟ ਵਿੱਚ ਉਸ ਦਾ ਹਮਲਾਵਰ ਬੱਲੇਬਾਜ਼ੀ ਦਾ ਸਫ਼ਰ ਖ਼ਤਮ ਹੋ ਗਿਆ। ਉਹ ਇੱਕ ਵਿਸ਼ਵ ਕੱਪ ਵਿੱਚ ਕਪਤਾਨ ਵਜੋਂ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਖਿਡਾਰੀ ਬਣ ਗਿਆ। ਰੋਹਿਤ ਨੇ ਨਿਊਜ਼ੀਲੈਂਡ ਦੇ ਕੇਨ ਵਿਲੀਅਮਸਨ ਦਾ ਰਿਕਾਰਡ ਤੋੜ ਦਿੱਤਾ, ਜਿਸ ਨੇ 2019 'ਚ ਬਤੌਰ ਕਪਤਾਨ 578 ਦੌੜਾਂ ਬਣਾਈਆਂ ਸਨ।

**2. ਰੋਹਿਤ ਨੇ ਆਸਟਰੇਲੀਆ ਦੇ ਖਿਲਾਫ 87 ਛੱਕੇ ਪੂਰੇ ਕੀਤੇ, ਕਿਸੇ ਵਿਰੋਧੀ ਖਿਲਾਫ ਸਭ ਤੋਂ ਵੱਧ ਛੱਕੇ।**

ਰੋਹਿਤ ਸ਼ਰਮਾ ਨੇ ਆਸਟ੍ਰੇਲੀਆ ਖਿਲਾਫ ਫਾਈਨਲ 'ਚ 3 ਛੱਕੇ ਲਗਾਏ ਸਨ। ਇਸ ਦੇ ਨਾਲ ਹੀ ਵਨਡੇ 'ਚ ਆਸਟ੍ਰੇਲੀਆ ਖਿਲਾਫ ਉਸ ਦੇ 87 ਛੱਕੇ ਪੂਰੇ ਹੋ ਗਏ। ਉਸ ਨੇ ਇੰਗਲੈਂਡ ਦੇ ਖਿਲਾਫ 85 ਛੱਕੇ ਲਗਾਉਣ ਵਾਲੇ ਕ੍ਰਿਸ ਗੇਲ ਦਾ ਰਿਕਾਰਡ ਤੋੜ ਦਿੱਤਾ ਹੈ।

ਰੋਹਿਤ ਨੇ ਇਸ ਟੂਰਨਾਮੈਂਟ 'ਚ 31 ਛੱਕੇ ਵੀ ਲਗਾਏ ਸਨ। ਉਹ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਛੱਕੇ ਮਾਰਨ ਵਾਲਾ ਖਿਡਾਰੀ



ਬਣ ਗਿਆ। ਉਸ ਨੇ ਵੈਸਟਇੰਡੀਜ਼ ਦੇ ਕ੍ਰਿਸ ਗੇਲ ਦਾ ਰਿਕਾਰਡ ਤੋੜਿਆ, ਜਿਸ ਨੇ 2015 ਵਿਸ਼ਵ ਕੱਪ 'ਚ 26 ਛੱਕੇ ਲਗਾਏ ਸਨ।

ਰੋਹਿਤ ਸ਼ਰਮਾ ਵਿਸ਼ਵ ਕੱਪ ਵਿੱਚ ਕਪਤਾਨ ਵਜੋਂ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਬੱਲੇਬਾਜ਼ ਬਣ ਗਏ ਹਨ।

**3. ਕੋਹਲੀ ਵਿਸ਼ਵ ਕੱਪ 'ਚ 765 ਦੌੜਾਂ ਬਣਾਉਣ ਵਾਲੇ ਪਹਿਲੇ ਖਿਡਾਰੀ ਬਣੇ**

ਵਿਰਾਟ ਕੋਹਲੀ ਨੇ ਫਾਈਨਲ 'ਚ 54 ਦੌੜਾਂ ਦੀ ਪਾਰੀ ਖੇਡੀ। ਇਸ ਦੇ ਨਾਲ ਉਸ ਨੇ ਇਹ ਵਿਸ਼ਵ ਕੱਪ 765 ਦੌੜਾਂ ਨਾਲ ਖਤਮ ਕੀਤਾ। ਉਹ ਟੂਰਨਾਮੈਂਟ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਖਿਡਾਰੀ ਬਣ ਗਿਆ। ਦੂਜੇ ਸਥਾਨ 'ਤੇ ਭਾਰਤ ਦੇ ਸਚਿਨ ਤੇਂਦੁਲਕਰ ਹਨ, ਜਿਨ੍ਹਾਂ ਨੇ 2003 'ਚ 673 ਦੌੜਾਂ ਬਣਾਈਆਂ ਸਨ।

**4. ਕੋਹਲੀ ਵਿਸ਼ਵ ਕੱਪ ਦੇ ਦੂਜੇ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਖਿਡਾਰੀ ਬਣੇ**

ਫਾਈਨਲ ਵਿੱਚ 54 ਦੌੜਾਂ ਬਣਾ ਕੇ ਵਿਰਾਟ ਕੋਹਲੀ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਦੂਜੇ ਬੱਲੇਬਾਜ਼ ਬਣ ਗਏ। ਉਸ ਨੇ ਆਸਟਰੇਲੀਆ ਦੇ ਰਿਕੀ ਪੋਂਟਿੰਗ ਨੂੰ ਪਿੱਛੇ ਛੱਡ ਦਿੱਤਾ, ਜਿਸ ਨੇ 46 ਪਾਰੀਆਂ ਵਿੱਚ 1743 ਦੌੜਾਂ ਬਣਾਈਆਂ ਹਨ। ਕੋਹਲੀ ਨੇ ਹੁਣ 37 ਪਾਰੀਆਂ 'ਚ 1795 ਦੌੜਾਂ ਬਣਾ ਲਈਆਂ ਹਨ। ਸਚਿਨ ਤੇਂਦੁਲਕਰ ਦੇ ਨਾਂ ਸਭ ਤੋਂ ਜ਼ਿਆਦਾ ਦੌੜਾਂ ਹਨ, ਉਨ੍ਹਾਂ ਨੇ 45 ਮੈਚਾਂ 'ਚ 2278 ਦੌੜਾਂ ਬਣਾਈਆਂ ਹਨ।

**5. ਜ਼ੈਂਪਾ ਨੇ 23 ਵਿਕਟਾਂ ਲਈਆਂ, ਇੱਕ ਸਪਿਨਰ ਵਜੋਂ ਸਭ ਤੋਂ ਵੱਧ।**

ਆਸਟਰੇਲੀਆ ਦੇ ਐਡਮ ਜ਼ਾਂਪਾ ਨੇ 10 ਓਵਰਾਂ ਵਿੱਚ ਸਿਰਫ਼ 44 ਦੌੜਾਂ ਦੇ ਕੇ ਇੱਕ ਵਿਕਟ ਲਈ। ਉਸ ਨੇ ਜਸਪ੍ਰੀਤ ਬੁਮਰਾਹ ਨੂੰ ਐੱਲ.ਬੀ. ਇਸ ਦੇ ਨਾਲ ਜ਼ਾਂਪਾ ਨੇ ਵਿਸ਼ਵ ਕੱਪ ਵਿੱਚ 23 ਵਿਕਟਾਂ ਲਈਆਂ। ਟੂਰਨਾਮੈਂਟ ਵਿੱਚ ਸਭ ਤੋਂ ਵੱਧ ਵਿਕਟਾਂ ਲੈਣ ਦੇ ਮਾਮਲੇ ਵਿੱਚ ਉਹ ਮੁਹੰਮਦ ਸ਼ਮੀ ਤੋਂ ਪਿੱਛੇ ਹੈ। ਸ਼ਮੀ ਦੇ ਨਾਂ ਸਿਰਫ 7 ਮੈਚਾਂ 'ਚ 24 ਵਿਕਟਾਂ ਹਨ। ਜ਼ਾਂਪਾ ਨੇ ਸਪਿਨਰ ਵਜੋਂ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਵਿਕਟਾਂ ਲੈਣ ਦੇ ਰਿਕਾਰਡ ਦੀ ਵੀ ਬਰਾਬਰੀ ਕੀਤੀ। ਉਨ੍ਹਾਂ ਤੋਂ ਪਹਿਲਾਂ ਸ਼੍ਰੀਲੰਕਾ ਦੇ ਮੁਥੱਈਆ ਮੁਰਲੀਧਰਨ ਨੇ ਵੀ 2007 ਵਿਸ਼ਵ ਕੱਪ 'ਚ 23 ਵਿਕਟਾਂ ਲਈਆਂ ਸਨ। ਐਡਮ ਜ਼ੈਂਪਾ ਇਸ ਵਿਸ਼ਵ ਕੱਪ 'ਚ 23 ਵਿਕਟਾਂ ਲੈਣ ਵਾਲੇ ਪਹਿਲੇ ਸਪਿਨਰ ਬਣੇ ਹਨ।

**6. ਵਿਸ਼ਵ ਕੱਪ ਫਾਈਨਲ ਵਿੱਚ ਦੌੜਾਂ ਦਾ ਪਿੱਛਾ ਕਰਨ ਵਿੱਚ ਸਭ ਤੋਂ ਵੱਧ ਸਕੋਰ**

ਟ੍ਰੈਵਿਸ ਹੈੱਡ ਨੇ 120 ਗੇਂਦਾਂ 'ਤੇ 137 ਦੌੜਾਂ ਦੀ ਪਾਰੀ ਖੇਡੀ। ਉਹ ਫਾਈਨਲ ਵਿੱਚ ਦੌੜਾਂ ਦਾ ਪਿੱਛਾ ਕਰਦੇ ਹੋਏ ਸੈਂਕੜਾ ਲਗਾਉਣ ਵਾਲਾ ਦੂਜਾ ਖਿਡਾਰੀ ਬਣ ਗਿਆ। ਉਸ ਨੇ ਫਾਈਨਲ ਵਿੱਚ ਦੌੜਾਂ ਦਾ ਪਿੱਛਾ ਕਰਦੇ ਹੋਏ ਸਭ ਤੋਂ ਵੱਧ ਸਕੋਰ ਬਣਾਇਆ। ਹੈੱਡ ਨੇ ਸ਼੍ਰੀਲੰਕਾ ਦੇ ਅਰਵਿੰਦਾ ਡੀ ਸਿਲਵਾ ਦਾ ਰਿਕਾਰਡ ਤੋੜ ਦਿੱਤਾ, ਜਿਸ ਨੇ 1996 'ਚ ਆਸਟ੍ਰੇਲੀਆ ਖਿਲਾਫ 107 ਦੌੜਾਂ ਬਣਾਈਆਂ ਸਨ।

## ਭਾਰਤੀ ਹਵਾਈ ਸੈਨਾ ਦੀ ਸੂਰਿਆ ਕਿਰਨ ਟੀਮ ਨੇ ਦਰਸ਼ਕਾਂ ਦੇ ਦਿਲ ਜਿੱਤੇ



ਅਹਿਮਦਾਬਾਦ:ਭਾਰਤ ਅਤੇ ਆਸਟਰੇਲੀਆ ਦਰਮਿਆਨ ਅੱਜ ਇੱਥੇ ਖੇਡੇ ਗਏ ਵਿਸ਼ਵ ਕੱਪ ਫਾਈਨਲ ਤੋਂ ਪਹਿਲਾਂ ਭਾਰਤੀ ਹਵਾਈ ਸੈਨਾ ਦੀ ਸੂਰਿਆ ਕਿਰਨ ਐਕਰੋਬੈਟਿਕ ਟੀਮ ਨੇ ਅੱਜ ਇੱਥੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਖਚਾ-ਖਚ ਭਰੇ ਦੁਨੀਆ ਦੇ ਸਭ ਤੋਂ ਵੱਡੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਦਰਸ਼ਕਾਂ ਦਾ ਮਨ ਮੋਹ ਲਿਆ। ਭਾਰਤੀ ਹਵਾਈ ਸੈਨਾ ਦੇ ਕੁੱਲ ਨੌਂ ਹਾਕ ਐੱਮਕੇ-132 ਐੱਸਕੇਏਟੀ ਜਹਾਜ਼ਾਂ ਨੇ ਇਤਿਹਾਸ ਰਚਿਆ ਕਿਉਂਕਿ ਇਹ ਪਹਿਲਾਂ ਮੌਕਾ ਸੀ, ਜਦੋਂ ਭਾਰਤ ਵਿੱਚ ਕਿਸੇ ਕ੍ਰਿਕਟ ਮੈਚ ਤੋਂ ਪਹਿਲਾਂ ਹਵਾਈ ਸ਼ੋਅ ਦਾ ਪ੍ਰਦਰਸ਼ਨ ਹੋਇਆ ਹੋਵੇ। ਇਸ ਤੋਂ ਬਿਹਤਰ ਹੋਰ ਕੀ ਹੋ ਸਕਦਾ ਸੀ ਕਿ ਇਹ ਕ੍ਰਿਕਟ ਵਿਸ਼ਵ ਕੱਪ ਦਾ ਫਾਈਨਲ ਸੀ। ਭਾਰਤੀ ਹਵਾਈ ਸੈਨਾ ਨੇ 1,32,000 ਤੋਂ ਵੱਧ ਦਰਸ਼ਕਾਂ ਦੀ ਸਮਰੱਥਾ ਵਾਲੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਟਾਸ ਤੋਂ ਪਹਿਲਾਂ ਦਸ ਮਿੰਟ ਦਾ ਪ੍ਰੋਗਰਾਮ ਪੇਸ਼ ਕੀਤਾ। ਆਮ ਤੌਰ 'ਤੇ 13 ਪਾਇਲਟਾਂ ਨਾਲ ਬਣੀ ਐੱਸਕੇਏਟੀ ਟੀਮ ਵਿੱਚ ਸਿਰਫ਼ ਨੌਂ ਹੀ ਆਪਣੇ ਹਾਕ ਐਡਵਾਂਸ ਟਰੇਨਰ ਜੈੱਟ ਵਿੱਚ ਕਿਸੇ ਵੇਲੇ ਪ੍ਰਦਰਸ਼ਨ ਕਰਦੇ ਹਨ।

## ਗਾਜ਼ਾ 'ਚ ਕਿਵੇਂ ਹੋਵੇ ਜੰਗਬੰਦੀ ?

ਲਾਭਦਾਇਕ ਹੋ ਸਕਦੀ ਹੈ ਜੋ ਯੁੱਧ ਫੈਲਾਉਣਾ ਚਾਹੁੰਦੇ ਹਨ। ਇਸ ਲਈ ਇਜ਼ਰਾਈਲ ਦੇ ਵਿਰਾਸਤ ਮੰਤਰੀ ਦੇ ਬਿਆਨ ਨੂੰ ਗੰਭੀਰਤਾ ਨਾਲ ਲੈਣਾ ਬਣਦਾ ਹੈ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਉਸ ਨੂੰ ਦੁਨੀਆਂ ਦੀ ਪ੍ਰਤੀਕਿਰਿਆ ਦੇਖਣ ਲਈ ਬੋਲਣ ਲਈ ਕਿਹਾ ਗਿਆ ਸੀ।

ਅਮਰੀਕਾ ਫੌਜੀ ਉਦਯੋਗਿਕ ਕੰਪਲੈਕਸ ਬਣਾ ਕੇ ਅਤੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਜੰਗਾਂ ਪੈਦਾ ਕਰਕੇ ਆਪਣੇ ਆਰਥਿਕ ਸੰਕਟ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਨਾਟੋ ਪਹਿਲਾਂ ਹੀ ਏਸ਼ੀਆ ਦੇ ਦਰਵਾਜ਼ੇ 'ਤੇ ਹੈ।

xxx

## 100 ਸਾਲ ਦੇ ਇਤਿਹਾਸ ਵਿੱਚ ਹਮੇਸ਼ਾ ਜ਼ਾਲਮਾਂ ਦੇ ਨਾਲ

ਆਰ ਐੱਸ ਐੱਸ ਦੇ ਕਿਸੇ ਵੀ ਲੀਡਰ ਨੇ ਭਾਰਤ ਦੀ ਆਜ਼ਾਦੀ ਦੇ ਕਿਸੇ ਵੀ ਅੰਦੋਲਨ ਵਿੱਚ ਹਿੱਸਾ ਨਹੀਂ ਲਿਆ, ਅਜ਼ਾਦੀ ਖਾਤਿਰ ਜੇਲ੍ਹ ਵਿੱਚ ਨਹੀਂ ਗਏ। ਕੋਈ ਫਾਂਸੀ ਉੱਤੇ ਨਹੀਂ ਚੜ੍ਹਿਆ ਅਤੇ ਨਾ ਹੀ ਕੋਈ ਜਾਇਦਾਦ ਕੁਰਕ ਕਰਵਾਈ। ਹੋਰ ਤਾਂ ਹੋਰ, ਅਜ਼ਾਦੀ ਦੀ ਖਾਤਰ ਜੇਲ੍ਹ ਜਾਣ ਵਾਲਿਆਂ, ਫਾਂਸੀ ਚੜ੍ਹਨ ਵਾਲਿਆਂ ਜਾਂ ਅਮਰੀਕਾ, ਕੈਨੇਡਾ ਵਿੱਚ ਆਪਣੇ ਚੰਗੇ ਭਲੇ ਰੁਜ਼ਗਾਰ ਛੱਡ ਕੇ ਭਾਰਤ ਆ ਕੇ ਕੁਰਬਾਨੀਆਂ ਦੇਣ ਵਾਲਿਆਂ ਦੀ ਇਹਨਾਂ ਕਦੇ ਵੀ ਪ੍ਰਸ਼ੰਸਾ ਨਹੀਂ ਕੀਤੀ।

23 ਜੂਨ 2023 ਦੇ ਦੀ ਹਿੰਦੂ ਅਖਬਾਰ ਅਨੁਸਾਰ ਮਨੀਪੁਰ ਵਿੱਚ ਵਿੱਚ ਮੇਇਤੀ ਹਿੰਦੂ ਬਹੁਸੰਖਿਆ ਵੱਲੋਂ ਨਾਗਾ ਕੂਕੀ, ਦਲਿਤਾਂ, ਆਦਿਵਾਸੀ ਘੱਟਗਿਣਤੀ ਦੇ ਲੋਕਾਂ 'ਤੇ ਹੋ ਰਹੇ ਹਮਲੇ ਭਾਰਤ ਦੇ ਫੈਡਰਲ ਢਾਂਚੇ ਉੱਤੇ ਹਮਲੇ ਹਨ ਅਤੇ ਸੰਵਿਧਾਨ ਉੱਤੇ ਹਮਲੇ ਹਨ। ਇਸੇ ਅਖ਼ਬਾਰ ਵਿੱਚ ਮਾਰਕਸੀ ਪਾਰਟੀ ਦੇ ਨੇਤਾ ਸੀਤਾ ਰਾਮ ਯੇਚੁਰੀ ਦਾ ਬਿਆਨ ਹੈ ਕਿ ਇਹ ਫਾਸ਼ੀਵਾਦੀ ਹਮਲੇ ਹਨ। ਇਹਨਾਂ ਹਮਲਿਆਂ ਦੇ ਬਲ ਰਹੇ ਭਾਂਬੜਾਂ ਨੂੰ ਪਾਣੀ ਦਾ ਛੱਟਾ ਮਾਰਨ ਲਈ ਸਾਡੇ ਪ੍ਰਧਾਨ ਮੰਤਰੀ ਜੀ ਨੇ ਉੱਥੇ ਜਾਣਾ ਤਾਂ ਕੀ ਸੀ, ਉਲਟਾ ਇਹਨਾਂ ਹਮਲਿਆਂ ਵਿਰੁੱਧ ਇੱਕ ਵੀ ਬਿਆਨ ਨਹੀਂ ਦਿੱਤਾ। ਜਿਹੜੇ ਇੰਡੀਆ ਗਠਬੰਧਨ ਦੇ ਨੇਤਾ ਮਨੀਪੁਰ ਗਏ ਅਤੇ ਦੰਗੇ ਸ਼ਾਂਤ ਕਰਵਾਉਣ ਦੀ ਕੋਸ਼ਿਸ਼ ਕੀਤੀ, ਉਹਨਾਂ ਨੂੰ ਈਸਟ ਇੰਡੀਆ ਕੰਪਨੀ ਦੇ ਬੰਦੇ ਜਾਂ ਜਿਹਾਦੀ ਕਿਹਾ। ਸੰਘ ਪਰਿਵਾਰ ਵਿੱਚ ਕੇਵਲ ਇੱਕ ਨੇਤਾ ਅਟੱਲ ਬਿਹਾਰੀ ਵਾਜਪਾਈ ਜੀ ਹੀ ਸਨ ਜਿਹੜੇ ਸੰਘ ਦੇ ਪ੍ਰਚਾਰਕ ਸਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵੀ ਸਨ। ਉਹ ਹਮੇਸ਼ਾ ਫਾਸ਼ੀਵਾਦ ਦੇ ਵਿਰੁੱਧ ਰਹੇ, ਇਜ਼ਰਾਈਲ ਦੇ ਜ਼ੁਲਮਾਂ ਦੇ ਵਿਰੁੱਧ ਅਤੇ ਫਲਸਤੀਨੀਆਂ ਦੇ ਹੱਕ ਵਿੱਚ ਰਹੇ। ਅਟਲ ਬਿਹਾਰੀ ਵਾਜਪਾਈ ਨੂੰ ਛੱਡ ਕੇ ਸੰਘ ਅਤੇ ਸੰਘ ਪਰਿਵਾਰ ਦੇ ਸਾਰੇ ਨੇਤਾ ਆਪਣੇ ਲਗਭਗ 100 ਸਾਲ ਦੇ ਇਤਿਹਾਸ ਵਿੱਚ ਹਮੇਸ਼ਾ ਜ਼ਾਲਮਾਂ ਦੇ ਨਾਲ ਰਹੇ।

***

## ਵਿਦੇਸ਼ਾਂ 'ਚ ਪ੍ਰਵਾਸ ਕਾਰਨ

ਦਰ 'ਚ ਕਮੀ ਦਾ ਸਭ ਤੋਂ ਵੱਡਾ ਕਾਰਨ ਹੈ। ਆਬਾਦੀ ਵਿਕਾਸ ਦਰ ਦੇ ਘਟਣ ਦਾ ਸਭ ਤੋਂ ਵੱਡਾ ਅਸਰ ਸਿੱਖ ਆਬਾਦੀ 'ਤੇ ਦਿਖ ਰਿਹਾ ਹੈ। ਸਿੱਖ ਆਬਾਦੀ ਪਹਿਲਾਂ ਹੀ ਘੱਟ ਹੈ ਤੇ ਹੁਣ ਰਾਸ਼ਟਰੀ ਪੱਧਰ 'ਤੇ ਵੀ ਉਨ੍ਹਾਂ ਦੀ ਗਿਣਤੀ ਘਟ ਰਹੀ ਹੈ। ਸਾਲ 2001 ਦੀ ਜਨਗਣਨਾ ਵਿੱਚ ਸਿੱਖਾਂ ਦੀ ਆਬਾਦੀ ਦੇਸ਼ ਦੀ ਕੁੱਲ ਆਬਾਦੀ ਦਾ 1.87 ਫ਼ੀਸਦੀ ਸੀ, ਜੋ 2011 ਵਿੱਚ ਘਟ ਕੇ 1.72 ਫ਼ੀਸਦੀ ਰਹਿ ਗਈ ਸੀ, ਜਦਕਿ ਸੂਬੇ ਦੀ ਆਬਾਦੀ ਦੇ ਹਿਸਾਬ ਨਾਲ 2001 ਵਿੱਚ ਸਿੱਖ ਆਬਾਦੀ ਸੂਬੇ ਦੀ ਕੁੱਲ ਆਬਾਦੀ ਦਾ ਲਗਭਗ 60 ਫੀਸਦੀ ਸੀ, ਜੋ 2011 'ਚ ਘਟ ਕੇ 57.7 ਫ਼ੀਸਦੀ ਰਹਿ ਗਈ। ਇਸ ਦੌਰਾਨ ਉੱਤਰ ਪ੍ਰਦੇਸ਼ ਤੋਂ ਜ਼ਿਆਦਾਤਰ ਮੁਸਲਮਾਨ, ਬਿਹਾਰ ਤੋਂ ਯਾਦਵ ਪੰਜਾਬ ਵਿੱਚ ਆ ਰਹੇ ਹਨ। ਇਹ ਪ੍ਰਵਾਸੀ ਪੰਜਾਬ 'ਚ ਛੋਟੇ ਅਤੇ ਮੱਧਮ ਦਰਜੇ ਦੇ ਵਪਾਰ ਖੋਲ ਕੇ ਕੰਮ ਕਰ ਰਹੇ ਹਨ। ਸਿੱਖ ਬੋਧਿਕ ਹਲਕਿਆਂ ਦਾ ਵਿਚਾਰ ਹੈ ਕਿ ਸਿੱਖਾਂ ਦੀ ਪੰਜਾਬ ਵਿੱਚ ਅਨੁਮਾਨਤ ਗਿਣਤੀ 35 ਪ੍ਰਤੀਸ਼ਤ ਦੇ ਕਰੀਬ ਰਹਿ ਗਈ ਹੈ। ਪ੍ਰਵਾਸੀਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ।

ਪੰਜਾਬ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਨੌਜਵਾਨਾਂ ਨੂੰ ਦੇਸ਼ ਅੰਦਰ ਹੀ ਚੰਗੇ ਭਵਿੱਖ ਦੀ ਗਾਰੰਟੀ ਦੇਵੇ ਤਾਂ ਜੋ ਨੌਜਵਾਨ ਆਪਣੀ ਜਨਮ ਭੂਮੀ ਨੂੰ ਹੀ ਆਪਣੀ ਕਰਮਭੂਮੀ ਬਣਾ ਸਕਣ ਪਰ ਸਰਕਾਰ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਰਹੀ।

***

## ਬਾਇਡਨ ਸ਼ੀ ਵਾਰਤਾ

ਦੌਰਾ ਕਰਨ ਨਾਲ ਸਬੰਧ ਹੋਰ ਵਿਗੜੇ ਸਨ। ਤਾਇਵਾਨ ਕਾਰਨ ਦੋਹਾਂ ਦੇਸ਼ਾਂ ਵਿਚਕਾਰ ਤਣਾਉ ਹਮੇਸ਼ਾ ਬਣਿਆ ਰਿਹਾ ਹੈ। ਇਸ ਦੇ ਬਾਵਜੂਦ ਦੋਹਾਂ ਦੇਸ਼ਾਂ ਵਿਚਕਾਰ ਵਪਾਰਕ ਸਬੰਧ ਵਧੇ-ਫੁੱਲੇ ਹਨ ਅਤੇ ਹੁਣ ਹੋਈ ਗੱਲਬਾਤ ਇਹ ਦਿਖਾਉਂਦੀਹੈ ਕਿ ਦੋਵੇਂ ਦੇਸ਼ ਆਪਸੀ ਵਖਰੇਵਿਆਂ ਬਾਰੇ ਸਪੱਸ਼ਟਤਾ ਨਾਲ ਗੱਲ ਕਰ ਰਹੇ ਹਨ।

ਬਾਇਡਨ ਅਨੁਸਾਰ ਉਸ ਨੇ ਚੀਨ ਦੇ ਹਾਂਗ ਕਾਂਗ, ਤਿੱਬਤ ਤੇ ਕਈ ਹੋਰ ਖੇਤਰਾਂ ਵਿਚ ਮਨੁੱਖੀ ਅਧਿਕਾਰਾਂ ਦਾ ਮਸਲਾ ਵੀ ਉਠਾਇਆ। ਜਿਨਪਿੰਗ ਨੇ ਬਾਇਡਨ ਨਾਲ ਗੱਲਬਾਤ ਸਮੇਂ ਸਪੱਸ਼ਟ ਕਰ ਦਿੱਤਾ ਕਿ ਤਾਇਵਾਨ ਦਾ ਚੀਨ ਨਾਲ ਰਲੇਵਾਂ ਹਰ ਹਾਲਤ ਵਿੱਚ ਹੋਵੇਗਾ। ਇਸ ਦੇ ਜਵਾਬ ਵਿੱਚ ਬਾਇਡਨ ਨੇ ਚੁੱਪ ਵੱਟੀ ਰੱਖੀ। ਇਸ ਤੋਂ ਪਹਿਲਾਂ ਅਮਰੀਕਾ ਤਾਇਵਾਨ ਦੀ ਅਜ਼ਾਦੀ ਦਾ ਹੋਕਾ ਦਿੰਦਾ ਰਹਿੰਦਾ ਸੀ। ਦੋਹਾਂ ਰਾਸ਼ਟਰਪਤੀਆਂ ਵਿੱਚ ਇਹ ਆਮ ਸਹਿਮਤੀ ਬਣੀ ਕਿ ਦੋਵੇਂ ਦੇਸ਼ ਬਰਾਬਰੀ ਦੀ ਭਾਵਨਾ ਨਾਲ ਅਮਨਪੂਰਵਕ ਪੇਸ਼ ਆਉਣਗੇ। ਦੋਵੇਂ ਇੱਕ ਦੂਜੇ ਨਾਲ ਰਹਿਣ ਲਈ ਨਵੇਂ ਰਾਹ ਲੱਭਣਗੇ। ਦੋਵੇਂ ਗੱਲਬਾਤ ਜਾਰੀ ਰੱਖਣਗੇ। ਦੋਵੇਂ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਦੀ ਰੱਖਿਆ ਕਰਨਗੇ ਤੇ ਟਕਰਾਅ ਤੋਂ ਬਚਣਗੇ। ਦੋਹਾਂ ਦੇਸ਼ਾਂ ਦੇ ਅਰਥਚਾਰਿਆਂ ਦੀ ਦਿਸ਼ਾ ਅਜਿਹੀ ਹੈ ਕਿ ਆਪਸੀ ਸਹਿਯੋਗ ਬਿਨਾ ਦੋਵਾਂ ਵਿਚੋਂ ਕਿਸੇ ਦਾ ਵੀ ਗੁਜ਼ਾਰਾ ਨਹੀਂ। ਇਹ ਮੀਟਿੰਗ ਇਹ ਵੀ ਦਰਸਾਉਂਦੀਹੈ ਕਿ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਸਾਰੇ ਦੇਸ਼ ਇਕ ਦੂਸਰੇ ਨਾਲ ਡੂੰਘੇ ਵਪਾਰਕ ਸੂਤਰਾਂ ਵਿੱਚ ਬੱਝੇ ਹੋਏ ਹਨ। ਹੁਣ ਜਦੋਂ ਅਮਰੀਕਾ ਤੇ ਚੀਨ ਨੇ ਦੋਹਾਂ ਵਿਚਕਾਰ ਸ਼ੁਰੂ ਹੋਈ ਠੰਢੀ ਜੰਗ ਨੂੰ ਬਰੇਕ ਲਾਉਣ ਦਾ ਫ਼ੈਸਲਾ ਕਰ ਲਿਆ ਹੈ ਤਾਂ ਭਾਰਤੀ ਹਾਕਮਾਂ ਨੂੰ ਵੀ ਆਪਣੀ ਨੀਤੀ ਨੂੰ ਨਵੇਂ ਸਿਰੇ ਤੋਂ ਵਿਚਾਰਨਾ ਪਵੇਗਾ।

***

## ਕਾਂਗਰਸ ਦਿੱਲੀ 'ਚ 'ਆਪ'

ਜਿਸ ਨਾਲ ਕਾਂਗਰਸ ਨੂੰ ਮੁਸਲਿਮ ਵੋਟ ਪਰਤਣ ਦੀ ਵੀ ਉਮੀਦ ਹੈ। ਇਸ ਉਮੀਦ ਦੌਰਾਨ ਕਾਂਗਰਸ ਰਣਨੀਤੀ ਨੂੰ ਲੈ ਕੇ ਦੁਬਿਧਾ ਵਿੱਚ ਹੈ। ਕੁਝ ਨੇਤਾ ਚਾਹੁੰਦੇ ਹਨ ਕਿ ਆਮ ਆਦਮੀ ਪਾਰਟੀ ਨਾਲ ਤਾਲਮੇਲ ਨਾ ਹੋਵੇ ਪਰ ਕਈ ਨੇਤਾ ਚਾਹੁੰਦੇ ਹਨ ਕਿ ਜਿਸ ਤਰ੍ਹਾਂ ਨਾਲ 2013 ਵਿੱਚ ਕਾਂਗਰਸ ਦੇ ਸਮਰਥਨ ਨਾਲ ਆਮ ਆਦਮੀ ਪਾਰਟੀ ਨੂੰ ਫਾਇਦਾ ਹੋਇਆ ਸੀ ਅਤੇ ਕਾਂਗਰਸ ਦੀਆਂ ਵੋਟਾਂ ਉਸ ਦੇ ਨਾਲ ਚਲੀਆਂ ਗਈਆਂ ਸਨ, ਉਸੇ ਤਰ੍ਹਾਂ 2024 ਵਿੱਚ ਆਮ ਆਦਮੀ ਪਾਰਟੀ ਦੇ ਨਾਲ ਮਿਲ ਕੇ ਲੜਨ ਨਾਲ ਕਾਂਗਰਸ ਦੀਆਂ ਵੋਟਾਂ ਦੀ ਵਾਪਸੀ ਸ਼ੁਰੂ ਹੋ ਸਕਦੀ ਹੈ।

***

## ਸਭ ਲਈ ਸਿੱਖਿਆ ਜਾਂ ਸਭ

ਅਸਲ ਵਿੱਚ ਸਮਾਜ ਵਿੱਚ ਗਰੀਬ, ਅਮੀਰ ਦਾ ਵੱਧ ਰਿਹਾ ਪਾੜਾ, ਸਿੱਖਿਆ ਪ੍ਰਦਾਨ ਕਰਨ ਦੇ ਖੇਤਰ 'ਚ ਵੀ ਵਿਖਾਈ ਦਿੰਦਾ ਹੈ, ਜਿਥੇ ਗਰੀਬ ਬੱਚਿਆਂ ਲਈ ਚੰਗੇ ਸਕੂਲਾਂ ਦੀ ਕਮੀ ਹੈ ਅਤੇ ਸਰਕਾਰ ਵੀ ਸਕੂਲਾਂ 'ਚ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ 'ਚ ਅਸਮਰਥ ਨਜ਼ਰ ਆਉਂਦੀ ਹੈ, ਕਿਉਂਕਿ ਦੇਸ਼ ਦੀ ਅਫ਼ਸਰਸ਼ਾਹੀ ਤੇ ਵੱਡੇ ਸਿਆਸਤਦਾਨ ਲੋਕ ਭਲੇ ਹਿੱਤ ਕੰਮ ਤੋਂ ਕਿਨਾਰਾ ਕਰਕੇ ਸਿਰਫ਼ ਵੋਟ ਰਣਨੀਤੀ ਲਈ ਰਾਜਨੀਤੀ ਕਰਨ ਲੱਗੇ ਹਨ।

ਪ੍ਰਾਈਵੇਟ ਸਕੂਲ ਚੰਗੀ ਸਿੱਖਿਆ ਲਈ ਜਾਣੇ ਜਾਂਦੇ ਹਨ। ਇਹਨਾ ਸਕੂਲਾਂ ਦੇ ਪ੍ਰਬੰਧਕਾਂ ਨੇ ਸਿੱਖਿਆ ਦਾ ਵਪਾਰੀਕਰਨ ਕੀਤਾ ਹੋਇਆ ਹੈ ਅਤੇ ਸਕੂਲਾਂ ਨੂੰ ਇੱਕ ਧੰਦੇ ਦੇ ਤੌਰ 'ਤੇ ਚਲਾਉਂਦੇ ਹਨ। ਵਿਦਿਆਰਥੀਆਂ ਲਈ ਸਕੂਲ 'ਚ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਵੱਧ ਤੋਂ ਵੱਧ ਫੀਸਾਂ ਵਿਦਿਆਰਥੀਆਂ ਤੋਂ ਅਟੇਰੀਆਂ ਜਾਂਦੀਆਂ ਹਨ। ਦੇਸ਼ 'ਚ ਕਈ ਸਕੂਲ ਤਾਂ ਇਹੋ ਜਿਹੇ ਹਨ ਜਿਹੜੇ ਪੰਜ ਤਾਰਾ, ਤਿੰਨ ਤਾਰਾ ਹੋਟਲਾਂ ਵਰਗੀਆਂ ਸਹੂਲਤਾਂ ਨਾਲ ਲੈੱਸ ਹਨ। ਇਹਨਾਂ ਸਕੂਲਾਂ 'ਚ ਵਧੀਆਂ ਲਾਇਬ੍ਰੇਰੀਆਂ, ਖੇਡ ਮੈਦਾਨ, ਸਾਇੰਸ ਲੈਬਾਰਟਰੀਜ਼, ਸੁਵਿਧਾਜਨਕ ਅਧਿਆਪਕ ਵਿਦਿਆਰਥੀ ਅਨੁਪਾਤ ਅਤੇ ਦਿਲ ਪ੍ਰਚਾਵੇਂ ਲਈ ਬਿਹਤਰੀਨ ਸਹੂਲਤਾਂ ਹਨ। ਯੂਨੀਫਾਈਡ ਜ਼ਿਲ੍ਹਾ ਸੂਚਨਾ ਸਿਸਟਮ ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਭਰ ਵਿੱਚ 3,40,753 ਪ੍ਰਾਈਵੇਟ ਸਕੂਲ ਹਨ, ਜਦਕਿ ਸਰਕਾਰੀ ਸਕੂਲਾਂ ਦੀ ਗਿਣਤੀ 10,32,570 ਹੈ ਭਾਵ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦਾ ਅਨੁਪਾਤ ਲਗਭਗ 10:3 ਦਾ ਹੈ।

ਪ੍ਰਾਈਵੇਟ ਪਬਲਿਕ ਸਕੂਲਾਂ ਦਾ ਦੇਸ਼ 'ਚ ਬੋਲਬਾਲਾ ਹੈ। ਕੇਂਦਰ ਸਰਕਾਰ ਪ੍ਰਾਈਵੇਟ ਸਿੱਖਿਆ ਨੂੰ ਉਤਸ਼ਾਹਿਤ ਕਰ ਰਹੀ ਹੈ। ਨਵੀਂ ਸਿੱਖਿਆ ਪਾਲਿਸੀ ਤਹਿਤ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿੱਚ ਆਪਣੇ ਕੈਂਪਸ ਖੋਲ੍ਹਣ ਦਾ ਸੱਦਾ ਦਿੱਤਾ ਜਾ ਰਿਹਾ ਹੈ। ਭਾਵ ਸਿੱਖਿਆ ਦੇ ਨਿੱਜੀਕਰਨ ਅਤੇ ਵਪਾਰੀਕਰਨ ਦੇ ਦਰਵਾਜੇ ਖੋਲ੍ਹੇ ਜਾ ਰਹੇ ਹਨ ਤਾਂ ਇੱਕ ਉਹ ਵਿਦਿਆਰਥੀ, ਜਿਸਦੇ ਮਾਪਿਆਂ ਦੇ ਕਮਾਈ ਦੇ ਸਾਧਨ ਸੀਮਤ ਹਨ, ਇਹਨਾ ਅਦਾਰਿਆਂ 'ਚ ਸਿੱਖਿਆ ਕਿਵੇਂ ਪ੍ਰਾਪਤ ਕਰ ਸਕੇਗਾ? ਇਥੇ ਤਾਂ ਸਰਦੇ-ਪੁਜਦੇ ਘਰਾਂ ਦੇ ਵਿਦਿਆਰਥੀਆਂ ਦੇ ਬੱਚੇ ਹੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ।

ਸਿੱਖਿਆ ਅਤੇ ਸਿਹਤ ਕਿਸੇ ਵੀ ਲੋਕ ਹਿਤੈਸ਼ੀ, ਲੋਕ ਭਲਾਈ ਹਿੱਤ ਕੰਮ ਕਰਨ ਵਾਲੀ ਸਰਕਾਰ ਦੀ ਪਹਿਲ ਹੋਣੀ ਚਾਹੀਦੀ ਹੈ। ਇਹ ਦੋਵੇਂ ਕਾਰਕ ਮਨੁੱਖ ਨੂੰ ਜਿਆਦਾ ਸੱਭਿਅਕ ਬਨਾਉਣ ਲਈ ਕੰਮ ਕਰਦੇ ਹਨ। ਸਰਕਾਰਾਂ ਨੂੰ ਇਹ ਗੱਲ ਸਮਝਣ ਦੀ ਲੋੜ ਹੈ, ਸਭ ਨੂੰ ਸਿੱਖਿਆ ਤਾਂ ਮਿਲੇ ਹੀ, ਪਰ ਸਭ ਲਈ ਬਰਾਬਰ ਦੀ ਸਿੱਖਿਆ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ ਪਰ ਸਰਕਾਰਾਂ ਦੀ ਸਭ ਲਈ ਬਰਾਬਰ ਦੀ ਸਿੱਖਿਆ ਦੇਣ ਪ੍ਰਤੀ ਬੇਰੁਖ਼ੀ, ਆਪਣੇ ਫਰਜ਼ਾਂ ਤੋਂ ਕੋਤਾਹੀ ਸਮਾਨ ਹੈ।

****

## .ਗਜ਼ਨੀ ਸੂਬੇ ਦੇ ਗੁਰਦੁਆਰਾ

ਵਿਸਾਖੀ ਨੂੰ ਬਹੁਤ ਵੱਡਾ ਮੇਲਾ ਲੱਗਦਾ ਸੀ ਅਤੇ ਜਲਾਲਾਬਾਦ, ਕੁੰਦੁਜ਼, ਹੇਰਾਤ, ਕੰਧਾਰ ਅਤੇ ਕਾਬੁਲ ਆਦਿ ਤੋਂ ਵੱਡੀ ਗਿਣਤੀ 'ਚ ਅਫ਼ਗਾਨੀ ਹਿੰਦੂ-ਸਿੱਖ ਦਰਸ਼ਨਾਂ ਲਈ ਪਹੁੰਚਦੇ ਸਨ। ਦੱਸਿਆ ਜਾ ਰਿਹਾ ਹੈ ਕਿ ਤਾਲਿਬਾਨ ਸਰਕਾਰ ਵੱਲੋਂ ਗੁਲਜੀਤ ਸਿੰਘ ਨੂੰ ਅਫ਼ਗਾਨ ਘੱਟ-ਗਿਣਤੀ ਹਿੰਦੂਆਂ ਅਤੇ ਸਿੱਖਾਂ ਦਾ ਵਕੀਲ (ਨੁਮਾਇੰਦਾ) ਨਿਯੁਕਤ ਕੀਤੇ ਜਾਣ ਉਪਰੰਤ ਇਸ ਗੁਰਦੁਆਰਾ ਸਾਹਿਬ ਵਿੱਚ ਸੇਵਾ ਸ਼ੁਰੂ ਕੀਤੀ ਗਈ ਹੈ। ਉਕਤ ਦੇ ਇਲਾਵਾ ਅਫ਼ਗਾਨ ਸਿੱਖ ਭਾਈਚਾਰੇ ਨੇ ਕਾਬੁਲ, ਕੰਧਾਰ, ਕੁੰਦੁਜ਼, ਸੁਲਤਾਨਪੁਰ, ਸ਼ਰਾਹਗਾਹ ਅਤੇ ਜ਼ਬਰਸਰਾਜ਼ ਆਦਿ ਇਲਾਕਿਆਂ ਵਿਚਲੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਰੱਖ-ਰਖਾਅ ਲਈ ਵੀ ਪੁਖ਼ਤਾ ਇੰਤਜ਼ਾਮ ਕਰਨ ਦੀ ਮੰਗ ਕੀਤੀ ਹੈ। ਅਫ਼ਗਾਨਿਸਤਾਨ ਵਿੱਚ ਮੌਜੂਦਾ ਸਮੇਂ ਸਿਰਫ਼ 16-17 ਹਿੰਦੂ-ਸਿੱਖ ਹੀ ਰਹਿ ਰਹੇ ਹਨ।

***

## ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ

ਪਰ ਕਿਹਾ ਕਿ ਉਹ ਉਹਨਾਂ ਲੋਕਾਂ ਦੀ ਭਾਲ ਕਰ ਰਹੇ ਹਨ ਜੋ ਛੁੱਟੀਆਂ ਦੌਰਾਨ ਫੁੱਲ-ਟਾਈਮ ਕੰਮ ਕਰ ਸਕਦੇ ਹਨ — ਅਜਿਹੀ ਭੂਮਿਕਾ ਜਿਸ ਲਈ ਉਹ 31 ਦਸੰਬਰ ਤੋਂ ਬਾਅਦ ਯੋਗ ਨਹੀਂ ਹੋਵੇਗੀ। ਸਸਕੈਚਵਾਨ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਦਾ ਕਹਿਣਾ ਹੈ ਕਿ 20 ਘੰਟੇ ਕੰਮ ਦੀ ਸੀਮਾ ਹਟਾਉਣ ਦਾ ਫ਼ੈਸਲਾ ਸਥਾਈ ਕੀਤਾ ਜਾਵੇ।

ਭੇਜੇ ਗਏ ਇੱਕ ਈਮੇਲ ਬਿਆਨ ਵਿੱਚ ਫੈਡਰਲ ਇਮੀਗ੍ਰੇਸ਼ਨ ਵਿਭਾਗ ਨੇ ਕਿਹਾ ਕਿ ਉਹ ਨੀਤੀ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਦੀ ਪ੍ਰਕਿਰਿਆ ਵਿੱਚ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕਿੰਨੇ ਯੋਗ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਇਸਦਾ ਲਾਭ ਲਿਆ ਹੈ। ਬਿਆਨ ਵਿੱਚ ਕਿਹਾ ਗਿਆ ਹੈ, 'ਕੈਂਪਸ ਤੋਂ ਬਾਹਰ ਕੰਮ ਲਈ 20-ਘੰਟਿਆਂ ਦੀ ਸੀਮਾ ਨੂੰ ਅਸਥਾਈ ਤੌਰ 'ਤੇ ਹਟਾਉਣਾ ਕੈਨੇਡਾ ਵਿੱਚ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਵਿੱਚ ਮਦਦ ਕਰ ਰਿਹਾ ਹੈ,'। ਇਸ ਵਿਚ ਕਿਹਾ ਗਿਆ ਹੈ ਕਿ ਜੇਕਰ ਮੌਜੂਦਾ ਯੋਜਨਾ ਵਿਚ ਕੋਈ ਤਬਦੀਲੀ ਹੋਵੇਗੀ ਤਾਂ ਮੰਤਰਾਲਾ ਜਨਤਾ ਨੂੰ ਜਲਦ ਜਾਣਕਾਰੀ ਦੇਵੇਗਾ।

***

## ਚੰਨ 'ਤੇ ਬੇਸ ਬਣਾਉਣ ਲਈ

ਵਾਲਾ ਇਹ ਪਹਿਲਾ ਮਿਸ਼ਨ ਹੋਵੇਗਾ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਸੰਕੇਤ ਦਿੱਤਾ ਹੈ ਕਿ ਮਿਸ਼ਨ ਦੀ ਸਮਾਂ ਸੀਮਾ ਦਸੰਬਰ 2025 ਤੋਂ 2026 ਤੱਕ ਵਧਾਈ ਜਾ ਸਕਦੀ ਹੈ। ਨਤੀਜੇ ਵਜੋਂ, 2030 ਤੱਕ ਚੰਦਰਮਾ 'ਤੇ ਸਥਾਈ ਅਧਾਰ ਸਥਾਪਤ ਕਰਨ ਦੀ ਅਮਰੀਕਾ ਦੀ ਯੋਜਨਾ ਵਿੱਚ ਦੇਰੀ ਹੋ ਸਕਦੀ ਹੈ। ਨਾਸਾ ਦੇ ਪ੍ਰਸ਼ਾਸਕ ਬਿਲ ਨੈਲਸਨ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਇਹ ਬਹੁਤ ਸਮਾਂ ਨਹੀਂ ਹੈ ਜਦੋਂ ਚੀਨ ਨੇ ਕਿਹਾ ਸੀ ਕਿ ਉਹ ਸਾਲ 2035 ਤੱਕ ਚੰਦਰਮਾ 'ਤੇ ਉਤਰਨ ਦਾ ਇਰਾਦਾ ਰੱਖਦਾ ਹੈ। ਹੁਣ ਉਹ ਤਾਰੀਖ ਨੇੜੇ ਆ ਰਹੀ ਹੈ। ਉਹ ਇਸ ਗੱਲ ਨੂੰ ਬਹੁਤ ਗੰਭੀਰਤਾ ਨਾਲ ਲੈ ਰਿਹਾ ਹੈ ਕਿ ਚੀਨ ਚੰਦਰਮਾ 'ਤੇ ਪਹੁੰਚਣ ਦੀ ਦੌੜ 'ਚ ਹੈ।

ਅਮਰੀਕਾ ਦੇ ਇੱਕ ਖੁਫੀਆ ਅਧਿਕਾਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਚੀਨ ਅਮਰੀਕਾ ਦਾ ਮੁਕਾਬਲਾ ਕਰਨ ਲਈ ਪੁਲਾੜ ਨੂੰ ਇੱਕ ਮਹੱਤਵਪੂਰਨ ਖੇਤਰ ਵਜੋਂ ਦੇਖਦਾ ਹੈ। ਅਧਿਕਾਰੀ ਨੇ ਜ਼ੋਰ ਦੇ ਕੇ ਕਿਹਾ ਕਿ ਚੀਨ ਨਾ ਸਿਰਫ 2020 ਤੱਕ ਇੱਕ ਵੱਡੀ ਪੁਲਾੜ ਸ਼ਕਤੀ ਬਣਨਾ ਚਾਹੁੰਦਾ ਹੈ, ਸਗੋਂ 21ਵੀਂ ਸਦੀ ਵਿੱਚ ਵੀ ਆਪਣਾ ਦਬਦਬਾ ਕਾਇਮ ਕਰਨਾ ਚਾਹੁੰਦਾ ਹੈ, ਜਿਵੇਂ ਅਮਰੀਕਾ ਨੇ 20ਵੀਂ ਸਦੀ ਵਿੱਚ ਕੀਤਾ ਸੀ। ਅਮਰੀਕਾ ਅਤੇ ਚੀਨ ਵਿਚਕਾਰ ਚੱਲ ਰਹੀ ਪੁਲਾੜ ਦੌੜ ਸ਼ੀਤ ਯੁੱਧ ਦੇ ਅੰਤ ਤੋਂ ਬਾਅਦ ਦੋ ਆਰਥਿਕ ਮਹਾਂਸ਼ਕਤੀਆਂ ਵਿਚਾਲੇ ਪਹਿਲੀ ਵੱਡੀ ਗਲੋਬਲ ਮੁਕਾਬਲੇ ਦੀ ਨਿਸ਼ਾਨਦੇਹੀ ਕਰਦੀ ਹੈ।

***

## ਆਈ.ਸੀ.ਸੀ. ਵੱਲੋਂ ਟਰਾਂਸਜੈਂਡਰ

ਇਹ ਪੁੱਛੇ ਜਾਣ 'ਤੇ ਕਿ ਆਈਸੀਸੀ ਨੂੰ ਇਹ ਬਦਲਾਅ ਲਿਆਉਣ ਦਾ ਕਾਰਨ ਕੀ ਸੀ, ਇਕ ਸੂਤਰ ਨੇ ਕਿਹਾ ਕਿ ਇਹ 2028 ਉਲੰਪਿਕ 'ਚ ਕ੍ਰਿਕਟ ਨੂੰ ਸ਼ਾਮਲ ਕਰਨ ਦੇ ਕਾਰਨ ਹੈ ਕਿਉਂਕਿ ਕ੍ਰਿਕਟ ਇੱਕ ਉਲੰਪਿਕ ਖੇਡ ਹੋਵੇਗੀ, ਇਸ ਨੂੰ ਉਲੰਪਿਕ ਦਿਸ਼ਾ-ਨਿਰਦੇਸ਼ਾਂ ਦੁਆਰਾ ਨਿਯੰਤਰਿਤ ਕੀਤਾ ਜਾਣਾ ਚਾਹੀਦਾ ਹੈ। ਇਹ ਲਿੰਗ ਮੁੱਦਾ ਵਿਸ਼ਵ ਪੱਧਰ 'ਤੇ ਬਹੁਤ ਵੱਡਾ ਹੈ। ਅੰਤਰਰਾਸ਼ਟਰੀ ਉਲੰਪਿਕ ਕਮੇਟੀ (ਆਈਓਸੀ) ਨੇ ਨਿਯਮਾਂ ਵਿੱਚ ਬਦਲਾਅ ਕੀਤਾ ਹੈ ਅਤੇ ਖੇਡਾਂ ਨੂੰ ਅਜਿਹੇ ਨਿਯਮਾਂ ਨੂੰ ਲਾਗੂ ਕਰਨ ਦੀ ਸਲਾਹ ਦਿੱਤੀ ਹੈ ਜੋ ਢੁਕਵੇਂ ਹਨ।

ਇਹ ਫੈਸਲਾ ਕੈਨੇਡਾ ਦੀ ਡੈਨੀਏਲ ਮੈਕਗੇਹੀ ਬ੍ਰਾਜ਼ੀਲ ਦੇ ਖ਼ਿਲਾਫ਼ ਮਹਿਲਾ ਟੀ-20 ਮੈਚ 'ਚ ਹਿੱਸਾ ਲੈਣ ਵਾਲੇ ਅਧਿਕਾਰਤ ਅੰਤਰਰਾਸ਼ਟਰੀ ਮੈਚ 'ਚ ਹਿੱਸਾ ਲੈਣ ਵਾਲੀ ਪਹਿਲੀ ਟਰਾਂਸਜੈਂਡਰ ਕ੍ਰਿਕਟਰ ਬਣਨ ਦੇ ਦੋ ਮਹੀਨੇ ਬਾਅਦ ਆਇਆ ਹੈ। ਹਾਲਾਂਕਿ ਉਹ ਹੁਣ ਮਹਿਲਾ ਅੰਤਰਰਾਸ਼ਟਰੀ ਖੇਡਾਂ ਵਿੱਚ ਹਿੱਸਾ ਨਹੀਂ ਲੈ ਸਕੇਗੀ।

ਜ਼ਿਕਰਯੋਗ ਹੈ ਕਿ, ਮੈਕਗੇਹੀ ਫਰਵਰੀ 2020 ਵਿੱਚ ਆਸਟ੍ਰੇਲੀਆ ਤੋਂ ਕੈਨੇਡਾ ਚਲੇ ਗਏ ਸਨ ਅਤੇ ਨਵੰਬਰ 2020 ਵਿੱਚ ਇੱਕ ਆਦਮੀ ਤੋਂ ਔਰਤ ਵਿੱਚ ਆਪਣਾ ਸਮਾਜਿਕ ਪਰਿਵਰਤਨ ਸ਼ੁਰੂ ਕੀਤਾ ਸੀ। ਉਸਨੇ ਮਈ 2021 ਵਿੱਚ ਆਪਣੀ ਮੈਡੀਕਲ ਤਬਦੀਲੀ ਸ਼ੁਰੂ ਕੀਤੀ ਸੀ। ਕ੍ਰਿਕਟ ਕੈਨੇਡਾ ਨੇ ਕਿਹਾ ਕਿ ਮੈਕਗੇਹੇ ਨੂੰ ਟੀਮ ਲਈ ਚੁਣਿਆ ਗਿਆ ਸੀ ਕਿਉਂਕਿ ਉਸਨੇ 933 ਦੇ ਸਾਰੇ ਨਿਯਮਾਂ ਨੂੰ ਪੂਰਾ ਕੀਤਾ ਸੀ।

ਹੁਣ ਤੱਕ, ਨਿਯਮ ਸਿਰਫ ਅੰਤਰਰਾਸ਼ਟਰੀ ਮਹਿਲਾ ਕ੍ਰਿਕਟ ਲਈ ਲਿੰਗ ਯੋਗਤਾ ਨਾਲ ਸਬੰਧਤ ਹਨ। ਆਈਸੀਸੀ ਨੇ ਕਿਹਾ ਕਿ ਘਰੇਲੂ ਪੱਧਰ 'ਤੇ ਲਿੰਗ ਯੋਗਤਾ ਹਰੇਕ ਵਿਅਕਤੀਗਤ ਮੈਂਬਰ ਬੋਰਡ ਲਈ ਮਾਮਲਾ ਹੈ, ਜੋ ਸਥਾਨਕ ਕਾਨੂੰਨ ਦੁਆਰਾ ਪ੍ਰਭਾਵਿਤ ਹੋ ਸਕਦਾ ਹੈ।

ਟਰਾਂਸਜੈਂਡਰ ਐਥਲੀਟਾਂ ਨੂੰ ਤੈਰਾਕੀ, ਸਾਈਕਲਿੰਗ, ਐਥਲੈਟਿਕਸ, ਰਗਬੀ ਲੀਗ, ਅਤੇ ਰਗਬੀ ਯੂਨੀਅਨ ਵਰਗੀਆਂ ਹੋਰ ਖੇਡਾਂ ਵਿੱਚ ਕੁਲੀਨ ਔਰਤਾਂ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਤੋਂ ਪਾਬੰਦੀ ਲਗਾਈ ਗਈ ਹੈ।

***

## 21 ਦਿਨ ਦੀ ਪੈਰੋਲ 'ਤੇ ਜੇਲ੍ਹ

ਅਕਤੂਬਰ ਵਿੱਚ ਵੀ ਉਸ ਨੂੰ 40 ਦਿਨ ਦੀ ਪੈਰੋਲ ਮਿਲੀ ਸੀ। ਦਰਅਸਲ ਰਾਮ ਰਹੀਮ ਨੇ ਪੈਰੋਲ ਲਈ ਬੇਨਤੀ ਕੀਤੀ ਸੀ। ਉਹ ਜਬਰ-ਜ਼ਿਨਾਹ ਦੇ ਦੋਸ਼ ਵਿੱਚ 20 ਸਾਲ ਦੀ ਜੇਲ੍ਹ ਦੀ ਸਜ਼ਾ ਕੱਟ ਰਿਹਾ ਹੈ।

ਧਾਮੀ ਨੇ ਜਤਾਇਆ ਇਤਰਾਜ਼

ਇਸ ਦਰਮਿਆਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਡੇਰਾ ਮੁਖੀ ਨੂੰ 21 ਦਿਨ ਦੀ ਪੈਰੋਲ ਦੇਣ ਦੇ ਹਰਿਆਣਾ ਸਰਕਾਰ ਦੇ ਕਦਮ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਧਾਮੀ ਨੇ ਕਿਹਾ ਕਿ ਇਸ ਨਾਲ ਸਿੱਖ ਭਾਈਚਾਰੇ ਵਿਚਾਲੇ ਅਵਿਸ਼ਵਾਸ ਦੇ ਮਾਹੌਲ ਨੂੰ ਹੱਲਾ-ਸ਼ੇਰੀ ਮਿਲ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਡੇਰਾ ਮੁਖੀ ਨੂੰ ਵਾਰ-ਵਾਰ ਜੇਲ੍ਹ ਤੋਂ ਅਸਥਾਈ ਰਿਹਾਈ ਦਿੱਤੀ ਜਾ ਰਹੀ ਹੈ ਪਰ ਸਰਕਾਰਾਂ 'ਬੰਦੀ ਸਿੰਘਾਂ' (ਸਿੱਖ ਕੈਦੀਆਂ) ਦੀ ਰਿਹਾਈ ਲਈ ਸਿੱਖ ਭਾਈਚਾਰੇ ਵਲੋਂ ਚੁੱਕੀ ਗਈ ਆਵਾਜ਼ ਨਹੀਂ ਸੁਣ ਰਹੀ ਹੈ।

***

## ਨਹੀਂ ਰਹੇ ਸਹਾਰਾ ਗਰੁੱਪ ਦੇ ਮੁਖੀ ਸੁਬਰਤ ਰਾਏ

ਅਤੇ ਦੋ ਪੁੱਤਰ ਸੀਮਾਂਤੋ ਅਤੇ ਸੁਸ਼ਾਂਤੋ ਮੈਸੇਡੋਨੀਆ ਵਿੱਚ ਰਹਿੰਦੇ ਹਨ। ਸੇਬੀ ਅਤੇ ਹੋਰ ਵਿੱਤੀ ਏਜੰਸੀਆਂ ਉਸ ਦੇ ਪੁੱਤਰਾਂ 'ਤੇ ਨਜ਼ਰ ਰੱਖ ਰਹੀਆਂ ਹਨ, ਇਸੇ ਕਾਰਨ ਉਸ ਦੇ ਦੋਵੇਂ ਪੁੱਤਰ ਭਾਰਤ ਨਹੀਂ ਆਏ। ਸੁਬਰਤ ਦੀ ਪਤਨੀ ਆਪਣੇ ਪੋਤੇ ਨਾਲ ਭਾਰਤ ਆਈ ਅਤੇ ਉਸ ਦਾ ਅੰਤਿਮ ਸੰਸਕਾਰ ਕੀਤਾ। ਸੁਬਰਤ ਦੀ ਪਤਨੀ ਅਤੇ ਉਸ ਦੇ ਦੋਵੇਂ ਪੁੱਤਰਾਂ ਕੋਲ ਮੈਸੇਡੋਨੀਆ ਦੀ ਨਾਗਰਿਕਤਾ ਹੈ।

ਇਸ ਤੋਂ ਇਕ ਦਿਨ ਪਹਿਲਾਂ ਬੁੱਧਵਾਰ ਨੂੰ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਲਖਨਊ ਦੇ ਗੋਮਤੀ ਨਗਰ ਸਥਿਤ ਉਨ੍ਹਾਂ ਦੇ ਵਿਲਾ ਸਹਾਰਾ ਸ਼ਹਿਰ ਲਿਆਂਦਾ ਗਿਆ, ਜਿੱਥੇ ਸੈਂਕੜੇ ਲੋਕ ਉਨ੍ਹਾਂ ਨੂੰ ਅੰਤਿਮ ਸ਼ਰਧਾਂਜਲੀ ਦੇਣ ਲਈ ਪਹੁੰਚੇ ਹੋਏ ਸਨ।

ਤੁਹਾਨੂੰ ਦੱਸ ਦੇਈਏ ਕਿ ਸੁਬਰਤ ਰਾਏ ਦੀ ਮੰਗਲਵਾਰ ਨੂੰ ਮੁੰਬਈ ਦੇ ਇੱਕ ਨਿੱਜੀ ਹਸਪਤਾਲ ਵਿੱਚ ਮੌਤ ਹੋ ਗਈ ਸੀ। ਉਹ 75 ਸਾਲ ਦੇ ਸਨ। ਰਾਏ ਕਾਫੀ ਸਮੇਂ ਤੋਂ ਗੰਭੀਰ ਬਿਮਾਰ ਸਨ ਅਤੇ ਇਕ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ। ਸੁਬਰਤ ਦੇ ਪਿੱਛੇ ਉਸਦੀ ਪਤਨੀ ਸਵਪਨਾ ਰਾਏ ਅਤੇ ਦੋ ਪੁੱਤਰ ਸੁਸ਼ਾਂਤੋ ਰਾਏ ਅਤੇ ਸੀਮਾਂਤੋ ਰਾਏ ਹਨ।

**ਬਿਹਾਰ ਦੇ ਅਰਰੀਆ ਜ਼ਿਲ੍ਹੇ ਵਿੱਚ ਹੋਇਆ ਸੀ ਜਨਮ**

ਕੰਪਨੀ ਦੇ ਬਿਆਨ ਅਨੁਸਾਰ, ਰਾਏ ਦੀ ਮੌਤ ਕਾਰਡੀਓਰੇਸਪੀਰੇਟਰੀ ਗ੍ਰਿਫਤਾਰੀ ਕਾਰਨ ਹੋਈ। ਸਹਾਰਾ ਪ੍ਰਧਾਨ ਦਾ ਜਨਮ 10 ਜੂਨ 1948 ਨੂੰ ਬਿਹਾਰ ਦੇ ਅਰਰੀਆ ਜ਼ਿਲ੍ਹੇ ਵਿੱਚ ਹੋਇਆ ਸੀ। ਉਸਨੇ ਕੋਲਕਾਤਾ ਵਿੱਚ ਆਪਣੀ ਮੁੱਢਲੀ ਪੜ੍ਹਾਈ ਪੂਰੀ ਕੀਤੀ। ਇਸ ਤੋਂ ਬਾਅਦ ਉਸਨੇ ਗੋਰਖਪੁਰ ਦੇ ਇੱਕ ਸਰਕਾਰੀ ਕਾਲਜ ਤੋਂ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ। ਸੁਬਰਤ ਰਾਏ ਨੇ ਆਪਣਾ ਪਹਿਲਾ ਕਾਰੋਬਾਰ ਗੋਰਖਪੁਰ ਤੋਂ ਹੀ ਸ਼ੁਰੂ ਕੀਤਾ ਸੀ।

**ਚਿੱਟ ਫੰਡ ਕੰਪਨੀ ਨੂੰ ਐਕੁਆਇਰ ਕੀਤਾ ਗਿਆ ਸੀ**

ਰਾਏ ਦੇ ਜੀਵਨ ਦਾ ਸਫ਼ਰ ਸਰਕਾਰੀ ਤਕਨੀਕੀ ਸੰਸਥਾਨ, ਗੋਰਖਪੁਰ ਤੋਂ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਨਾਲ ਸ਼ੁਰੂ ਹੋਇਆ। 1976 ਵਿੱਚ, ਉਸਨੇ ਸੰਘਰਸ਼ਸ਼ੀਲ ਚਿੱਟ ਫੰਡ ਕੰਪਨੀ ਸਹਾਰਾ ਫਾਈਨਾਂਸ ਨੂੰ ਹਾਸਲ ਕਰਨ ਤੋਂ ਪਹਿਲਾਂ ਗੋਰਖਪੁਰ ਵਿੱਚ ਕਾਰੋਬਾਰ ਸ਼ੁਰੂ ਕੀਤਾ। 1978 ਤੱਕ, ਉਸਨੇ ਇਸਨੂੰ ਸਹਾਰਾ ਇੰਡੀਆ ਪਰਿਵਾਰ ਵਿੱਚ ਬਦਲ ਦਿੱਤਾ, ਜੋ ਬਾਅਦ ਵਿੱਚ ਭਾਰਤ ਦੇ ਸਭ ਤੋਂ ਵੱਡੇ ਵਪਾਰਕ ਸਮੂਹਾਂ ਵਿੱਚੋਂ ਇੱਕ ਬਣ ਗਿਆ।

**ਲੰਡਨ-ਅਮਰੀਕਾ ਵਿੱਚ ਜਾਇਦਾਦਾਂ**

ਰਾਏ ਦੀ ਅਗਵਾਈ ਵਿੱਚ, ਸਹਾਰਾ ਨੇ ਕਈ ਕਾਰੋਬਾਰਾਂ ਵਿੱਚ ਵਿਸਤਾਰ ਕੀਤਾ। ਸਮੂਹ ਨੇ 1992 ਵਿੱਚ ਹਿੰਦੀ ਭਾਸ਼ਾ ਦਾ ਅਖਬਾਰ ਰਾਸ਼ਟਰੀ ਸਹਾਰਾ ਸ਼ੁਰੂ ਕੀਤਾ। 1990 ਦੇ ਦਹਾਕੇ ਦੇ ਅਖੀਰ ਵਿੱਚ ਪੁਣੇ ਦੇ ਨੇੜੇ ਅਭਿਲਾਸ਼ੀ ਐਂਬੀ ਵੈਲੀ ਸਿਟੀ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਅਤੇ ਸਹਾਰਾ ਟੀਵੀ ਦੇ ਨਾਲ ਟੈਲੀਵਿਜ਼ਨ ਸੈਕਟਰ ਵਿੱਚ ਦਾਖਲ ਹੋਇਆ, ਬਾਅਦ ਵਿੱਚ ਇਸਦਾ ਨਾਮ ਸਹਾਰਾ ਵਨ ਰੱਖਿਆ ਗਿਆ। 2000 ਦੇ ਦਹਾਕੇ ਵਿੱਚ, ਸਹਾਰਾ ਨੇ ਲੰਡਨ ਦੇ ਗ੍ਰੋਸਵੇਨਰ ਹਾਊਸ ਹੋਟਲ ਅਤੇ ਨਿਊਯਾਰਕ ਸਿਟੀ ਦੇ ਪਲਾਜ਼ਾ ਹੋਟਲ ਵਰਗੀਆਂ ਪ੍ਰਸਿੱਧ ਜਾਇਦਾਦਾਂ ਦੀ ਪ੍ਰਾਪਤੀ ਨਾਲ ਅੰਤਰਰਾਸ਼ਟਰੀ ਸੁਰਖੀਆਂ ਬਣਾਈਆਂ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com